# ਕੈਨੇਡਾ ਦਰਪਣ

ਦਸੰਬਰ 26, 1986

**December 26, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Out of Greater Vancouver 65¢

Second Class Mail Reg. No. 5991

# ਕੈਨੇਡਾ ਦਰਪਣ

WEEKENDING DECEMBER 26, 1986

VOL. 5 NO. 50

The Canada Darpan

Punjabi Weekly Newspaper

Ph. (604)581-4473

## ਪਾਕਿਸਤਾਨ 'ਚ ਦੰਗੇ ਭੜਕੇ — ਜ਼ਿਆ ਮਰਨੋਂ ਬਚਿਆ

# ਕਰਾਚੀ 'ਚ 200 ਹਲਾਕ

**ਕਰਾਚੀ — 17 ਦਸੰਬਰ : ਪਾਕਿਸਤਾਨ ਦੇ ਸ਼ਹਿਰ ਕਰਾਚੀ 'ਚ ਪਠਾਣਾਂ ਅਤੇ ਮੁਹਾਜ਼ਰੀਨਾਂ ਵਿਚਕਾਰ ਹੋਏ ਵੱਡੀ ਪੱਧਰ ਦੇ ਦੰਗਿਆਂ 'ਚ ਹੁਣ ਤੱਕ ਲੱਗਭਗ 200 ਵਿਅਕਤੀ ਮਾਰੇ ਗਏ ਹਨ। ਸ਼ਹਿਰ 'ਚ ਕਰਫਿਊ ਜਾਰੀ ਹੈ ਅਤੇ ਬਾਹਰ ਨਿਕਲਣ ਵਾਲੇ ਨੂੰ ਗੋਲੀ ਮਾਰਨ ਦਾ ਹੁਕਮ ਹੈ।**

ਕਰਾਚੀ 'ਚ ਫਿਰਕੂ ਫਸਾਦ ਉਦੋਂ ਸ਼ੁਰੂ ਹੋਏ ਜਦੋਂ ਪੁਲੀਸ ਨੇ ਨਸ਼ੀਲੀਆਂ ਦਵਾਈਆਂ ਦਾ ਵਪਾਰ ਕਰਨ ਵਾਲੇ ਪਠਾਣਾਂ ਦੇ ਘਰਾਂ 'ਤੇ ਛਾਪੇ ਮਾਰੇ। ਪਠਾਣਾਂ ਨੂੰ ਸ਼ੱਕ ਹੈ ਕਿ ਪੁਲੀਸ ਨੇ ਇਹ ਕਾਰਵਾਈ ਮੁਹਾਜ਼ਰੀਨਾਂ ਦੀ ਮੁਖ਼ਬਰੀ 'ਤੇ ਕੀਤੀ। ਦੋਨੋਂ ਫਿਰਕੇ ਇਕ ਦੂਜੇ 'ਤੇ ਹਿੰਸਕ ਹਮਲੇ ਕਰ ਰਹੇ ਹਨ ਅਤੇ ਘਰਾਂ ਨੂੰ ਅੱਗਾਂ ਲਾ ਰਹੇ ਹਨ।

4 ਦਿਨਾਂ ਦੀਆਂ ਘਟਨਾਵਾਂ 'ਚ ਮਰਨ ਵਾਲਿਆਂ ਦੀ ਗਿਣਤੀ 200 ਤੱਕ ਪੁੱਜ ਗਈ ਹੈ। ਵਧੇਰੇ ਹਿੰਸਕ ਘਟਨਾਵਾਂ ਕਰਾਚੀ ਦੇ ਔਰੰਗੀ ਖੇਤਰ 'ਚ ਹੋਈਆਂ। ਪਠਾਣਾਂ ਨੇ ਮੁਹਾਜ਼ਰੀਨਾਂ 'ਤੇ ਹਮਲੇ ਕੀਤੇ ਅਤੇ ਜਿਊਂਦਿਆਂ ਵਿਅਕਤੀਆਂ ਨੂੰ ਅੱਗ ਵਿਚ ਸੁੱਟ ਦਿੱਤਾ।

ਸ਼ਹਿਰ 'ਚ ਕਰਫਿਊ ਜਾਰੀ ਹੈ। ਫਸਾਦਾਂ ਦੇ ਦੂਜੇ ਦਿਨ ਪਠਾਣਾਂ ਨੇ ਕਰਫਿਊ ਦੀ ਪ੍ਰਵਾਹ ਕੀਤੇ ਵਗੈਰ ਮੁਹਾਜ਼ਰੀਨਾਂ 'ਤੇ ਹਮਲੇ ਕੀਤੇ। ਕਈ ਵਿਅਕਤੀ ਪੁਲੀਸ ਦੀ ਗੋਲੀ ਦਾ ਸ਼ਿਕਾਰ ਹੋ ਗਏ।

ਜਿਸ ਇਲਾਕੇ 'ਚ ਕਰਫਿਊ ਨਹੀਂ ਸੀ, ਉਥੇ ਮੁਹਾਜ਼ਰੀਨਾਂ ਨੇ ਪਠਾਣਾਂ ਦੀਆਂ ਦੁਕਾਨਾਂ ਅਤੇ ਘਰਾਂ ਨੂੰ ਅੱਗਾਂ ਲਾਈਆਂ। ਹਵਾਈ ਅੱਡੇ ਦੇ ਨੇੜੇ ਇਕ ਲੱਕੜੀ ਦੇ ਟਾਲ ਨੂੰ ਅੱਗ ਲਾ ਕੇ 6 ਪਠਾਣਾਂ ਨੂੰ ਵਿਚ ਸੁੱਟ ਦਿਤਾ ਗਿਆ। ਸਬਜ਼ੀ ਮੰਡੀ ਅਤੇ ਪੁਰਾਣੇ ਕਰਾਚੀ ਸ਼ਹਿਰ 'ਚ ਵੀ ਗੰਭੀਰ ਹਿੰਸਕ ਝੜਪਾਂ ਹੋਣ ਦੀ ਖਬਰ ਮਿਲੀ ਹੈ।

ਫੌਜ ਸ਼ਹਿਰ 'ਚ ਗਸ਼ਤ ਕਰ ਰਹੀ ਹੈ। ਰੇਲ ਗੱਡੀਆਂ ਦੀ ਆਵਾਜਾਈ ਠੱਪ ਹੈ। ਸਕੂਲ, ਕਾਲਜ 'ਤੇ ਬੰਦਰਗਾਹ ਬੰਦ ਹੈ।

ਦੰਗਿਆਂ ਦੇ ਤੀਜੇ ਦਿਨ ਪ੍ਰਧਾਨ ਮੰਤਰੀ ਜੁਨੇਜੋ ਕਰਾਚੀ ਪਹੁੰਚਿਆ ਅਤੇ ਪੀੜਤ ਪ੍ਰੀਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ। ਫੌਜੀ ਡਿਕਟੇਟਰ ਜ਼ਿਆ ਉਲ ਹੱਕ ਨੇ ਵੀ ਹਸਪਤਾਲ 'ਚ ਜਾ ਕੇ ਜ਼ਖਮੀਆਂ ਨੂੰ ਦੇਖਿਆ।

ਪਾਕਿਸਤਾਨ ਦੇ ਅਧਿਕਾਰੀਆਂ ਅਨੁਸਾਰ ਹਾਲਤ ਹੁਦ ਕੰਟਰੋਲ 'ਚ ਹੈ।

## ਜ਼ਿਆ ਨੂੰ ਗੋਲੀ ਲੱਗਣੋਂ ਬਚੀ

ਕਰਾਚੀ — ਕਰਾਚੀ ਦੇ ਦੰਗਿਆਂ ਦਾ ਜਾਇਜ਼ਾ ਲੈਣ ਗਏ ਪਾਕਿਸਤਾਨ ਦੇ ਪ੍ਰਧਾਨ ਜ਼ਿਆ-ਉਲ-ਹੱਕ ਦੇ ਨੇੜੇ ਗੋਲੀ ਚਲਣ ਦੀ ਖਬਰ ਮਿਲੀ ਹੈ।

ਪ੍ਰਧਾਨ ਜ਼ਿਆ-ਉਲ-ਹੱਕ ਹਸਪਤਾਲ 'ਚ ਜ਼ਖਮੀਆਂ ਦਾ ਹਾਲ ਚਾਲ ਪੁਛ ਰਿਹਾ ਸੀ ਕਿ ਕੋਲ ਖੜੇ ਇਕ ਪੁਲਸੀਏ ਕੋਲੋਂ ਅਚਾਨਕ ਗੋਲੀ ਚਲ ਗਈ। ਕਿਸੇ ਦੇ ਮਰਨ ਦੀ ਖਬਰ ਨਹੀਂ ਪਰ ਹਸਪਤਾਲ 'ਚ ਇਕ ਦਮ ਹਫੜਾ ਦਫੜੀ ਮੱਚ ਗਈ।

## ਅਤਿਵਾਦੀਆਂ ਹੱਥੋਂ 'ਅਤਿਵਾਦੀ' ਦਾ ਪ੍ਰੀਵਾਰ ਕਤਲ

ਅੰਮ੍ਰਿਤਸਰ - 16 ਦਸੰਬਰ — ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਬਾਲਬੱਗਾ 'ਚ ਅਜੀਤ ਸਿੰਘ ਨਾਂ ਦੇ ਇਕ ਕਥਿਤ ਅਤਿਵਾਦੀ ਦੇ ਪ੍ਰੀਵਾਰ ਦੇ 6 ਜੀਆਂ ਦੇ ਅਤਿਵਾਦੀਆਂ ਹੱਥੋਂ ਕਤਲ ਹੋਣ ਦੀ ਖਬਰ ਮਿਲੀ ਹੈ।

ਅਜੀਤ ਸਿੰਘ ਘਟਨਾ ਵੇਲੇ ਘਰ ਨਾ ਹੋਣ ਕਰਕੇ ਬਚ ਗਿਆ। ਖਬਰਾਂ ਅਨੁਸਾਰ ਅਜੀਤ ਸਿੰਘ ਨੂੰ ਕੁਝ ਸਮਾਂ ਪਹਿਲਾਂ ਅਤਿਵਾਦੀ ਕਾਰਵਾਈਆਂ 'ਚ ਹਿਸਾ ਲੈਣ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ ਪਰ ਹੁਣ ਉਹ ਜ਼ਮਾਨਤ 'ਤੇ ਆਇਆ ਹੋਇਆ ਹੈ।

ਪੁਲੀਸ ਸੂਤਰਾਂ ਅਨੁਸਾਰ 4 ਅਤਿਵਾਦੀ ਅਜੀਤ ਸਿੰਘ ਦੇ ਘਰ ਆਏ। ਉਹਦਾ ਪ੍ਰੀਵਾਰ ਉਸ ਵੇਲੇ ਟੈਲੀਵੀਜ਼ਨ ਦੇਖ ਰਿਹਾ ਸੀ। ਅਤਿਵਾਦੀਆਂ ਨੇ 3 ਬੱਚਿਆਂ ਸਮੇਤ ਛੇ ਜੀਆਂ ਨੂੰ ਗੋਲੀ ਮਾਰ ਕੇ ਕਤਲ ਕਰ ਦਿਤਾ ਅਤੇ ਫਰਾਰ ਹੋ ਗਏ।

ਹਮਲਾਵਰਾਂ ਨੂੰ ਸ਼ੱਕ ਸੀ ਕਿ ਅਜੀਤ ਸਿੰਘ ਹੁਣ ਪੁਲੀਸ ਦਾ ਮੁਖਬਰ ਬਣ ਗਿਆ ਹੈ ਅਤੇ ਉਨ੍ਹਾਂ ਦੇ ਦੋ ਸਾਥੀਆਂ ਨੂੰ ਉਸਨੇ ਪੁਲੀਸ ਦੇ ਹਵਾਲੇ ਕਰਵਾਇਆ ਸੀ।

## ਪੰਨਾ ਲਾਲ ਪਟੇਲ ਨੂੰ ਗਿਆਨ ਪੀਠ ਐਵਾਰਡ

ਨਵੀਂ ਦਿੱਲੀ — ਇਸ ਸਾਲ ਦਾ ਗਿਆਨਪੀਠ ਐਵਾਰਡ ਮਸ਼ਹੂਰ ਗੁਜਰਾਤੀ ਲੇਖਕ ਪੰਨਾ ਲਾਲ ਪਟੇਲ ਨੂੰ ਦਿੱਤਾ ਗਿਆ ਹੈ। 16 ਦਸੰਬਰ ਨੂੰ ਦਿੱਲੀ 'ਚ ਹੋਏ ਇਕ ਸਮਾਰੋਹ 'ਚ ਲੇਖਕ ਦੀ ਭਾਰਤੀ ਸਾਹਿਤ ਨੂੰ ਬਹੁਮੁੱਲੀ ਦੇਣ ਕਰਕੇ ਇਹ ਐਵਾਰਡ ਦਿਤਾ ਗਿਆ। ਸਮਾਰੋਹ ਦੀ ਪ੍ਰਧਾਨਗੀ ਸੁਪਰੀਮ ਕੋਰਟ ਦੇ ਜੱਜ ਭਾਰਗਵ ਨੇ ਕੀਤੀ।

ਇਸ ਐਵਾਰਡ ਵਿਚ ਇਕ ਲੱਖ ਰੁਪਏ ਨਕਦ ਦਿਤੇ ਜਾਂਦੇ ਹਨ।

## ਅਤਿਵਾਦੀ ਨੇਤਾ ਧੰਨਾ ਸਿੰਘ ਅਤੇ ਅਮਰੀਕ ਸਿੰਘ ਗ੍ਰਿਫਤਾਰ

ਅੰਮ੍ਰਿਤਸਰ — ਪੰਜ ਮੈਂਬਰੀ ਪੰਥਕ ਕਮੇਟੀ ਦੇ ਮੈਂਬਰ ਧੰਨਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਕ ਹੋਰ ਮਸ਼ਹੂਰ ਅਤਿਵਾਦੀ ਨੇਤਾ ਅਮਰੀਕ ਸਿੰਘ ਦੇ ਫੜੇ ਜਾਣ ਦੀ ਵੀ ਖਬਰ ਹੈ।

ਧੰਨਾ ਸਿੰਘ ਮਸ਼ਹੂਰ ਅਤਿਵਾਦੀ ਨੇਤਾ ਸੀ ਅਤੇ ਬੀਤੇ ਅਪਰੈਲ 'ਚ ਦਰਬਾਰ ਸਾਹਿਬ ਤੋਂ ਖਾਲਿਸਤਾਨ ਦਾ ਐਲਾਨ ਕਰ ਕੇ ਉਹ ਪੰਜ ਮੈਂਬਰੀ ਕਮੇਟੀ ਨਾਲ ਰੂਪੋਸ਼ ਹੋ ਗਿਆ ਸੀ।

ਪੰਜਾਬ ਪੁਲੀਸ ਅਨੁਸਾਰ ਧੰਨਾ ਸਿੰਘ ਨੂੰ ਪਾਕਿਸਤਾਨ ਤੋਂ ਵਾਪਸ ਆਉਂਦੇ ਸਮੇਂ ਫੜਿਆ ਗਿਆ। ਇਹ ਗ੍ਰਿਫਤਾਰੀ ਪੁਲੀਸ ਦੀ ਬਹੁਤ ਵੱਡੀ ਪ੍ਰਾਪਤੀ ਸਮਝੀ ਜਾ ਰਹੀ ਹੈ। ਪੁਲੀਸ ਨੂੰ ਉਮੀਦ ਹੈ ਕਿ ਇਸ ਨਾਲ ਕਈ ਅਤਿਵਾਦੀ ਨੇਤਾਵਾਂ ਬਾਰੇ ਸੂਹ ਮਿਲ ਜਾਵੇਗੀ ਅਤੇ ਉਹ ਗ੍ਰਿਫਤਾਰ ਕਰ ਲਏ ਜਾਣਗੇ।

ROYAL
FURNITURE

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

● ਲਿਵਿੰਗ ਰੂਮ ● ਡਾਇਨਿੰਗ ਰੂਮ ● ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



PAUL TOOR

Royal Furniture Ltd.

2607 Main St. (at 10th Ave.) Vancouver, B.C.

ROYAL - THE NAME FRIENDS RECOMMEND

# GILL AUTO SALES

DR #8220

# ਗਿੱਲ ਆਟੋ ਸੇਲਜ਼



ਪਹੁੰਚੋ



# ਕਾਰਾਂ, ਵੈਨਾਂ ਜਾਂ ਪਿਕ ਅੱਪ ਖ੍ਰੀਦੋ

**ਅਸੀਂ ਹਰ ਕਿਸਮ ਤੇ ਹਰ ਮੇਕ ਦੀ ਨਵੀਂ ਕਾਰ ਭੀ ਸਸਤੀ ਤੋਂ ਸਸਤੀ ਲੈ ਕੇ ਦੇ ਸਕਦੇ ਹਾਂ**

84 CUTLASS SUPREME BROUGHAM 2 DR — $10500

84 CHEV CELEBRITY AUTO PS PB A/C CRUISE, — $8495

83 CHEV CAVALIER 4 DR. AUTO PS PB — $5450

83 PONTIAC SUNBIRD 2 DR H/B 5 Spd. — $6250

83 - GRAND LEMANS AUTO PS PB A/C — $7450

82 CUTLAS SUPREME — $6250

83 PONTIAC GRAND PRIX BROUGHAM P/S P/B P/W P/L AIR COND. AM/FM CASSETTE - SPLIT SEAT CRUISE CONTROL - TILT STEERING 27000 KM only $8350

81 CADILLAC SEDAN SEVILLE 4 DR. LOADED — $9995

81 - MUSTANG GHIA — $4695

81 PONTIAC LEMAN — $4250

## Special This Week

1986 CHEV Caprice Classic 4 Dr. A/T P/S P/B P/L TS 6 Way AM FM Cassette - Cruise - Tilt Steering 19000 KM . Super Sale Price $13950

1985 CHEV CAPRICE CLASSIC 4 DR. A/T P/S P/B P/W P/L P/S TS 6 WAY AM FM CASSETTE - CRUISE - TILTS STEERING 29000 KM - $11900

ਫਾਈਨੈਂਨਸ ਦਾ ਪ੍ਰਬੰਧ ਕੀਤਾ ਜਾਵੇਗਾ (O.A.C.)

ਕਾਰਾਂ, ਵੈਨਾਂ, ਪਿਕਅੱਪ ਲੈਣ ਸਮੇਂ ਤੁਸੀਂ ਕੁਝ ਕੁ ਪੈਸੇ ਵੱਧ ਦੇ ਕੇ ਵਾਰੰਟੀ, ਐਕਸੀਡੈਂਟ ਅਤੇ ਸਿਕਨੈਸ ਇੰਨਸ਼ੋਰੈਂਸ ਵੀ ਖਰੀਦ ਸਕਦੇ ਹੋ !

## ਗਿੱਲ ਆਟੋ ਸੇਲਜ਼ 'ਤੇ ਪਹੁੰਚੋ

ਫੋਨ ਕਰੋ — ਪ੍ਰਲਾਦ ਗਿੱਲ — ਸੁਰਿੰਦਰ ਸਿੰਘ

432-7333





6138 Kingsway (Near Imperial), BURNABY, B.C.

**Phone 432-7333**

# ਬਰਨਾਲਾ ਸਰਕਾਰ ਟੁੱਟਣੋਂ ਬਚੀ

ਚੰਡੀਗੜ੍ਹ — 15 ਦਸੰਬਰ ਨੂੰ ਪੰਜਾਬ ਸਰਕਾਰ ਵਿਰੁੱਧ ਮਤੇ ਪੇਸ਼ ਨਾ ਹੋਣ ਸਕਣ ਕਰਕੇ, ਬਰਨਾਲਾ ਸਰਕਾਰ ਹਾਲ ਦੀ ਘੜੀ ਅਮਨ ਪ੍ਰੀਖਿਆ ਤੋਂ ਬਚ ਗਈ ਹੈ।

ਵਿਧਾਨ ਸਭਾ ਦਾ ਸ਼ੈਸਨ ਸ਼ੁਰੂ ਹੋਣ ਦੇ ਪਹਿਲੇ ਦਿਨ ਬਾਦਲ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨੇ ਸਰਕਾਰ ਵਿਰੁੱਧ ਬੇਭਰੋਸਗੀ ਦੇ ਵੱਖ ਵੱਖ ਮਤੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਮੈਂਬਰਾਂ ਦੀ ਗਿਣਤੀ ਪੂਰੀ ਨਾ ਹੋਣ ਕਰਕੇ ਇਹ ਮਤੇ ਪੇਸ਼ ਨਾ ਹੋ ਸਕੇ।

ਪਹਿਲਾ ਮਤਾ ਬਾਦਲ ਅਕਾਲੀ ਦਲ ਨੇ ਪੰਜਾਬ 'ਚ ਸਿੱਖਾਂ ਨਾਲ ਹੋ ਰਹੀਆਂ ਕਥਿਤ ਵਧੀਕੀਆਂ ਨੂੰ ਲੈ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਬਾਦਲ, ਸੁਖਜਿੰਦਰ ਸਿੰਘ ਅਤੇ ਕੁਲਦੀਪ ਸਿੰਘ ਵਡਾਲਾ ਦੀ ਜੇਲ੍ਹ ਵਿਚ ਹੋਣ ਕਰਕੇ ਮੈਂਬਰਾਂ ਦੀ ਗਿਣਤੀ ਘੱਟ ਸੀ ਅਤੇ ਵਿਰੋਧੀ ਧਿਰ ਦੇ ਕਿਸੇ ਮੈਂਬਰ ਨੇ ਵੀ ਹਮਾਇਤ ਨਾ ਕੀਤੀ। ਬਾਦਲ ਅਕਾਲੀ ਦਲ ਦੇ ਮੈਂਬਰ ਰੋਸ ਵਜੋਂ ਵਾਕ ਆਊਟ ਕਰ ਗਏ।

ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੇ ਵੀ ਵੱਖਰੇ ਤੌਰ 'ਤੇ ਬੇਭਰੋਸਗੀ ਦਾ ਮਤਾ ਦਾਖਲ ਕਰਨਾ ਚਾਹਿਆ, ਪਰ ਸਫਲ ਨਾ ਹੋ ਸਕੇ। ਕਾਂਗਰਸ ਦੀ ਮਦਦ ਨਾਲ ਬਰਨਾਲਾ ਸਰਕਾਰ 'ਤੇ ਆਇਆ ਸੰਕਟ ਟਲ ਗਿਆ ਹੈ।

# ਭਾਜਪਾ ਨੇਤਾ ਸਮੇਤ ਤਿੰਨ ਵਿਅਕਤੀ ਕਤਲ

ਅੰਮ੍ਰਿਤਸਰ — ਅੰਮ੍ਰਿਤਸਰ ਸ਼ਹਿਰ 'ਚ ਭਾਰਤੀ ਜਨਤਾ ਪਾਰਟੀ ਦੇ ਲੀਡਰ ਕੇਵਲ ਕ੍ਰਿਸ਼ਨ ਭਾਟੀਆ ਅਤੇ ਦੋ ਹੋਰ ਦੇ ਕਤਲ ਤੋਂ ਬਾਅਦ ਸਥਿਤੀ ਤਣਾਉ ਵਾਲੀ ਬਣੀ ਹੋਈ ਹੈ। ਅੰਮ੍ਰਿਤਸਰ ਦੇ ਕੁਝ ਹਿੱਸਿਆਂ 'ਚ ਕਰਫਿਊ ਅਜੇ ਜਾਰੀ ਹੈ।

ਕੇਵਲ ਕ੍ਰਿਸ਼ਨ ਭਾਟੀਆ ਪੇਸ਼ੇ ਵਜੋਂ ਡਾਕਟਰ ਸੀ। ਅਤਿਵਾਦੀ ਉਹਦੇ ਕਲੀਨਿਕ ਵਿਚ ਆਏ ਅਤੇ ਭਾਟੀਆ ਸਮੇਤ ਉਹਦੇ ਬਾਡੀਗਾਰਡ ਅਤੇ ਇਕ ਮਰੀਜ਼ ਨੂੰ ਗੋਲੀਆਂ ਮਾਰ ਕੇ ਫਰਾਰ ਹੋ ਗਏ।

ਕਤਲਾਂ ਦੀ ਖਬਰ ਫੈਲਣ ਨਾਲ ਸ਼ਹਿਰ 'ਚ ਦੰਗੇ ਸ਼ੁਰੂ ਹੋ ਗਏ। ਮੁਜ਼ਾਹਰਾ ਕਰ ਰਹੇ ਇਕ ਫਿਰਕੇ ਦੇ ਲੋਕਾਂ ਨੇ ਪੁਲੀਸ ਥਾਣੇ ਤੇ ਪਥਰਾਉ ਕੀਤਾ ਅਤੇ ਇਕ ਬੱਸ ਸਮੇਤ ਕਈ ਗੱਡੀਆਂ ਨੂੰ ਅੱਗ ਲਾ ਦਿੱਤੀ।

ਕੇਵਲ ਕ੍ਰਿਸ਼ਨ ਭਾਟੀਆ ਦੇ ਅੰਤਮ ਸੰਸਕਾਰ ਵੇਲੇ ਲਗਭਗ ਛੇ ਹਜ਼ਾਰ ਵਿਅਕਤੀਆਂ ਨੇ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਬਰਨਾਲਾ ਦੇ ਖਿਲਾਫ ਮੁਰਦਾਬਾਦ ਦੇ ਨਾਹਰੇ ਲਾਏ।

ਪੁਲੀਸ ਸੂਤਰਾਂ ਅਨੁਸਾਰ ਹਾਲਤ ਕੰਟਰੋਲ ਵਿਚ ਹੈ ਪਰ ਸ਼ਹਿਰ ਦੇ ਕੁਝ ਹਿੱਸਿਆਂ 'ਚੋਂ ਕਰਫਿਊ ਅਜੇ ਹਟਾਇਆ ਨਹੀਂ ਗਿਆ।

# ਈਰਾਨ ਨੂੰ ਹਥਿਆਰਾਂ ਦੀ ਸਪਲਾਈ 'ਚ ਦੋ ਕੈਨੇਡਾ ਵਾਸੀਆਂ ਦਾ ਵੀ ਹੱਥ

ਵਾਸ਼ਿੰਗਟਨ — ਸੀ. ਆਈ. ਏ. ਦੇ ਡਾਇਰੈਕਟਰ ਵਿਲੀਅਮ ਕੇਸੀ ਨੇ ਈਰਾਨ ਨੂੰ ਹਥਿਆਰਾਂ ਦੀ ਸਪਲਾਈ ਦੀ ਜਾਂਚ ਕਰ ਰਹੀ ਕਮੇਟੀ ਨੂੰ ਦੱਸਿਆ ਹੈ ਕਿ ਕੈਨੇਡੀਅਨਾਂ ਦੇ ਇਕ ਗਰੁੱਪ ਨੇ ਵੀ ਇਸ ਲਈ ਪੈਸਾ ਦਿੱਤਾ ਸੀ।

ਸੀ. ਆਈ. ਏ. ਦੇ ਮੁਖੀ ਨੇ ਕਿਹਾ ਕਿ ਇਹ ਉਦੋਂ ਪਤਾ ਲੱਗਾ ਜਦੋਂ ਨਿਊਯਾਰਕ ਦੇ ਇਕ ਵਪਾਰੀ ਨੇ ਉਸਨੂੰ ਦੱਸਿਆ ਕਿ ਪੈਸਾ ਲਾਉਣ ਵਾਲੇ ਕਨੇਡੀਅਨਾਂ ਨੇ ਕੇਸ ਕਰਨ ਦੀ ਧਮਕੀ ਦਿੱਤੀ ਹੈ। ਕਿਉਂਕਿ ਉਨ੍ਹਾਂ ਨੂੰ ਇਸ ਵਿਚੋਂ ਬਹੁਤਾ ਲਾਭ ਨਹੀਂ ਹੋਇਆ।

ਕੇਸੀ ਨੇ ਬਦੇਸ਼ੀ ਮਾਮਲਿਆਂ ਦੀ ਕਮੇਟੀ ਨੂੰ ਦੱਸਿਆ ਕਿ ਕੈਨੇਡੀਅਨਾਂ ਨੇ 20 ਮਿਲੀਅਨ ਡਾਲਰ ਲਾਏ ਪਰ ਉਨ੍ਹਾਂ ਨੂੰ 10 ਮਿਲੀਅਨ ਡਾਲਰ ਹੀ ਵਾਪਸ ਮੁੜੇ।

ਸੂਤਰਾਂ ਅਨੁਸਾਰ ਕੇਸੀ ਨੇ ਕਿਹਾ ਕਿ ਉਹਨੂੰ ਵਪਾਰੀ ਤੋਂ ਇਹ ਵੀ ਪਤਾ ਲੱਗਾ ਕਿ ਹੋ ਸਕਦਾ ਹੈ ਇਹ ਪੈਸਾ ਦੱਖਣੀ ਅਮਰੀਕਾ ਭੇਜ ਦਿਤਾ ਗਿਆ ਹੋਵੇ।

ਕੇਸੀ ਨੇ ਹੋਰ ਕਿਹਾ ਕਿ ਸੀ. ਆਈ. ਏ. ਨੇ ਜਾਂਚ ਕੀਤੀ ਅਤੇ ਵਾਈਸ ਅਡਮਿਰਲ ਜੌਹਨ ਪੋਨਡਿਕਸਟਰ ਨੂੰ ਸੂਚਿਤ ਕੀਤਾ ਜੋ ਕਿ ਉਦੋਂ ਪ੍ਰਧਾਨ ਰੀਗਨ ਦਾ ਸੁਰੱਖਿਆ ਸਲਾਹਕਾਰ ਸੀ।

# ਵੀਅਤਨਾਮ ਦੇ ਤਿੰਨ ਲੀਡਰ ਮੁਸਤਫੀ

ਲੰਡਨ — ਕਮਿਊਨਿਸਟ ਪਾਰਟੀ ਕਾਂਗਰਸ ਵਲੋਂ ਭਾਰੀ ਅਲੋਚਨਾ ਦੇ ਬਾਅਦ ਵੀਅਤਨਾਮ ਦੇ ਤਿੰਨ ਵੱਡੇ ਲੀਡਰਾਂ ਨੇ ਅਸਤੀਫਾ ਦੇ ਦਿੱਤਾ ਹੈ।

ਅਸਤੀਫਾ ਦੇਣ ਵਾਲਿਆਂ ਵਿਚ ਪਾਰਟੀ ਸਕਰੇਟਰੀ ਜਨਰਲ ਤਰੁੰਮ ਚਿੰਨ, ਪ੍ਰੀਮੀਅਰ ਫਾਮਵੇਨ ਡੋਂਗ ਅਤੇ ਪੋਲਿਟ ਬਿਊਰੋ ਮੈਂਬਰ ਲੀ ਡੁਕ ਥੋ ਸ਼ਾਮਲ ਹਨ। ਇਨ੍ਹਾਂ ਨੇਤਾਵਾਂ ਨੇ ਲਗਭਗ ਪੰਜ ਦਹਾਕੇ ਵੀਅਤਨਾਮ ਦੀ ਜੰਗ ਅਤੇ ਇਨਕਲਾਬ ਸਮੇਂ ਦੇਸ਼ ਦੀ ਸੇਵਾ ਕੀਤੀ। ਨਵੇਂ ਲੀਡਰਾਂ ਦਾ ਅਜੇ ਐਲਾਨ ਨਹੀਂ ਕੀਤਾ ਗਿਆ।

ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473

# ਕਸ਼ਮੀਰ ਮੋਰਚੇ ਦੇ ਨੇਤਾ ਨੂੰ ਵਲੈਤੋਂ ਕੱਢਿਆ

ਲੰਡਨ — ਬ੍ਰਿਟੇਨ 'ਚ ਕਸ਼ਮੀਰ ਮੁਕਤੀ ਮੋਰਚੇ ਦੇ ਇਕ ਨੇਤਾ ਅਮਾਨ-ਉਲਾ-ਖਾਂ ਨੂੰ 14 ਮਹੀਨੇ ਕੈਦ ਰੱਖਣ ਤੋਂ ਬਾਅਦ ਵਾਪਸ ਪਾਕਿਸਤਾਨ ਭੇਜ ਦਿਤਾ ਗਿਆ ਹੈ।

ਅਮਾਨ-ਉਲਾ-ਖਾਂ ਪਾਕਿਸਤਾਨੀ ਨਾਗਰਿਕ ਹੈ ਅਤੇ ਉਸਨੂੰ ਪਿਛਲੇ ਸਾਲ ਵਿਸਫੋਟਾਂ ਦੇ ਇਕ ਕੇਸ 'ਚ ਫੜਿਆ ਗਿਆ ਸੀ। ਇਸ ਸਾਲ ਦੇ ਸ਼ੁਰੂ 'ਚ ਮੁਕੱਦਮੇ ਚੱਲਣ 'ਤੇ ਉਹਨੂੰ ਬਰੀ ਕਰ ਦਿੱਤਾ ਗਿਆ ਪਰ ਅਦਾਲਤ 'ਚੋਂ ਬਾਹਰ ਨਿਕਲਦੇ ਹੀ ਫਿਰ ਗ੍ਰਿਫਤਾਰ ਕਰ ਲਿਆ ਗਿਆ ਸੀ।

ਬ੍ਰਿਟੇਨ ਦੀ ਪਾਰਲੀਮੈਂਟ ਦੇ ਕੁਝ ਮੈਂਬਰਾਂ ਅਤੇ ਹੋਰ ਰਾਜਸੀ ਗਰੁੱਪਾਂ ਨੇ ਗ੍ਰਹਿ ਮੰਤਰੀ ਨੂੰ ਅਪੀਲ ਕੀਤੀ ਸੀ ਕਿ ਉਹਨੂੰ ਬਾਹਰ ਨਾ ਭੇਜਿਆ ਜਾਵੇ। ਬ੍ਰਿਟੇਨ ਸਰਕਾਰ ਨੇ ਇਨ੍ਹਾਂ ਅਪੀਲਾਂ ਨੂੰ ਅਣਗੌਲਿਆ ਕਰਕੇ ਖਾਂ ਨੂੰ ਵਾਪਸ ਪਾਕਿਸਤਾਨ ਤੋਰ ਦਿਤਾ।

# ਬੰਗਲਾ ਦੇਸ਼ ਦੀ 15ਵੀਂ ਵਰ੍ਹੇ ਗੰਢ

ਢਾਕਾ — ਬੰਗਲਾ ਦੇਸ਼ ਇਸ ਮਹੀਨੇ ਆਪਣੀ ਆਜ਼ਾਦੀ ਦੀ 15ਵੀਂ ਵਰ੍ਹੇ ਗੰਢ ਮਨਾ ਰਿਹਾ ਹੈ। ਢਾਕਾ ਅਤੇ ਦੂਸਰੇ ਸ਼ਹਿਰਾਂ 'ਚ ਕਈ ਸਮਾਰੋਹ ਹੋ ਰਹੇ ਹਨ।

ਆਜ਼ਾਦੀ ਦੀ 15ਵੀਂ ਵਰ੍ਹੇ ਗੰਢ ਦੇ ਮੌਕੇ 'ਤੇ ਕਈ ਰਿਆਇਤਾਂ ਦਾ ਐਲਾਨ ਕੀਤਾ ਗਿਆ ਹੈ। ਢਾਈ ਹਜ਼ਾਰ ਕੈਦੀਆਂ ਨੂੰ ਆਮ ਮੁਆਫੀ ਦਿੱਤੀ ਗਈ ਹੈ। 200 ਕੈਦੀ ਰਿਹਾ ਕਰ ਦਿਤੇ ਗਏ ਹਨ।

# ਰਾਜ ਭਰ 'ਚ ਚੌਕਸੀ ਦੇ ਹੁਕਮ

ਹੁਸ਼ਿਆਰਪੁਰ — ਪੰਜਾਬ ਸਰਕਾਰ ਨੇ ਸਾਰੇ ਜ਼ਿਲਾ ਹੈਡ ਕੁਆਟਰਾਂ ਤੇ ਪੁਲਸ ਨੂੰ ਚੌਕਸ ਰਹਿਣ ਦਾ ਹੁਕਮ ਦਿਤਾ ਹੈ। ਅਜਿਹਾ ਇਕ ਸੰਸਥਾ ਵਲੋਂ ਆਪਦੇ ਕਾਰਕੁਨਾਂ ਨੂੰ 'ਕੁਝ ਕਰੋ' ਦੇ ਭੇਜੇ ਗੁਪਤ ਸੁਨੇਹੇ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ। ਖੁਫੀਆ ਵਿਭਾਗ ਨੂੰ ਸੂਹ ਮਿਲੀ ਸੀ ਕਿ ਪੰਜਾਬ ਦੇ ਜੁਝਾਰੂ ਨੌਜਵਾਨਾਂ ਦੀ ਇਕ ਜਥੇਬੰਦੀ ਸਮੂਹਕ ਤੌਰ ਤੇ 34 ਰੇਲਵੇ ਸਟੇਸ਼ਨਾਂ ਨੂੰ ਅੱਗ ਲਾਉਣ ਵਰਗੀ ਕੋਈ ਹੋਰ ਵਾਰਦਾਤ ਕਰ ਸਕਦੀ ਹੈ। ਇਸ ਸਬੰਧੀ ਜ਼ਿਲਾ ਪੁਲਸ ਮੁਖੀਆਂ ਨੂੰ ਜ਼ਰੂਰੀ ਹਦਾਇਤਾਂ ਦੇ ਦਿੱਤੀਆਂ ਗਈਆਂ ਹਨ।

## ਅੰਗਰੇਜ਼ੀ ਬੋਲਣਾ ਸਿੱਖੋ

ਅੰਗਰੇਜ਼ੀ ਦੀਆਂ ਕਲਾਸਾਂ ਫਿਰ ਦੁਬਾਰਾ ਸ਼ੁਰੂ ਹੋ ਰਹੀਆਂ ਹਨ। ਲਿਟਲ ਮਾਊਂਟੇਨ ਨੇਬਰਹੁਡ ਹਾਊਸ ਵਿਚ ਜਨਵਰੀ ਦੀ 12 ਤਾਰੀਕ ਤੋਂ ਲੈ ਕੇ ਮਾਰਚ ਦੀ 23 ਤਾਰੀਕ ਤੱਕ। ਇਹ ਕੋਰਸ ਵੈਨਕੂਵਰ ਕਮਿਊਨਿਟੀ ਕਾਲਜ ਕਿੰਗ ਐਡਵਰਡ ਕੈਂਪਸ ਵਲੋਂ ਕੋ ਸਪੌਂਸਰ ਕੀਤਾ ਜਾ ਰਿਹਾ ਹੈ ਅਤੇ ਇਸ ਦੀਆਂ ਕਲਾਸਾਂ ਹਰ ਸੋਮਵਾਰ ਅਤੇ ਬੁੱਧਵਾਰ ਨੂੰ ਸਵੇਰ ਦੇ 9:30 ਵਜੇ ਤੋਂ ਲੈ ਕੇ ਦੁਪਹਿਰ ਦੇ 12 ਵਜੇ ਤੱਕ ਹੋਇਆ ਕਰਨਗੀਆਂ।

ਪਤਾ : ਲਿਟਲ ਮਾਊਂਟੇਨ ਨੇਬਰਹੁਡ ਹਾਊਸ — 3981 ਮੇਨ ਸਟਰੀਟ, ਵੈਨਕੂਵਰ, ਬੀ. ਸੀ.

ਫੀਸ : 41 ਡਾਲਰ 25 ਸੈਂਟ (ਸਭ ਖਰਚੇ ਸਮੇਤ) ਬਜ਼ੁਰਗਾਂ ਅਤੇ ਵਾਸਤੇ ਮੁਫਤ।

ਹੋਰ ਜਾਣਕਾਰੀ ਲਈ ਬਾਰਬਰਾ ਜਾਂ ਅਫਸਨੇਹ ਨੂੰ 879-7104 ਤੇ ਫੂਨ ਕਰੋ। ਜਾਂ ਸਿੱਧੇ ਹੀ ਆ ਕੇ ਅਧਿਆਪਕ ਪਾਸ ਨਾਮ ਦਰਜ ਕਰਵਾਓ।

ਸੁਪਰ ਫੋਟੋ ਸਟੂਡੀਓ
Passport Photos 5 Mins. Service
Quality Portraits
Our Bussiness Weddings

Super Photo Studio
9375 - 120th St. (Scott Rd.) Delta
Memories Restored
ਅਸੀਂ ਪੁਰਾਣੀਆਂ ਫਟੀਆਂ ਫੋਟੋਆਂ ਮੁੜ ਨਵੀਆਂ ਕਰਦੇ ਹਾਂ — ਬਲੈਕ ਐਂਡ ਵ੍ਹਾਈਟ ਫੋਟੋਆਂ ਕੱਲਰ ਕੀਤੀਆਂ ਜਾਂਦੀਆਂ ਹਨ
Off. 589-4668
Res. 596-3770

DOSANJH & PIRANI
#202 - 5887 Victoria Drive, Vancouver, B.C. V5P 3W5
Phone 327-6381
• ਪਰਸਨਲ ਸੱਟਾਂ ਦੀ ਇਨਸ਼ੋਰੈਂਸ ਦੇ ਕੇਸ • ਜ਼ਮੀਨ ਖ਼੍ਰੀਦਣ ਤੇ ਵੇਚਣ ਦੇ ਕਾਗਜ਼ਾਤ
• ਵਿਉਪਾਰਕ ਮਸਲੇ • ਪ੍ਰਵਾਰ ਤੇ ਤਲਾਕ • ਫੌਜਦਾਰੀ ਤੇ ਸਿਵਲ • ਕੋਰਟ ਟਰਾਇਲ
ਉੱਜਲ ਦੁਸਾਂਝ ਤੇ ਮਹਿਬੂਬ ਪਿਰਾਨੀ

THE CANADA DARPAN
(Punjabi Weekly Newspaper)
P.O.BOX 265
Surrey, B.C. V3T 4W8
Chief Editor: (Hon.) DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ। ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
Ph. 581-4473

# ਪੰਜਾਬ ਦੁਖਾਂਤ : ਆਦਮੀ ਬਲਦੀ ਦੇ ਬੁੱਥੇ

ਹਰਭਜਨ ਸਿੰਘ ਕੋਮਲ

ਪੰਜਾਬ ਇਕ ਵਾਰੀ ਫਿਰ ਤਿਲ ਤਿਲ ਪੀੜਿਆ ਜਾਣ ਲੱਗਾ ਏ। ਇਸ ਦੇ ਫਿਰ ਬੰਦ ਬੰਦ ਕੱਟੇ ਜਾਣ ਦੀ ਗੱਲ ਹੋਣ ਲੱਗੀ ਏ। ਫਿਰਕਾਪ੍ਰਸਤੀ ਦੇ ਇਸ ਲੰਮੇ ਦੰਗਲਮਈ ਸੰਘਰਸ਼ ਵਿਚ ਅਤੇ ਪੰਜਾਬ ਦੇ ਮੌਜੂਦਾ ਹੱਦ ਨੂੰ ਪੁੱਜੇ ਦੁਖਾਂਤ ਵਿਚ ਜਨਸੰਘ ( ਹੁਣ ਬੀ.ਜੇ.ਪੀ. ਦੇ ਬੁਰਕੇ ਹੇਠ) ਅਤੇ ਉਸ ਥੱਲੇ ਕੰਮ ਕਰਦੀਆਂ ਜਥੇਬੰਦੀਆਂ ਦਾ ਹਿੱਸਾ ਅਕਾਲੀਆਂ ਨਾਲੋਂ ਵਧ ਰਿਹਾ ਏ, ਘੱਟ ਨਹੀਂ !

## ਵਿਸ਼ਵਾਸ

ਜਿਉਂ ਜਿਉਂ ਧਰਮਾਂ ਵਿਚ ਲੋਕਾਂ ਦਾ ਵਿਸ਼ਵਾਸ ਪਤਲਾ ਪੈਣਾ ਸ਼ੁਰੂ ਹੋਇਆ, ਅਤੇ ਧਰਮ ਦੀਆਂ ਨੀਹਾਂ ਕਮਜ਼ੋਰ ਹੋਣੀਆਂ ਸ਼ੁਰੂ ਹੋਈਆਂ, ਤਿਉਂ ਤਿਉਂ ਧਰਮਾਂ ਦੇ ਆਗੂ ਛਿਥੇ ਪੈਂਦੇ ਚਲੇ ਗਏ। ਉਨ੍ਹਾਂ ਉਹ ਹਰ ਤਰੀਕਾ ਵਰਤਣਾ ਸ਼ੁਰੂ ਕੀਤਾ ਜਿਸ ਨਾਲ ਲੋਕਾਂ ਉਤੇ ਧਰਮਾਂ ਦਾ ਜੱਫਾ ਮਜਬੂਤ ਤੋਂ ਮਜਬੂਤ ਹੁੰਦਾ ਚਲਾ ਜਾਏ। ਧਰਮਾਂ ਦੇ ਮੁੱਢਲੇ ਸਿਧਾਂਤਾਂ ਨੂੰ ਸਖਤੀ ਨਾਲ ਲਾਗੂ ਕਰਨਾ, ਦੂਜੇ ਧਰਮ ਤੋਂ ਆਪਣੇ ਧਰਮ ਨੂੰ ਪੈਦਾ ਹੋ ਰਹੇ ਅਖੌਤੀ ਖਤਰੇ ਦੀ ਘੰਟੀ ਵਜਾ ਦੇਣਾ। ਇਹ ਅਖੌਤੀ ਧਾਰਮਿਕ ਪੁਨਰ-ਜਾਗਰਤੀ ਅਤੇ ਪੁਨਰ-ਸਥਾਪਤੀ ਦੀ ਕੋਸ਼ਿਸ਼ ਵੀ ਇਸ ਦੁਖਾਂਤ ਦੇ ਵਿਸਥਾਰ ਦਾ ਕਾਰਨ ਬਣੀ ਏ।

ਕੇਂਦਰੀ ਪ੍ਰਭੂਆਂ ਦੀ ਸੋਚ ਵਧੇਰੇ ਦੂਰ ਦੀ ਸੋਚ ਸੀ। ਸਿੱਖ ਬਹੁ-ਗਿਣਤੀ ਦੇ ਖਿਲਾਫ, ਹਿੰਦੂ ਬਹੁ-ਗਿਣਤੀ ਨੂੰ ਜਿੱਤਿਆ ਜਾਵੇ! ਜਿਵੇਂ ਜੰਮੂ-ਕਸ਼ਮੀਰ ਵਿਚ ਮੁਸਲਿਮ ਬਹੁ-ਗਿਣਤੀ ਵਿਰੁਧ ਹਿੰਦੂ ਬਹੁ-ਗਿਣਤੀ ਨੂੰ ਜਿੱਤਣ ਦੀ ਕੋਸ਼ਿਸ ਕੀਤੀ ਸੀ। ਧਰਮ ਨਿਰਪੇਖਤਾ, ਦਾ ਬੁਰਕਾ ਵੀ ਪਾਈ ਰਖਿਆ ਜਾਏ ਅਤੇ ਲੋੜ ਅਨੁਸਾਰ ਧਰਮ ਨੂੰ ਪੁੱਠੇ ਵੀ ਪਾਏ ਜਾਣ।

ਇਸੇ ਤਰ੍ਹਾਂ ਦੂਜੇ ਪਾਸੇ ਵੀ ਹੁੰਦਾ ਰਿਹਾ ਏ। ਰਾਜਨੀਤਕ ਤੇ ਸਮਾਜਕ ਮੰਗਾਂ। ਤੇ ਕਹਿਣਾ ਕਿ ਇਹ ਧਰਮ-ਯੁੱਧ ਏ। ਪੰਥ ਖਤਰੇ ਵਿਚ ਏ ਪਤਾ ਨਹੀਂ ਕਿੰਨਾਂ ਕੁਝ ਹੋਰ।

ਇਹ ਸਾਰੇ ਕੁਝ ਵਿਚ ਇਕ ਤਬਕਾ ਉਹ ਏ ਜਿਸ ਨੂੰ ਪਹਿਲਾਂ ਕਾਂਗਰਸ, ਅਕਾਲੀ ਅਤੇ ਹਿੰਦੂ ਫਿਰਕਾਪ੍ਰਸਤੀ ਵਰਤਦੀ ਰਹੀ ਏ। ਹੁਣ ਉਹ ਇਨ੍ਹਾਂ ਦੇ ਹੱਥੋਂ ਨਿਕਲ ਵਿਦੇਸ਼ੀ ਹੱਥਾਂ ਉਤੇ ਚੜ੍ਹ ਗਿਆ ਏ। ਉਹ ਤਬਕਾ ਏ ਉਨ੍ਹਾਂ ਲੋਕਾਂ ਦਾ, ਖਾਸ ਕਰ ਕੇ ਉਨ੍ਹਾਂ ਨੌਜਵਾਨਾਂ ਦਾ, ਜਿਸ ਨੂੰ ਸਰਮਾਏ ਦੀ ਕਾਣੀ ਵੰਡ ਨੇ ਹਰ ਥਾਂ ਅਣਸਮਾਜੀ ਬਣਾਇਆ ਏ। ਜਿਸ ਨੂੰ ਸੂਝਵਾਨ ਸ਼ਕਤੀਆਂ ਵੀ ਸਮਾਜ ਦੇ ਨਿਰਮਾਣ ਲਈ ਜਥੇਬੰਦ ਨਹੀਂ ਕਰ ਸਕੀਆਂ। ਉਹ ਤਬਕਾ ਅਜਿਹਾ ਏ ਜਿਹੜਾ ਤੱਟ ਫੱਟ ਅਸਰ ਕਬੂਲਦਾ ਏ ਭਾਵੇਂ ਧਰਮ ਦੇ ਟੋਟੇ ਚਾੜ੍ਹ ਲਉ, ਭਾਵੇਂ ਰਾਜਨੀਤਕ ਮਜਮੇ ਜੋੜ ਲਉ ਤੇ ਭਾਵੇਂ ਕੁਝ ਹੋਰ। ਜੋ ਕੁਝ ਹੁਣ ਹੋ ਰਿਹਾ ਏ, ਇਹ ਤਬਕਾ ਉਹਦੀ ਰੀੜ੍ਹ ਦੀ ਹੱਡੀ ਏ। ਇਹਦੀ ਵਾਗ, ਜੋ ਪਹਿਲਾਂ ਕੁਝ ਹੱਦ ਤੱਕ ਦੇਸ਼ ਵਿਚ ਸੀ, ਹੁਣ ਨਿਰੋਲ ਤੌਰ 'ਤੇ ਦੇਸ਼ੋਂ ਬਾਹਰ ਏ। ਫਿਰ ਸੁਆਲ ਏ ਕਿ ਇਹ ਆਸਾਮ ਅਤੇ ਪੰਜਾਬ ਵਿਚ ਹੀ ਕਿਉਂ ਬਹੁਤਾ ਮੱਚਿਆ ਏ। ਜੁਆਬ ਏ ਕਿ ਇਹ ਸਰਹੱਦੀ ਪ੍ਰਦੇਸ਼ ਨੇ ਅਤੇ ਬਾਹਰੀ ਸ਼ਹਿ ਵੇ।

ਪੰਜਾਬ ਦੇ ਦੁਖਾਂਤ ਦਾ ਇਕ ਪਹਿਲੂ ਸੰਸਾਰ ਸਾਮਰਾਜ ਏ। ਸਾਮਰਾਜ ਵੱਖ ਵੱਖ ਸ਼ਕਲਾਂ ਵਿਚ ਕਦੀ ਨਾ ਕਦੀ, ਲਗਭਗ ਸਾਰੀ ਦੁਨੀਆਂ ਉਤੇ ਕਾਬਜ਼ ਰਿਹਾ ਏ। ਉਸ ਦੇ ਖਿਲਾਫ ਹਰ ਥਾਂ ਲੋਕਾਂ ਦੇ ਸੁਤੰਤਰਤਾ ਸੰਗਰਾਮ ਚਲੇ ਨੇ ਅਤੇ ਇਕ ਅੱਧ ਦੇਸ਼ ਨੂੰ ਛੱਡ ਕੇ ਸਾਮਰਾਜ ਨੂੰ ਹਰ ਥਾਂ ਤੋਂ ਬਿਸਤਰਾ ਵਲ੍ਹੇਟਣਾ ਪਿਆ ਏ। ਪਰ ਬਿਸਤਰਾ ਵਲ੍ਹੇਟਣ ਲੱਗਿਆਂ ਉਸ ਨੇ ਬਹੁਤੀ ਥਾਈਂ ਕਾਮਯਾਬੀ ਨਾਲ ਇਹ ਯਤਨ ਕੀਤਾ ਏ ਕਿ ਕਿਸੇ ਤਰ੍ਹਾਂ ਹਰ ਦੇਸ਼ ਵਿਚ ਉਹਦਾ ਕੋਈ ਨਾ ਕੋਈ ਟਿਕਾਣਾ ਬਣਿਆ ਰਹੇ। ਆਪਣੀਆਂ ਚਾਲਾਂ ਨਾਲ ਤੇ ਆਜ਼ਾਦੀ ਘੋਲਾਂ ਵਿਚ ਫੁਟ ਪਵਾ ਕੇ, ਵੱਧ ਤੋਂ ਵੱਧ ਦੇਸ਼ਾਂ ਵਿਚ ਉਸ ਅਜਿਹੇ ਖੇਤਰ ਕਾਇਮ ਕੀਤੇ ਨੇ, ਜਿਥੋਂ ਦੀ ਹਕੂਮਤ ਉਹਦੀ ਮਰਜ਼ੀ ਦੀ ਅਤੇ ਉਹਦੇ ਇਸ਼ਾਰਿਆਂ 'ਤੇ ਚੱਲਣ ਵਾਲੀ ਹੋਵੇ, ਤਾਂ ਜੋ ਆਜ਼ਾਦ ਹੋਏ ਦੇਸ਼ਾਂ ਦੇ ਵਿਕਾਸ ਨੂੰ ਰੋਕਣ, ਉਨ੍ਹਾਂ ਨੂੰ ਆਪਣੀ ਮਰਜ਼ੀ ਨਾਲ ਚਲਾਣ, ਤੇ ਜੇ ਨਾ ਚਲਣ ਤਾਂ ਉਨ੍ਹਾਂ ਦੇਸ਼ਾਂ ਵਿਚ ਅਸਥਿਰਤਾ ਪੈਦਾ ਕਰਨ ਅਤੇ ਫਲਸਰੂਪ ਉਨ੍ਹਾਂ ਨੂੰ ਤੋੜਨ ਲਈ, ਉਪਰੋਕਤ ਖੇਤਰਾਂ 'ਚੋਂ ਸਰਗਰਮੀਆਂ ਕੀਤੀਆਂ ਜਾ ਸਕਣ। ਭਾਰਤ ਵਿਚੋਂ ਕੱਟ ਕੇ ਬਣਾਇਆ ਹੋਇਆ ਪਾਕਿਸਤਾਨ ਇਕ ਅਜਿਹਾ ਹੀ ਖੇਤਰ ਏ।

## ਲਹਿਰ

ਪਾਕਿਸਤਾਨ 1971 ਦਾ ਬਦਲਾ ਵੀ ਲੈਣਾ ਚਾਹੁੰਦਾ ਏ। ਉਹ ਚਾਹੁੰਦਾ ਏ ਕਿ ਪੰਜਾਬ ਭਾਰਤ ਨਾਲੋਂ ਟੁੱਟ ਜਾਏ। ਜਿਵੇਂ ਪਾਕਿਸਤਾਨ ਨਾਲੋਂ ਬੰਗਲਾ ਦੇਸ਼ ਟੁੱਟਿਆ ਸੀ। ਤੇ ਪੰਜਾਬ ਦੇ ਉਪਰੋਕਤ ਤਬਕੇ ਨੂੰ ਉਸ ਹੱਥੇ ਚਾੜ੍ਹ ਲਿਆ ਏ। (ਇਹ ਗੱਲ ਹੁਣ ਅਕਾਲੀ ਵੀ ਮੰਨਦੇ ਨੇ) ਸੱਚੀ ਗੱਲ ਤਾਂ ਇਹ ਕਿ ਪੰਜਾਬ ਵਿਚ ਅਜੋਕੀ ਉਥਲ ਪੁਥਲ, ਕਤਲਾਂ ਅਤੇ ਬਰਬਾਦੀਆਂ ਦੀ ਇਕ ਤਕੜੀ ਲਹਿਰ, ਪਾਕਿਸਤਾਨ ਅਤੇ ਸਾਮਰਾਜ ਦੀ ਸਹਾਇਤਾ ਅਤੇ ਇਸ਼ਾਰਿਆਂ ਨਾਲ ਹੀ ਚਲ ਰਹੀ ਏ।

ਪਿਛਲੇ ਚਾਰ ਸਾਲਾਂ ਵਿਚ, ਹਰ ਹੀਲਾ ਕੀਤਾ ਏ ਸਾਮਰਾਜੀ ਕੈਂਪਾਂ ਨੇ ਕਿ ਇਥੇ ਫਿਰਕੂ ਦੰਗੇ ਭੜਕ ਪੈਣ। ਪਰ ਪੰਜਾਬੀਆਂ ਦੀ ਸਮਾਜਕ ਬਣਤਰ ਅਤੇ ਆਮ ਲੋਕਾਂ ਦੇ ਇਸ ਸ਼ਰਾਰਤ ਵਿਚ ਆਉਣ ਤੋਂ ਇਨਕਾਰ ਨੇ, ਉਹਦੀ ਦਾਲ ਨਹੀਂ ਗਲਣ ਦਿੱਤੀ। ਇਸ ਗੱਲ ਲਈ ਪੰਜਾਬੀ ਸ਼ਾਬਾਸ਼ ਦੇ ਹੱਕਦਾਰ ਨੇ। ਪਰ ਸਾਮਰਾਜ ਦੀ ਲੰਮੀ ਜਦੋ-ਜਹਿਦ ਕਾਰਨ ਅਤੇ ਪੰਜਾਬ ਵਿਚ ਸਿਖ ਅਤੇ ਹਿੰਦੂ ਫਿਰਕਿਆਂ 'ਚੋਂ ਕੁਝ ਵਿਕੇ ਹੋਏ ਲੋਕਾਂ ਦੀ ਮਿਲੀਭੁਗਤ ਕਾਰਨ, ਹੁਣ ਸਥਿਤੀ ਹੱਥੋਂ ਨਿਕਲੀ ਜਾ ਰਹੀ ਏ।

## ਹਵਸ

ਸੱਤਾ ਦੀ ਹਵਸ ਨੇ ਪੰਜਾਬ ਦੀ ਸਮੱਸਿਆ ਖੜ੍ਹੀ ਕਰਕੇ ਤੇ ਇਹਨੂੰ ਜਾਣ ਬੁੱਝ ਕੇ ਲਮਕਾ ਕੇ ਪੰਜਾਬ ਦੀ ਜਿਹੜੀ ਹਾਲਤ ਕੀਤੀ ਏ, ਉਹ ਸ਼ਾਇਦ ਲੰਮੇ ਉਸਾਰੂ ਸੰਘਰਸ਼ ਨਾਲ ਸੌਰ ਜਾਏ। ਪਰ ਫਿਰਕੂ ਪਾੜਾ ਵਧਣੋਂ ਰੋਕਣ ਤੋਂ ਢਿੱਲ-ਮੱਠ ਕਰਕੇ, ਪੰਜਾਬ ਨੂੰ ਜਿਹੜਾ ਉਹ ਨੁਕਸਾਨ ਪੁਚਾ ਰਹੀ ਏ, ਉਹ ਕਿਸੇ ਸੰਘਰਸ਼ ਨਾਲ ਵੀ ਪੂਰਾ ਨਹੀਂ ਹੋ ਸਕਣਾ। ਇਸ ਨਜ਼ਰੇ ਵੇਖਿਆਂ ਸਾਡੀ ਵਰਤਮਾਨ ਰਾਜਨੀਤਕ ਸੱਤਾ ਵੀ ਸਾਮਰਾਜ ਦੀਆਂ ਚਾਲਾਂ ਵਿਚ ਹੀ ਫਸੀ ਹੋਈ ਜਾਪਦੀ ਏ।

ਇਹ ਠੀਕ ਏ ਕਿ ਸਾਡੇ ਸਮਾਜ ਦੀਆਂ ਉਸਾਰੂ ਸ਼ਕਤੀਆਂ, ਖੱਬੀਆਂ ਪਾਰਟੀਆਂ ਦੇ ਪੈਂਤੜੇ ਅਤੇ ਆਪਣੇ ਵਿੱਤ ਮੁਤਾਬਕ ਘੋਲ ਠੀਕ ਦਿਸ਼ਾ ਵਿਚ ਨੇ, ਪਰ ਇਸ ਸਾਰੇ ਦੌਰ ਵਿਚ ਘਟਨਾ-ਚੱਕਰ ਏਨਾ ਤੇਜ਼ ਅਤੇ ਮਜ਼੍ਹਬੀ ਜਨੂੰਨ ਏਨਾ ਵਿਆਪਕ ਪਸਰਿਆ ਏ ਕਿ ਉਨ੍ਹਾਂ ਦੀ ਬਹੁਤੀ ਦਾਲ ਨਹੀਂ ਗਲੀ। ਤਾਂ ਵੀ ਤੇਜ਼ ਮਾਰੂ ਹਨੇਰੀ ਨੂੰ ਉਨ੍ਹਾਂ ਇਕ ਹੱਦ ਤੱਕ ਠੱਲ੍ਹਣ ਦਾ ਸਫਲ ਯਤਨ ਕੀਤਾ ਏ। ਪਰ ਦੂਜੀਆਂ ਸਾਰੀਆਂ ਕੌਮੀ ਪੱਧਰ ਦੀਆਂ ਰਾਜਨੀਤਕ ਤਾਕਤਾਂ ਦਾ ਰੋਲ ਖਤਰਨਾਕ ਹੱਦ ਤੱਕ ਮੌਕਾਪ੍ਰਸਤ ਰਿਹਾ ਏ।

ਬੁਰਜੁਆਜ਼ੀ ਦੀ ਹਰ ਪਾਰਟੀ, ਸਮੇਤ ਹਕੂਮਤੀ ਪਾਰਟੀ ਦੇ, ਕੇਂਦਰ ਵਿਚ ਹੋਰ ਗੱਲ ਕਰਦੀ ਏ, ਪੰਜਾਬ ਵਿਚ ਹੋਰ ਅਤੇ ਹਰਿਆਣੇ ਵਿਚ ਹੋਰ। ਕੇਂਦਰ ਵਿਚ ਉਨ੍ਹਾਂ ਦਾ ਰੋਲ ਸ਼ਾਇਦ ਇਸ ਲਈ ਕੁਝ ਹੱਦ ਤੱਕ ਰਾਸ਼ਟਰੀ ਹਿੱਤਾਂ ਨੂੰ ਸਾਹਮਣੇ ਰੱਖਦਾ ਏ ਕਿ ਇਸ ਬਿਨਾਂ ਚਾਰਾ ਨਹੀਂ। ਸੰਸਾਰ ਵਿਹੰਦਾ ਏ। ਪਰ ਪੰਜਾਬ ਤੇ ਹਰਿਆਣੇ ਵਿਚ ਇਹ ਗੱਲ ਨਹੀਂ। ਇਨ੍ਹਾਂ ਦੋਹਾਂ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ, ਕਾਂਗਰਸ ਅਤੇ ਲੋਕ ਦਲ ਆਦਿ ਪਾਰਟੀਆਂ ਨਾ ਕੇਵਲ ਵੱਖ ਵੱਖ ਬੋਲੀ ਹੀ ਬੋਲਦੀਆਂ ਨੇ ਸਗੋਂ ਇਕ ਦੂਜੇ ਸੂਬੇ ਦੇ ਖਿਲਾਫ ਭੜਕਾਊ ਉਭਾਰ ਪੈਦਾ ਕਰਦੀਆਂ ਨੇ। ਮੰਤਵ ਸਿਰਫ ਇਹ ਹੈ ਕਿ ਸਬੰਧਤ ਸੂਬੇ ਦੇ ਆਮ ਲੋਕਾਂ ਦੇ ਜਜ਼ਬੇ ਭੜਕਾ ਕੇ ਉਨ੍ਹਾਂ ਵਿਚ ਆਪਣੇ ਪੈਰ ਮਜ਼ਬੂਤ ਕਰ ਸਕਣ। ਪੰਜਾਬ ਦੇ ਦੁਖਾਂਤ ਦਾ ਪਹਿਲੂ ਇਹ ਹੈ ਕਿ ਇਨ੍ਹਾਂ ਪਾਰਟੀਆਂ ਦੀ ਸ਼ਰਾਰਤ ਚੱਲੀ ਆ ਰਹੀ ਏ। ਤੇ ਦੁਖਾਂਤ

(ਬਾਕੀ ਪੰਨਾ 6 'ਤੇ)

# ਸਮਗਲਿੰਗ ਦਾ ਧੰਦਾ ਅਤੇ ਕਰਾਚੀ ਦੇ ਦੰਗੇ

ਕਰਾਚੀ ਦੇ ਫਿਰਕੂ ਦੰਗੇ ਜੋ ਪਠਾਣਾਂ ਅਤੇ ਮੁਹਾਜ਼ਰੀਨਾਂ ਵਿਚਕਾਰ ਭੜਕੇ ਹਨ ਹੁਣ ਤੱਕ ਦੋ ਸੌ ਦੇ ਕਰੀਬ ਜਾਨਾਂ ਲੈ ਚੁਕੇ ਹਨ। ਅਖਬਾਰੀ ਖਬਰਾਂ ਅਨੁਸਾਰ ਪਠਾਣਾਂ ਉਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਹੈਰੋਇਨ ਦੀ ਸਮਗਲਿੰਗ ਕਰਦੇ ਹਨ ਅਤੇ ਪੁਲਸ ਨੇ ਪਠਾਣ ਸਮਗਲਰਾਂ ਦੇ ਘਰਾਂ ਉਤੇ ਛਾਪੇ ਮੁਹਾਜ਼ਰੀਨਾਂ ਦੀ ਮੁਖਬਰੀ ਦੇ ਆਧਾਰ ਉਤੇ ਮਾਰੇ ਜਿਸ ਕਾਰਨ ਪਠਾਣਾਂ ਨੇ ਮੁਹਾਜ਼ਰੀਨਾਂ ਦੇ ਘਰਾਂ ਨੂੰ ਅੱਗਾਂ ਲਾਈਆਂ ਅਤੇ ਜਿਉਂਦੇ ਬੰਦੇ ਅੱਗ ਵਿਚ ਸੁੱਟ ਕੇ ਸਾੜ ਦਿਤੇ। ਇਹ ਭਿਆਨਕ ਦੁਖਾਂਤ ਇਸ ਲਈ ਵਾਪਰ ਰਿਹਾ ਹੈ ਕਿ ਇਸ ਪਿਛੇ ਸਮਗਲਿੰਗ ਵਰਗੀ ਨਾਮੁਰਾਦ ਬੀਮਾਰੀ ਹੈ ਜੋ ਕੌਮਾਂਤਰੀ ਪੱਧਰ ਤੱਕ ਫੈਲ ਚੁਕੀ ਹੈ।

ਅੱਜ ਦੀਆਂ ਖਬਰਾਂ ਅਨੁਸਾਰ ਪਾਕਿਸਤਾਨ ਦਾ ਫੌਜੀ ਡਿਕਟੇਟਰ ਜ਼ਿਆ-ਉਲ-ਹੱਕ ਜਦੋਂ ਕਰਾਚੀ ਗਿਆ ਤਾਂ ਇਕ ਪੁਲਸ ਵਾਲੇ ਦੀ ਗੋਲੀ ਦਾ ਸ਼ਿਕਾਰ ਹੁੰਦਾ ਮਸਾਂ ਬਚਿਆ। ਪਰ ਦੇਖਣ ਵਾਲੀ ਗੱਲ ਇਹ ਹੈ ਕਿ ਪਾਕਿਸਤਾਨ ਵਰਗੇ ਦੇਸ਼ ਜੋ ਸਮਗਲਿੰਗ ਦੇ ਧੰਦੇ ਦੇ ਨਾਲ ਨਾਲ ਅਮਰੀਕਨ ਹਥਿਆਰਾਂ ਦੀ ਸਮਗਲਿੰਗ ਵੀ ਕਰਦੇ ਹਨ, ਉਨ੍ਹਾਂ ਉਤੇ ਕੌਮਾਂਤਰੀ ਦਬਾਅ ਪਾਇਆ ਜਾਣਾ ਜ਼ਰੂਰੀ ਹੈ ਕਿਉਂਕਿ ਗੁਆਂਢੀ ਦੇਸ਼ ਪਾਕਿਸਤਾਨ ਦੀ ਇਸ ਬਦਮਾਸ਼ੀ ਦਾ ਸ਼ਰ੍ਹੇ-ਆਮ ਸ਼ਿਕਾਰ ਹੋ ਰਹੇ ਹਨ।

ਸਮਗਲਿੰਗ ਨੂੰ ਕੌਮਾਂਤਰੀ ਪੱਧਰ ਉਤੇ ਫੈਲਾਉਣ ਵਿਚ ਪਾਕਿਸਤਾਨ ਸਭ ਤੋਂ ਅੱਗੇ ਹੈ। ਵੱਖ ਵੱਖ ਦੇਸ਼ਾਂ ਦੇ ਭਗੌੜਿਆਂ ਨੂੰ ਸ਼ਰਨ ਦੇਣ ਵਾਲਾ ਵੀ ਪਾਕਿਸਤਾਨ ਹੀ ਹੈ।

ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਪੰਜਾਬ ਵਿਚ ਚਲ ਰਿਹਾ ਦਹਿਸ਼ਤਵਾਦ ਪਾਕਿਸਤਾਨੀ ਸਮਗਲਿੰਗ ਅਤੇ ਹਥਿਆਰਾਂ ਦੀ ਦੇਣ ਹੈ। ਸਰਹੱਦੀ ਜ਼ਿਲਿਆਂ ਦੇ ਲੋਕਾਂ ਨੂੰ ਵਰਗਲਾ ਕੇ ਸਮਗਲਿੰਗ ਦੇ ਧੰਦੇ ਵਿਚ ਲਾਇਆ ਗਿਆ ਹੈ ਅਤੇ ਪੰਜਾਬ ਵਿਚ ਅਸਥਿਰਤਾ ਦਾ ਮੁੱਖ ਕਾਰਨ ਵੀ ਸਮਗਲਿੰਗ ਹੈ। ਇਥੋਂ ਤੱਕ ਕਿ ਪੰਜਾਬ ਦੇ ਕਈ ਵਜ਼ੀਰਾਂ ਦੇ ਨਾਂ ਵੀ ਸਮਗਲਿੰਗ ਨਾਲ ਸਬੰਧਤ ਹੋ ਚੁਕੇ ਹਨ।

ਕਰਾਚੀ ਦੇ ਦੰਗਿਆਂ ਨੇ ਇਹ ਗੱਲ ਹੁਣ ਪਰਤੱਖ ਰੂਪ ਵਿਚ ਸਾਹਮਣੇ ਲੈ ਆਂਦੀ ਹੈ ਕਿ ਪਾਕਿਸਤਾਨ ਸਮਗਲਿੰਗ ਦਾ ਮੁੱਖ ਕੇਂਦਰ ਬਣ ਚੁਕਿਆ ਹੈ ਅਤੇ ਗੁਆਂਢੀ ਦੇਸ਼ ਇਸ ਬੀਮਾਰੀ ਦੀ ਪਕੜ ਵਿਚ ਲਿਆਂਦੇ ਜਾ ਚੁਕੇ ਹਨ।

# ਸ਼ੱਕੀ ਮੰਤਰੀ ਬਰਤਰਫ਼ ਕਰਨ ਦੀ ਸਲਾਹ

ਨਵੀਂ ਦਿੱਲੀ — ਪਤਾ ਲੱਗਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਮੁਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਕਿਹਾ ਹੈ ਕਿ ਉਨ੍ਹਾਂ ਸਾਰੇ ਮੰਤਰੀਆਂ ਨੂੰ ਮੰਤਰੀ ਮੰਡਲ ਤੋਂ ਵੱਖ ਕਰ ਦਿੱਤਾ ਜਾਵੇ ਜਿਨ੍ਹਾਂ ਤੇ ਅਤਿਵਾਦ ਨੂੰ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਉਤਸ਼ਾਹ ਦੇਣ ਜਾਂ ਪੰਜਾਬ ਵਿਚ ਦੇਸ਼ ਵਿਰੋਧੀ ਅਨਸਰਾਂ ਨੂੰ ਮੱਦਦ ਦੇਣ ਦਾ ਜ਼ਰਾ ਜਿੰਨਾ ਵੀ ਸੰਦੇਹ ਹੈ। ਖਿਆਲ ਕੀਤਾ ਜਾਂਦਾ ਹੈ ਕਿ ਦੋ ਮੰਤਰੀਆਂ ਨੂੰ ਹਟਾਉਣਾ ਅਤੇ ਬਾਦਲ ਦਲ ਅਤੇ ਦੂਸਰਿਆਂ ਦੀਆਂ ਗ੍ਰਿਫਤਾਰੀਆਂ ਕੇਂਦਰ ਦੇ ਆਦੇਸ਼ ਦਾ ਹਿਸਾ ਹੈ।

**Immigration and Citizenship Matters**
**JAMES SUE & COMPANY**

**Immigration Advocates**

- Filing a successful application for immigrant visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters

For help contact :
**BABU JIM NARAIN** of James, Sue & Company who was 18 years of experience on Immigration and Citizenship matters with top Immigration Lawyers.

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੈਂਟ ਬਣ ਸਕਦੇ ਹਨ। ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ। ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

**Evening Office :**
433-4685

#210 - 535 W. 10th Ave. Vancouver, B.C. **Tel: Off. 873-9441**

# Rokko Sarees & Fabrics

**6201-6205 Fraser St., Vancouver, B.C. V5W 3A2**

**Tel: (604) 327-3033**

ਪਿਆਰੇ ਭੈਣੋ ਤੇ ਭਰਾਵੋ,

ਛੁੱਟੀਆਂ ਦੇ ਦਿਨ ਆ ਰਹੇ ਹਨ। ਕ੍ਰਿਸਮਿਸ ਦਾ ਤਿਉਹਾਰ ਵੀ ਨੇੜੇ ਹੈ ਅਤੇ ਨਵੇਂ ਸਾਲ ਨੂੰ ਆਪਾਂ ਸਾਰੇ ਆਸਾਂ ਅਤੇ ਉਮੀਦਾਂ ਨਾਲ ਉਡੀਕ ਰਹੇ ਹਾਂ।

ਇਸ ਨਵੇਂ ਸਾਲ ਚੜ੍ਹਨ ਦੀ ਖੁਸ਼ੀ ਨੂੰ ਮਨਾਉਣ ਲਈ ਅਤੇ ਸ਼ਾਪਿੰਗ ਕਰਨ ਲਈ ਅਸੀਂ ਤੁਹਾਨੂੰ ਸਭ ਨੂੰ **ਰੋਕੋ ਸਾੜ੍ਹੀਜ਼** ਉਤੇ ਆਉਣ ਦਾ ਖੁਲ੍ਹਾ ਸੱਦਾ ਦਿੰਦੇ ਹਾਂ।

**ਰੋਕੋ ਸਾੜ੍ਹੀਜ਼** ਵਿਚ ਤੁਹਾਨੂੰ ਵਧੀਆ ਵਰਾਇਟੀ ਦੇ ਕੱਪੜੇ, ਚੰਗੀ ਕੁਆਲਿਟੀ ਅਤੇ ਤੁਹਾਡੀ ਇੱਛਾ ਮੁਤਾਬਕ ਹਰ ਕਿਸਮ ਦਾ ਕੱਪੜਾ ਮਿਲਣ ਦਾ ਅਸੀਂ ਭਰੋਸਾ ਦਿੰਦੇ ਹਾਂ। ਦੁਕਾਨ ਨੂੰ ਅਸੀਂ ਇਸ ਢੰਗ ਨਾਲ ਸਜਾਇਆ ਹੈ ਕਿ ਤੁਹਾਡੇ ਸਮੇਂ ਦੀ ਵੀ ਬੱਚਤ ਹੋਵੇਗੀ।

**ਨਵੇਂ ਫੈਸ਼ਨ ਦੇ ਕੱਪੜਿਆਂ ਨਾਲ ਨਵਾਂ ਸਾਲ ਮਨਾਉਣ ਲਈ ਰੋਕੋ ਸਾੜ੍ਹੀਜ਼ ਉਤੇ ਆਓ ਜਿਥੇ ਹਫ਼ਤੇ ਦੇ ਸੱਤੇ ਦਿਨ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ!**




**ਸ਼ੁਭ ਇਛਾਵਾਂ ਸਹਿਤ,**

## ਰੋਕੋ ਸਾੜ੍ਹੀਜ਼ ਐਂਡ ਫੈਬਰਿਕਸ

IMPORTERS • MANUFACTURERS REPRESENTATIVES • EXPORTERS



# Guru Bazaar

6529 - Main St. (at 49th Ave.)

Vancouver, B.C.

**Tel: (604) 327-4422**

## ਕੱਪੜਿਆਂ ਦਾ ਸਭ ਤੋਂ ਵੱਡਾ ਸਟੋਰ

**ਜੋ**

**ਕ੍ਰਿਸਮਿਸ ਦੀਆਂ ਛੁੱਟੀਆਂ ਅਤੇ ਨਵੇਂ ਸਾਲ ਦੀ ਆਮਦ ਸਮੇਂ ਨਵੇਂ ਫੈਸ਼ਨ ਦੇ ਕੱਪੜਿਆਂ ਨਾਲ ਤੁਹਾਡੀ ਤੀਬਰਤਾ ਨਾਲ ਉਡੀਕ ਕਰ ਰਿਹਾ ਹੈ।**

**ਵਧੀਆ ਕੁਆਲਟੀ, ਬੇਸ਼ੁਮਾਰ ਵਰਾਇਟੀ ਅਤੇ ਵਾਜਬ ਕੀਮਤਾਂ ਲਈ**

## ਗੁਰੂ ਬਜ਼ਾਰ

ਆਪਣੀ ਮਿਸਾਲ ਆਪ ਹੈ!

(ਪੰਨਾ 4 ਦੀ ਬਾਕੀ)

ਇਹ ਵੀ ਏ ਕਿ ਬੁਰਜ਼ੁਆ ਸਿਆਸਤ ਨੂੰ ਸਮਝਣ ਪਰਖਣ ਦੀ ਹਾਲੇ ਸਾਨੂੰ ਜਿਵੇਂ ਵਿਹਲ ਹੀ ਨਹੀਂ ਮਿਲੀ ।

ਇਸ ਸਾਰੇ ਕੁਝ ਵਿਚ ਇਕ ਬਹੁਤ ਵੱਡੀ ਧਿਰ 'ਆਮ ਆਦਮੀ' ਏ। ਜੋ ਉਪਰੋਕਤ ਕਿਸਮ ਦੀਆਂ ਸਾਰੀਆਂ ਸਾਜ਼ਸ਼ਾਂ ਦਾ ਸ਼ਿਕਾਰ ਹੁੰਦਾ ਏ। ਜਿਸ ਨੂੰ ਹਰ ਕੋਈ ਆਪਣੇ ਹਿਤ ਲਈ ਵਰਤਣ ਦੀ ਕੋਸ਼ਿਸ਼ ਕਰਦਾ ਏ। ਉਹ ਆਮ ਆਦਮੀ ਇਸ ਦੁਖਾਂਤ ਨੇ ਤੋੜ ਸੁੱਟਿਆ ਏ ।

ਗੋਲੀ ਬਟਾਲੇ ਚੱਲਦੀ ਏ ਪਰ ਹਰ ਥਾਂ ਉਹਨੂੰ ਲਗਦੀ ਏ ਜਿਵੇਂ ਇਹ ਉਹਨੂੰ ਲੱਗੀ ਏ। ਅੱਗ ਨਕੋਦਰ ਲੱਗਦੀ ਏ ਪਰ ਹਰ ਥਾਂ ਉਹਨੂੰ ਜਾਪਦਾ ਏ ਜਿਵੇਂ ਇਸ ਨਾਲ ਉਹਦੀ ਝੁੱਗੀ ਹੀ ਸੜੀ ਹੋਵੇ। ਬੱਸ ਵਿਚੋਂ ਕੱਢ ਕੇ ਜਾਂ ਸ਼ਰੇ ਬਾਜ਼ਾਰ ਲੋਕ ਮਾਰੇ ਜਾਂਦੇ ਨੇ ਪਰ ਉਹਨੂੰ ਭਾਸਦਾ ਏ, ਇਹ ਸਾਰੇ ਉਸ ਦੇ ਆਪਣੇ ਟੱਬਰ ਦੇ ਜੀਅ ਨੇ । ਹਰਿਮੰਦਰ ਸੜਦਾ ਏ ਤਾਂ ਉਹਨੂੰ ਆਪਣਾ ਅੰਗ ਅੰਗ ਸੜਦਾ ਜਾਪਦਾ ਏ ਤੇ ਜੋ ਮਾਸੂਮਾਂ ਅਤੇ ਬੇਗੁਨਾਹਾਂ ਦੀਆਂ ਚੀਕਾਂ ਨਿਕਲਦੀਆਂ ਨੇ ਤਾਂ ਸਭ ਤੋਂ ਜ਼ਿਆਦਾ ਕੰਨ ਉਸੇ ਆਮ ਆਦਮੀ ਦੇ ਪਾਟਦੇ ਨੇ ।

ਪਰ ਇਹ ਆਮ ਆਦਮੀ ਚੁੱਪ ਏ । ਬੇਹਰਕਤ ਏ । ਉਹਦੀਆਂ ਆਪਣੀਆਂ ਸੀਮਾਵਾਂ ਨੇ । ਦੁਖਾਂਤ ਇਹ ਵੀ ਏ ਕਿ ਉਹ ਆਪਣੀਆਂ ਸੀਮਾਵਾਂ ਤੋੜਦਾ ਨਹੀਂ। ਸੱਚੀ ਗੱਲ ਤਾਂ ਇਹ ਹੈ ਕਿ ਅੱਜ ਹਰ ਵਿਅਕਤੀ ਹਿੱਲਿਆ ਪਿਆ ਏ। ਘਰੋਂ ਨਿਕਲੇ ਹਰ ਇਕ ਦੀ ਮਾਂ ਸੁੱਖਣਾ ਸੁਖਦੀ ਏ, "ਸ਼ਾਲਾ ! ਰਾਜ਼ੀ ਖੁਸ਼ੀ ਘਰ ਆ ਜਾਵੇ।" ਹਰ ਸੁਆਣੀ ਬੜੀ ਤੀਬਰਤਾ ਨਾਲ ਲੋਚਦੀ ਏ, "ਉਹਦੇ ਸਿਰ ਦਾ ਸਾਈਂ ਜਿਉਂਦਾ ਬਚਿਆ ਰਹੇ।" ਤੇ ਇਹੋ ਤਾਂਘ ਹਰ ਪਿਉ ਦੀ ਏ, ਹਰ ਪੁੱਤਰ ਦੀ ਏ, ਭਰਾ ਦੀ ਏ ਤੇ ਹਰ ਧੀ ਭੈਣ ਦੀ ਏ। ਪਰਿਵਾਰ ਬਿਖਰ ਰਹੇ ਨੇ। ਮਾਵਾਂ, ਪਿਓ, ਪੁੱਤਰ, ਧੀਆਂ ਤੇ ਭੈਣਾਂ ਭਰਾ ਆਦਿ ਸਭ ਟੁੱਟ ਰਹੇ ਨੇ ।

ਪੰਜਾਬ ਦੀ ਅਕਾਲੀ ਹਕੂਮਤ ਨੂੰ ਪੰਜਾਬ ਨੂੰ ਬਚਾਣ ਨਾਲੋਂ ਸਿੱਖ ਪੰਥ ਨੂੰ ਹਰ ਹੀਲੇ ਜੋੜੀ ਰੱਖਣ ਦੀ ਜ਼ਿਆਦਾ ਫਿਕਰ ਏ । ਹਿੰਦੂ ਫਿਰਕਾਪ੍ਰਸਤੀ ਵੀ ਦੰਗੇ ਭੜਕਾਣ ਲਈ ਹੁਣ ਬਹਾਨੇ ਹੀ ਲੱਭ ਰਹੀ ਏ।

ਹੁਣ ਕਿਸੇ ਅਜਿਹੇ ਬਾਨ੍ਹਣੂ ਦੀ ਲੋੜ ਏ ਜਿਹੜਾ ਪੰਜਾਬ ਨੂੰ ਸਥਾਈ ਸ਼ਾਂਤੀ ਬਖਸ਼ਣ ਵੱਲ ਤੁਰੇ। ਇਸ ਲਈ ਵਿਆਪਕ ਤੌਰ 'ਤੇ ਜ਼ਰੂਰੀ ਏ ਕਿ ਧਰਮ ਨੂੰ ਉਸ ਦੇ ਸਹੀ ਪਰਿਪੇਖ ਵਿਚ ਰੱਖ ਕੇ ਵੇਖਿਆ ਜਾਏ। ਧਰਮ ਦਾ ਰਾਜਨੀਤੀ ਅਤੇ ਰਾਜਨੀਤੀ ਦਾ ਧਰਮ ਵਿਚ ਦਖਲ ਕਤਈ ਬੰਦ ਕੀਤਾ ਜਾਏ। ਰਾਜਨੀਤੀ ਅਤੇ ਧਰਮ ਨੂੰ ਇਕੋ ਮੰਚ ਤੋਂ ਚਲਾਣ ਵਾਲੇ ਸਾਰੇ ਹੀ ਲੋਕਾਂ ਵੱਲੋਂ ਫਿਰਕੂ ਅਤੇ ਸਮਾਜ ਲਈ ਖਤਰਨਾਕ ਕਰਾਰ ਦਿੱਤੇ ਜਾਣ। ਉਨ੍ਹਾਂ ਅਧੀਨ ਚਲਦੀਆਂ ਸਾਰੀਆਂ ਫਿਰਕੂ ਜੱਥੇਬੰਦੀਆਂ ਗੈਰ ਕਾਨੂੰਨੀ ਕਰਾਰ ਦਿੱਤੀਆਂ ਜਾਣ ਅਤੇ ਉਸਾਰੂ ਸ਼ਕਤੀਆਂ ਦੀ ਅਗਵਾਈ ਵਿਚ ਜਨ-ਹਿਤਾਂ ਵਾਲਾ ਇਕ ਅਜਿਹਾ ਵਿਆਪਕ ਅੰਦੋਲਨ ਚਲੇ ਕਿ ਕੇਵਲ ਰਾਜਨੀਤਕ ਸੱਤਾ ਲਈ ਪੰਜਾਬ ਦੇ ਬੰਦ ਬੰਦ ਕਟਵਾਉਣ ਵਾਲਿਆਂ ਨੂੰ ਥਾਂ ਨਾ ਮਿਲੇ ।

ਪਰ ਕਿਉਂਕਿ ਇਹ ਲੰਮਾ ਕੰਮ ਏ ਅਤੇ ਪੰਜਾਬ ਨੂੰ ਕਿਸੇ ਫੌਰੀ ਹੱਲ ਦੀ ਲੋੜ ਏ । ਇਸ ਲਈ ਜ਼ਰੂਰੀ ਏ ਕਿ ਕੇਂਦਰ ਸਰਕਾਰ ਪੰਜਾਬ ਅਤੇ ਹਰਿਆਣਾ ਦੋਹਾਂ ਵਿਚ ਆਪਣੀ ਪਾਰਟੀ ਦੀਆਂ ਵਾਗਾਂ ਖਿਚ ਕੇ ਰੱਖੇ। ਪੰਜਾਬ ਸਮਝੌਤੇ ਨੂੰ ਬਿਨਾਂ ਕੋਈ ਦੇਰੀ ਦੇ ਲਾਗੂ ਕਰੇ। ਚੰਡੀਗੜ੍ਹ ਪੰਜਾਬ ਨੂੰ ਅਤੇ ਪੰਜਾਬ ਦੇ ਹਿੰਦੀ ਬੋਲਦੇ ਖੇਤਰ ਹਰਿਆਣਾ ਨੂੰ ਫੌਰਨ ਦੇਵੇ । ਪੰਜਾਬ ਦੀ ਸਰਕਾਰ ਨੂੰ ਆਹਮਣੇ ਸਾਹਮਣੇ ਬਿਠਾ ਕੇ, ਠੋਕ ਵਜਾ ਕੇ ਇਹ ਵਚਨ ਲਵੇ ਕਿ ਘੱਟੋ ਘੱਟ ਕਿੰਨੇ ਚਿਰ 'ਚ ਐਸ. ਵਾਈ. ਐਲ. ਮੁਕੰਮਲ ਕੀਤੀ ਜਾਏਗੀ । ਉਸਾਰੀ ਦੀ ਨਿਰਵਿਘਨਤਾ ਵਿਚ ਕੇਂਦਰ ਜੋ ਸਹਾਇਤਾ ਕਰ ਸਕਦਾ ਹੈ ਉਹਦੀ ਪੇਸ਼ਕਸ਼ ਕਰੇ। ਪਾਕਿਸਤਾਨ ਨਾਲ ਲਗਦੀ ਸਰਹੱਦ ਨੂੰ ਪੂਰੀ ਤਰ੍ਹਾਂ ਸੀਲ ਕਰੇ । ਭਾਵੇਂ ਇਸ ਵਿਚ ਕਿੰਨੀ ਫੋਰਸ ਵੀ ਲਾਣੀ ਪਵੇ ।

ਪਰ ਪੰਜਾਬ ਸਰਕਾਰ ਸਿਰ ਵੀ ਅਹਿਮ ਜ਼ਿਮੇਵਾਰੀ ਬਣਦੀ ਹੈ। ਉਹ ਕੇਵਲ ਸਿੱਖਾਂ ਨੂੰ ਨਾਰਾਜ਼ ਕਰਨ ਤੋਂ ਬਚੇ ਰਹਿਣ ਦੇ ਯਤਨ ਛੱਡੇ। ਸਮਾਂ ਬਰਬਾਦ ਨਾ ਕਰੇ । ਆਤੰਕਵਾਦ ਨਾਲ ਇਮਾਨਦਾਰੀ ਨਾਲ ਤਕੜੇ ਹੱਥੀਂ ਨਿਪਟੇ । ਸਾਰੀਆਂ ਫਿਰਕੂ ਜਥੇਬੰਦੀਆਂ ਤੋਂ ਅਸਰਦਾਰ ਪਾਬੰਦੀ ਲਾਏ। ਆਪਣੀ ਹਕੂਮਤੀ ਪਾਰਟੀ ਵਿਚ ਡਸਿਪਲਨ ਸਖਤੀ ਨਾਲ ਲਾਗੂ ਕਰੇ ਅਤੇ ਆਪਣੇ ਹਰ ਨਿੱਕੇ ਵੱਡੇ ਨੇਤਾ ਨੂੰ ਗੈਰ-ਜ਼ਿਮੇਵਾਰ ਬਿਆਨਬਾਜ਼ੀ ਤੋਂ ਸਖਤੀ ਨਾਲ ਰੋਕ ਦੇਵੇ। ਐਸੇ ਤੌਰ ਤਰੀਕੇ ਅਪਣਾਏ ਕਿ ਪੁਲੀਸ ਵਿਚ ਆਤਮ ਵਿਸ਼ਵਾਸ ਜਾਗੇ । ਪਰ ਬੇਗੁਨਾਹਾਂ ਨੂੰ ਤੰਗ ਕਰਨ ਤੋਂ ਉਸ ਨੂੰ ਸਖਤੀ ਨਾਲ ਰੋਕੀ ਰੱਖੇ। ਸੌੜੇ ਰਾਜਨੀਤਕ ਹਿਤਾਂ ਤੋਂ ਉਪਰ ਉਠੇ ਅਤੇ ਸਾਰੀਆਂ ਉਸਾਰੂ ਸ਼ਕਤੀਆਂ ਦਾ ਅਸਰਦਾਇਕ ਸਹਿਯੋਗ ਪ੍ਰਾਪਤ ਕਰੇ। ਸ਼ਾਇਦ ਇਉਂ ਕੀਤਿਆਂ ਪੰਜਾਬ ਦੁਖਾਂਤ ਨੂੰ ਕੁਝ ਆਰਾਮ ਆ ਜਾਵੇ ।

# ਬਾਦਲ ਦਲ ਨੇ ਕਮੇਟੀਆਂ ਬਣਾਈਆਂ

ਅੰਮ੍ਰਿਤਸਰ — ਬਾਦਲ ਅਕਾਲੀ ਦਲ ਵਲੋਂ ਇਕ ਅੱਠ ਮੈਂਬਰੀ ਕਮੇਟੀ ਕੈ: ਅਮਰਿੰਦਰ ਸਿੰਘ ਦੀ ਅਗਵਾਈ ਵਿਚ ਕਾਇਮ ਕੀਤੀ ਹੈ ਜੋ ਪੰਜਾਬ ਤੋਂ ਬਾਹਰ ਦੂਸਰੀਆਂ ਪਾਰਟੀਆਂ ਨਾਲ ਸੰਪਰਕ ਕਾਇਮ ਕਰਕੇ (ਬਾਦਲ) ਦਲ ਦਾ ਦ੍ਰਿਸ਼ਟੀਕੋਣ ਸਮਝਾਏਗੀ। ਇਕ ਹੋਰ ਕਮੇਟੀ ਬਣਾਈ ਗਈ ਜੋ ਵੱਖ ਵੱਖ ਜਥੇਬੰਦੀਆਂ ਅਤੇ ਸਿਆਸੀ ਪਾਰਟੀਆਂ ਵਿਚ ਤਾਲਮੇਲ ਦਾ ਯਤਨ ਕਰੇਗੀ । ਸਿਆਸੀ ਪਾਰਟੀਆਂ ਨਾਲ ਸੰਪਰਕ ਲਈ ਬਣਾਈ ਕਮੇਟੀ ਵਿਚ ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ, ਭਾਈ ਸ਼ਮਿੰਦਰ ਸਿੰਘ, ਮੇਵਾ ਸਿੰਘ ਗਿੱਲ, ਚਰਨਜੀਤ ਸਿੰਘ ਗਿੱਲ, ਤਿਰਲੋਚਨ ਸਿੰਘ ਤੂੜ ਤੇ ਚਰਨਜੀਤ ਸਿੰਘ ਅਟਵਾਲ ਸ਼ਾਮਿਲ ਕੀਤੇ ਗਏ ਹਨ ।

# ਸਾਡੇ ਸਮਕਾਲੀ

## ਰੀਗਨ ਦਾ ਹਥਿਆਰ ਸਕੈਂਡਲ

ਅਮਰੀਕਾ ਦੇ ਪ੍ਰਧਾਨ ਮਿਸਟਰ ਰੀਗਨ ਨੇ ਜਦੋਂ ਦਾ ਆਪਣਾ ਪਦ ਸੰਭਾਲਿਆ ਹੈ, ਉਨ੍ਹਾਂ ਨੇ ਲੋਕਤੰਤਰ ਨੂੰ ਇਕ ਮਜ਼ਾਕ ਬਣਾ ਕੇ ਰੱਖ ਦਿੱਤਾ ਹੈ। ਇਥੋਂ ਤੱਕ ਕਿ ਉਹ ਆਪਣੇ ਪ੍ਰਸ਼ਾਸਨ ਦੀ ਵੀ ਪ੍ਰਵਾਹ ਨਹੀਂ ਕਰਦੇ। ਉਹ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਹਫੜਾ-ਦਫੜੀ ਫੈਲਾਉਣ ਲਈ ਹਰ ਪ੍ਰਕਾਰ ਦੇ ਘਟੀਆ ਤੋਂ ਘਟੀਆ ਢੰਗ ਵਰਤ ਰਹੇ ਹਨ । ਦੱਖਣੀ ਅਫਰੀਕਾ ਵਿਰੁੱਧ ਪਾਬੰਦੀਆਂ ਲਾਉਣ ਦੇ ਸਵਾਲ ਉਤੇ ਉਨ੍ਹਾਂ ਨੇ ਸਾਰੀ ਦੁਨੀਆਂ ਦੀ ਲੋਕਰਾਏ ਨੂੰ ਨਜ਼ਰ-ਅੰਦਾਜ਼ ਕਰਕੇ ਅਜਿਹੀਆਂ ਪਾਬੰਦੀਆਂ ਲਾਉਣ ਤੋਂ ਇਨਕਾਰ ਕਰ ਦਿੱਤਾ । ਪਰ ਅਮਰੀਕੀ ਕਾਂਗਰਸ ਨੇ ਸੂਝਬੂਝ ਤੋਂ ਕੰਮ ਲਿਆ ਅਤੇ ਰੀਗਨ ਦੇ ਫੈਸਲੇ ਦੇ ਵਿਰੁੱਧ ਮਤਾ ਪਾਸ ਕਰਕੇ ਅਜਿਹੀਆਂ ਪਾਬੰਦੀਆਂ ਲਾਏ ਜ ਣ ਦਾ ਸਮਰਥਨ ਕੀਤਾ । ਇਉਂ ਹੀ ਪ੍ਰਧਾਨ ਰੀਗਨ ਨਿਕਾਰਗੁਆ ਦੇ ਬਾਗੀਆਂ ਨੂੰ ਸਹਾਇਤਾ ਦੇਣ ਤੇ ਅੜੇ ਰਹੇ ਪਰ ਅਮਰੀਕੀ ਕਾਂਗਰਸ ਨੇ ਉਨ੍ਹਾਂ ਦੀ ਇਸ ਅੜੀ ਨੂੰ ਵੀ ਭੰਨ ਦਿੱਤਾ ਅਤੇ ਨਿਕਾਰਗੁਆ ਦੇ ਬਾਗੀਆਂ ਨੂੰ ਸਹਾਇਤਾ ਦੇਣ ਵਿਰੁੱਧ ਮਤਾ ਪਾਸ ਕਰ ਦਿੱਤਾ ।

ਹੁਣ ਪ੍ਰਧਾਨ ਰੀਗਨ ਦਾ ਇਕ ਹੋਰ ਸਕੈਂਡਲ ਦੁਨੀਆਂ ਦੇ ਸਾਹਮਣੇ ਆਇਆ ਹੈ ਜਿਸ ਨਾਲ ਉਨ੍ਹਾਂ ਦੇ ਪ੍ਰਸ਼ਾਸਨ ਦੀ ਰਹੀ ਸਹੀ ਸਾਖ ਵੀ ਮਿੱਟੀ ਵਿਚ ਮਿਲ ਰਹੀ ਹੈ। ਪ੍ਰਧਾਨ ਰੀਗਨ ਦੀ ਸਲਾਹ ਨਾਲ ਉਨ੍ਹਾਂ ਦੇ ਪ੍ਰਸ਼ਾਸਨ ਨੇ ਈਰਾਨ ਨੂੰ ਹਥਿਆਰ ਪਹੁੰਚਾਏ ਤਾਂ ਜੋ ਲਿਬਨਾਨ ਵਿਚੋਂ ਅਗਵਾ ਕੀਤੇ ਗਏ ਅਮਰੀਕੀ ਅਧਿਕਾਰੀਆਂ ਨੂੰ ਰਿਹਾਅ ਕਰਾਇਆ ਜਾ ਸਕੇ। ਜਦੋਂ ਇਸ ਸਾਰੀ ਸਾਜ਼ਿਸ਼ ਦਾ ਭਾਂਡਾ ਫੁਟਿਆ ਤਾਂ ਦੁਨੀਆਂ ਹੈਰਾਨ ਰਹਿ ਗਈ ਕਿ ਪ੍ਰਧਾਨ ਰੀਗਨ ਨੇ ਤਹਿਰਾਨ ਨਾਲ ਆਪਣੇ ਸਬੰਧ ਕਾਇਮ ਕਰਕੇ ਪੱਛਮੀ ਏਸ਼ੀਆ ਦੇ ਆਪਣੇ ਸਾਥੀ ਦੇਸ਼ਾਂ ਨਾਲ ਕਿਸ ਤਰ੍ਹਾਂ ਧੋਖਾ ਕੀਤਾ ਹੈ । ਇਹੋ ਹੀ ਨਹੀਂ ਕਿ ਹਥਿਆਰ ਇਸਰਾਈਲ ਰਾਹੀਂ ਈਰਾਨ ਪਹੁੰਚਾਏ ਗਏ। ਇਹ ਕਿੰਨੀ ਦਿਲਚਸਪ ਗੱਲ ਹੈ ਕਿ ਈਰਾਨ ਤਲਅਬੀਬ ਰਾਹੀਂ ਅਮਰੀਕੀ ਹਥਿਆਰ ਪ੍ਰਾਪਤ ਕਰੇ, ਪਰ ਰੀਗਨ ਨੂੰ ਇਹ ਪਤਾ ਨਾ ਹੋਵੇ ਕਿ ਇਹ ਸਾਰਾ ਕੰਮ ਕਿਵੇਂ ਹੋਇਆ ਹੈ। ਅਮਰੀਕੀ ਵਿਦੇਸ਼ ਮੰਤਰੀ ਮਿਸਟਰ ਸ਼ੁਲਜ਼ ਅਤੇ ਉਨ੍ਹਾਂ ਦੇ ਮੰਤਰਾਲੇ ਨੂੰ ਇਕਦਮ ਹਨੇਰੇ ਵਿਚ ਰਖਿਆ ਗਿਆ। ਇਹ ਗੱਲ ਸਪੱਸ਼ਟ ਹੋ ਗਈ ਹੈ ਕਿ ਈਰਾਨ ਨੂੰ ਹਥਿਆਰਾਂ ਦੀ ਸਪਲਾਈ ਪ੍ਰਧਾਨ ਰੀਗਨ ਦੀ ਮਰਜ਼ੀ ਨਾਲ ਹੋਈ। ਪਰ ਇਹ ਸਭ ਕੁਝ ਕਿਵੇਂ ਹੋਇਆ ਇਸ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਸ ਦੇ ਵੇਰਵੇ ਸਬੰਧੀ ਪ੍ਰਧਾਨ ਨੂੰ ਕੁਝ ਪਤਾ ਨਹੀਂ ਲੱਗਾ । ਸਵਾ ਕਰੋੜ ਡਾਲਰ ਦੇ ਮੁੱਲ ਦੇ ਹਥਿਆਰ ਪਹਿਲਾਂ ਇਸਰਾਈਲ ਪਹੁੰਚਾਏ ਗਏ । ਇਥੋਂ ਇਸਰਾਈਲ ਨੇ ਭਾਰੀ ਮੁਨਾਫਾ ਲੈ ਕੇ ਇਨ੍ਹਾਂ ਨੂੰ ਈਰਾਨ ਪਹੁੰਚਾਇਆ। ਇਹ ਸਾਰਾ ਮੁਨਾਫਾ ਸਵਿਟਜ਼ਰਲੈਂਡ ਦੇ ਇਕ ਬੈਂਕ ਵਿਚ ਜਮ੍ਹਾਂ ਕਰ ਦਿੱਤਾ ਗਿਆ। ਜਿਥੋਂ

ਇਹ ਰਕਮ ਨਿਕਾਰਗੁਆ ਵਿਚ ਬਾਗੀਆਂ ਦੀ ਸਹਾਇਤਾ ਲਈ ਦਿੱਤੀ ਗਈ। ਅਮਰੀਕੀ ਸੰਸਦ ਵਲੋਂ ਨਿਕਾਰਗੁਆ ਦੇ ਬਾਗੀਆਂ ਨੂੰ ਜਿਹੜੀ ਮਾਲੀ ਸਹਾਇਤਾ ਬੰਦ ਕੀਤੀ ਗਈ ਸੀ ਪ੍ਰਧਾਨ ਰੀਗਨ ਨੇ ਉਸ ਦੀ ਕਮੀ ਨੂੰ ਇਉਂ ਪੂਰਾ ਕੀਤਾ । ਜਦੋਂ ਇਸ ਸਾਰੇ ਵੇਰਵੇ ਦਾ ਵਾਸ਼ਿੰਗਟਨ ਤੇ ਯੋਰੋਸ਼ਲਮ ਵਿਚ ਪਤਾ ਲੱਗਾ ਤਾਂ ਇਕਦਮ ਜਿਵੇਂ ਕੋਈ ਭੂਚਾਲ ਆ ਗਿਆ ਹੋਰੇ। ਕਿਉਂ ਜੋ ਇਹ ਬਿਲਕੁਲ ਹੀ ਇਕ ਅਣਹੋਣੀ ਗੱਲੀ ਸੀ। ਯੋਰੋਸ਼ਲਮ ਵਿਚ ਇਸਰਾਈਲ ਦੇ ਪ੍ਰਧਾਨ ਮੰਤਰੀ ਮਿਸਟਰ ਸ਼ਾਮੀਰ ਦੀ ਵਿਦੇਸ਼ ਮੰਤਰੀ ਅਤੇ ਰੱਖਿਆ ਮੰਤਰੀ ਨਾਲ ਤਿੰਨ ਘੰਟੇ ਲੰਮੀ ਗੱਲਬਾਤ ਹੋਈ। ਇਸ ਤੋਂ ਬਾਅਦ 'ਮੈਂ ਨਾ ਮਾਨੂੰ' ਵਾਲਾ ਬਿਆਨ ਜਾਰੀ ਕੀਤਾ ਗਿਆ। ਉਧਰ ਪ੍ਰਧਾਨ ਰੀਗਨ ਨੇ ਪੱਛਮੀ ਏਸ਼ੀਆ ਬਾਰੇ ਨੀਤੀ ਤਿਆਰ ਕਰਨ ਵਾਲੀ ਸੰਮਤੀ ਦੀ ਬੈਠਕ ਬੁਲਾਈ । ਕੌਮੀ ਸੁਰੱਖਿਆ ਦੇ ਸਲਾਹਕਾਰ ਮਿਸਟਰ ਜਾਨ ਪਾਈਨਡੇਕਸਟਰ ਅਤੇ ਉਨ੍ਹਾਂ ਦੇ ਸਹਿਯੋਗੀ ਤੋਂ ਅਸਤੀਫਾ ਲੈ ਲਿਆ ਗਿਆ । ਇਸ ਨਾਲ ਸੈਨੇਟ ਅਤੇ ਕਾਂਗਰਸ ਵਿਚ ਕਾਫੀ ਰੌਲਾ ਰੱਪਾ ਪਿਆ ਹੈ। ਸੈਨੇਟਰਾਂ ਦੀ ਇਹ ਮੰਗ ਹੈ ਕਿ ਸਾਰੇ ਪ੍ਰਸ਼ਾਸਨ ਉਤੇ ਸੰਸਦ ਦਾ ਪੂਰਾ ਕੰਟਰੋਲ ਹੋਣਾ ਚਾਹੀਦਾ ਹੈ, ਕਿਉਂ ਜੋ ਪ੍ਰਬੰਧਕੀ ਢਾਂਚੇ ਦੇ ਇਕ ਹਿੱਸੇ ਨੂੰ ਇਹ ਨਹੀਂ ਪਤਾ ਕਿ ਦੂਸਰਾ ਹਿੱਸਾ ਕੀ ਕਰ ਰਿਹਾ ਹੈ। ਪ੍ਰਧਾਨ ਰੀਗਨ ਆਪਣੀ ਖਿਫਤ ਮਿਟਾਉਣ ਲਈ ਪ੍ਰੈਸ ਕਾਨਫਰੰਸਾਂ ਕਰ ਰਹੇ ਹਨ। ਰੇਡੀਓ ਤੇ ਟੀ ਵੀ 'ਤੇ ਭਾਸ਼ਨ ਦੇ ਰਹੇ ਹਨ। ਪਰ ਇਸ ਸਭ ਕੁਝ ਦੇ ਬਾਵਜੂਦ ਉਹ ਸਹੀ ਢੰਗ ਨਾਲ ਆਪਣਾ ਸਪੱਸ਼ਟੀਕਰਨ ਨਹੀਂ ਦੇ ਸਕੇ। ਉਨ੍ਹਾਂ ਦਾ ਵਿਚਾਰ ਹੈ ਕਿ ਈਰਾਨ ਨੂੰ ਹਥਿਆਰ ਸਪਲਾਈ ਕਰਨਾ ਗਲਤ ਨਹੀਂ ਪਰ ਜਿਸ ਢੰਗ ਨਾਲ ਇਹ ਸਭ ਕੁਝ ਹੋਇਆ ਹੈ, ਉਸ ਨੂੰ ਉਹ ਠੀਕ ਨਹੀਂ ਸਮਝਦੇ। ਨਾ ਕੇਵਲ ਅਮਰੀਕੀ ਸੈਨੇਟਰ ਹੀ, ਸਗੋਂ ਪੱਛਮੀ ਏਸ਼ੀਆ ਦੇ ਸਾਥੀ ਦੇਸ਼ ਵੀ ਪ੍ਰਧਾਨ ਰੀਗਨ ਦੀ ਇਸ ਕਪਟ ਭਰੀ ਕਾਰਵਾਈ ਤੋਂ ਸਖਤ ਦੁਖੀ ਹਨ। ਛੇ ਸਾਲ ਦੇ ਰੀਗਨ ਸ਼ਾਸਨ ਦਾ ਇਹ ਸਭ ਤੋਂ ਵੱਡਾ ਸੰਕਟ ਹੈ। ਇਉਂ ਜਾਪਦਾ ਹੈ ਕਿ ਉਨ੍ਹਾਂ ਦੇ ਰਾਜ-ਕਾਲ ਦੇ ਦੂਜੇ ਦੋ ਸਾਲ ਇਸ ਸੰਕਟ ਨਾਲ ਨਿਪਟਣ ਵਿਚ ਲੰਘ ਜਾਣਗੇ। ਉਹ ਹੁਣ ਤੱਕ ਚਾਰ ਸੁਰੱਖਿਆ ਸਲਾਹਕਾਰ ਬਦਲ ਚੁੱਕੇ ਹਨ। ਵਾਈਟ ਹਾਊਸ ਦੇ ਪ੍ਰਧਾਨ ਰੀਗਨ ਦੇ ਸਾਰੇ ਸਹਿਯੋਗੀਆਂ ਦੀ ਯੋਗਤਾ ਉਤੇ ਸ਼ੰਕੇ ਪ੍ਰਗਟ ਕੀਤੇ ਜਾ ਰਹੇ ਹਨ । ਰਿਪਬਲੀਕਨ ਸੈਨੇਟਰ ਪ੍ਰਸ਼ਾਸਨ ਵਿਚ ਰੱਦੋ-ਬਦਲ ਕਰਨ ਦੀ ਮੰਗ ਕਰ ਰਹੇ ਹਨ। ਸੰਸਦ ਦੀਆਂ ਨਵੀਆਂ ਚੋਣਾਂ ਵਿਚ ਡੈਮੋਕਰੇਟਿਕ ਪਾਰਟੀ ਦੀ ਜਿੱਤ ਨਾਲ ਵੀ ਪ੍ਰਧਾਨ ਰੀਗਨ ਦੇ ਪ੍ਰਭਾਵ ਨੂੰ ਕਾਫੀ ਸੱਟ ਵੱਜੀ ਹੈ। ਈਰਾਨ ਨੂੰ ਹਥਿਆਰ ਸਪਲਾਈ ਕਰਨ ਦੇ ਇਸ ਸਕੈਂਡਲ ਨੇ ਰੀਗਨ ਪ੍ਰਸ਼ਾਸਨ ਨੂੰ ਇਕਦਮ ਹਿਲਾ ਕੇ ਰੱਖ ਦਿੱਤਾ ਹੈ। ਅਮਰੀਕੀ ਵਿਗਿਆਨੀਆਂ ਦੀ ਵਿਰੋਧਤਾ ਦੇ ਬਾਵਜੂਦ ਪ੍ਰਧਾਨ ਰੀਗਨ ਆਪਣੇ ਸਟਾਰਵਾਰ ਪ੍ਰੋਗਰਾਮ ਉਤੇ ਹੁਣ ਤੱਕ ਡਟੇ ਹੋਏ ਸਨ । ਪਰ ਇਸ ਨਵੇਂ ਸਕੈਂਡਲ ਦੇ ਸਾਹਮਣੇ ਆਉਣ ਉਤੇ ਉਨ੍ਹਾਂ ਨੂੰ ਜੋ ਧੱਕਾ ਲੱਗਾ ਹੈ, ਉਸ ਦਾ ਉਨ੍ਹਾਂ ਦੀਆਂ ਨੀਤੀਆਂ ਤੇ ਕੀ ਪ੍ਰਭਾਵ ਪੈਂਦਾ ਹੈ, ਇਹ ਇਕ ਵੇਖਣ ਵਾਲੀ ਗੱਲ ਹੈ। ਪਾਕਿਸਤਾਨ ਨੂੰ ਭਾਰਤ ਦੇ ਵਿਰੁਧ ਹਥਿਆਰਾਂ ਦੀ ਲਗਾਤਾਰ ਸਪਲਾਈ ਜਾਰੀ ਰੱਖਣ ਨਾਲ ਸਥਿਤੀ ਪਹਿਲਾਂ ਹੀ ਕਾਫੀ ਗੰਭੀਰ ਰੂਪ ਧਾਰਨ ਕਰ ਗਈ ਹੈ। ਰੂਸੀ ਲੀਡਰ ਮਿਸਟਰ ਗੋਰਬਾਚੋਵ ਨੇ ਆਪਣੇ ਭਾਰਤ ਦੇ ਦੌਰੇ ਸਮੇਂ ਪਾਕਿਸਤਾਨ ਨੂੰ ਜਿਹੜੀ ਚੇਤਾਵਨੀ ਦਿੱਤੀ ਹੈ, ਉਸ ਨੂੰ ਵੀ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ।

ਰੀਗਨ ਪ੍ਰਸ਼ਾਸਨ ਦੁਨੀਆਂ ਦੀਆਂ ਕਈ ਸਰਕਾਰਾਂ ਵਿਰੁੱਧ ਜਿਨ੍ਹਾਂ ਵਿਚ ਲਿਬੀਆ, ਈਰਾਨ, ਸੀਰੀਆ ਆਦਿ ਸ਼ਾਮਲ ਹਨ, ਨੂੰ ਦਹਿਸ਼ਤਪਸੰਦਾਂ ਦੀ ਸਹਾਇਤਾ ਕਰਨ ਵਾਲੀਆਂ ਸਰਕਾਰਾਂ ਕਰਾਰ ਦੇ ਚੁੱਕਾ ਹੈ ਅਤੇ ਉਹ ਕਿਸੇ ਨਾ ਕਿਸੇ ਢੰਗ ਨਾਲ ਇਨ੍ਹਾਂ ਵਿਰੁੱਧ ਕਾਰਵਾਈਆਂ ਕਰਦਾ ਰਿਹਾ ਹੈ। ਲਿਬੀਆ ਵਿਰੁੱਧ ਤਾਂ ਸਾਰੇ ਕੌਮਾਂਤਰੀ ਅਸੂਲਾਂ ਨੂੰ ਲਾਂਭੇ ਰੱਖ ਕੇ ਉਸ ਨੇ ਫੌਜੀ ਕਾਰਵਾਈ ਵੀ ਕੀਤੀ ਹੈ। ਇਸ ਦਾ ਸਾਰੀ ਦੁਨੀਆਂ ਦੀ ਲੋਕ ਰਾਇ ਨੇ ਸਖਤ ਵਿਰੋਧ ਵੀ ਕੀਤਾ ਸੀ। ਇਕ ਫਲਸਤੀਨੀ ਗਰੁੱਪ ਦੇ ਦਹਿਸ਼ਤਪਸੰਦਾਂ ਨੂੰ ਫੜਨ ਲਈ ਉਨ੍ਹਾਂ ਨੇ ਆਪਣੇ ਇਕ ਮਿੱਤਰ ਦੇਸ਼, ਮਿਸਰ ਦਾ ਹਵਾਈ ਜਹਾਜ਼ ਜ਼ਬਰਦਸਤੀ ਅਗਵਾ ਕਰਕੇ ਸਿਸਲੀ ਦੇ ਹਵਾਈ ਅੱਡੇ 'ਤੇ ਉਤਾਰ ਲਿਆ ਸੀ । ਪਰ ਹੁਣ ਈਰਾਨ ਨੂੰ ਹਥਿਆਰਾਂ ਦੀ ਗੁਪਤ ਸਪਲਾਈ ਨੇ ਦਹਿਸ਼ਤਵਾਦ ਬਾਰੇ ਪ੍ਰਧਾਨ ਰੀਗਨ ਦੇ ਸਾਰੇ ਪਾਖੰਡ ਨੂੰ ਬੁਰੀ ਤਰ੍ਹਾਂ ਨੰਗਾ ਕਰ ਦਿੱਤਾ ਹੈ। ਇਸ ਸਕੈਂਡਲ ਨੇ ਅਮਰੀਕਾ ਵਿਚ ਵੀ ਕਾਫੀ ਹਿਲ-ਜੁਲ ਪੈਦਾ ਕਰ ਦਿੱਤੀ ਹੈ ਇਕ ਲੋਕਤੰਤਰਿਕ ਦੇਸ਼ ਵਿਚ ਇਹ ਗੱਲ ਕਿੰਨੀ ਦੁਖਦਾਈ ਹੈ ਕਿ ਰਾਸ਼ਟਰਪਤੀ ਜਿਸ ਨੂੰ ਦੇਸ਼ ਦੇ ਕਾਨੂੰਨਾਂ ਅਤੇ ਪਰੰਪਰਾਵਾਂ ਦਾ ਰਾਖਾ ਸਮਝਿਆ ਜਾਂਦਾ ਹੈ, ਆਪ ਹੀ ਇਨ੍ਹਾਂ ਸਾਰੀਆਂ ਗੱਲਾਂ ਦੀ ਉਲੰਘਣਾ ਕਰ ਰਿਹਾ ਹੈ। ਦੁਨੀਆਂ ਦੇ ਸਭ ਤੋਂ ਵਧੀਆ ਲੋਕਤੰਤਰ ਦਾ ਦਾਅਵਾ ਕਰਨ ਵਾਲੇ ਪ੍ਰਧਾਨ ਰੀਗਨ ਨੇ ਸੱਚਮੁੱਚ ਹੀ ਇਕ ਤਾਨਾਸ਼ਾਹ ਹੋਣ ਦਾ ਸਬੂਤ ਦਿੱਤਾ ਹੈ ।

(ਰੋਜ਼ਾਨਾ ਅਜੀਤ ਜਲੰਧਰ)

# ਕੈਨੇਡਾ ਭਾਰਤ ਤੋਂ ਡਰ ਗਿਆ ਹੈ

ਵੈਨਕੂਵਰ — ਯੂ. ਬੀ. ਸੀ. 'ਚ ਸਿਖ ਸਟੱਡੀਜ਼ ਤੋਂ ਜਵਾਬ ਮਿਲਣ 'ਤੇ ਸਿੱਖ ਸੁਸਾਇਟੀਜ਼ ਫੈਡਰੇਸ਼ਨ ਦੇ ਬੁਲਾਰੇ ਪ੍ਰੀਤਮ ਔਲਖ ਨੇ ਦੋਸ਼ ਲਾਇਆ ਹੈ ਕਿ ਕੈਨੇਡਾ ਭਾਰਤ ਸਰਕਾਰ ਤੋਂ ਡਰ ਗਿਆ ਹੈ।

ਔਲਖ ਅਨੁਸਾਰ ਯੂਨੀਵਰਸਿਟੀ 'ਚ ਸਟੱਡੀਜ਼ ਤੋਂ ਇਸ ਕਰਕੇ ਜਵਾਬ ਦੇ ਦਿੱਤਾ ਗਿਆ ਹੈ ਕਿਉਂਕਿ ਅਟਵਾ ਨੂੰ ਭਾਰਤ ਸਰਕਾਰ ਦੀ ਨਾਰਾਜਗੀ ਬਰਦਾਸ਼ਤ ਕਰਨੀ ਪੈਣੀ ਸੀ ।

ਔਲਖ ਨੇ ਅਟਵਾ ਨੂੰ ਅਪੀਲ ਕੀਤੀ ਹੈ ਕਿ ਬਦੇਸ਼ ਵਿਭਾਗ ਦੇ ਅਧਿਕਾਰੀਆਂ ਦੇ ਤੌਖਲੇ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ ਅਤੇ ਯੂ. ਬੀ. ਸੀ. ਦੇ ਇਸ ਪ੍ਰੋਗਰਾਮ ਲਈ ਤਿੰਨ ਲੱਖ ਡਾਲਰ ਦੀ ਗਰਾਂਟ ਦੇ ਦੇਣੀ ਚਾਹੀਦੀ ਹੈ ।


ਡਾ. ਸਰਬਜੀਤ ਸਿੰਘ ਨੀਲ
ਕੈਰੋਪਰੈਕਟਰ



ਇਹ ਦੱਸਣ 'ਚ ਖੁਸ਼ੀ ਮਹਿਸੂਸ ਕਰਦੇ ਹਨ ਕਿ ਉਹਨਾਂ ਦਾ ਦੂਸਰਾ ਕਲੀਨਿਕ ਫਰੇਜ਼ਰ ਸਟਰੀਟ 'ਤੇ ਖੁਲ੍ਹ ਗਿਆ ਹੈ

6655 ਫਰੇਜ਼ਰ ਸਟਰੀਟ (51 ਅਤੇ ਫਰੇਜ਼ਰ 'ਤੇ)

6428 ਮੇਨ ਸਟਰੀਟ (48 ਅਤੇ ਮੇਨ 'ਤੇ)

ਫੋਨ : 325-6662 324-6172
(ਅਪਾਇੰਟਮੈਂਟ ਲੈ ਕੇ ਮਿਲੋ)

# ਅਮਰੀਕਾ ਸਾਲਟ ਸੰਧੀ 'ਤੇ ਅਮਲ ਕਰੇ : ਗੋਰਵਾਚੋਵ



ਮਾਸਕੋ — ਸੋਵੀਅਤ ਲੀਡਰ ਮਿਖਾਈਲ ਗੋਰਬਾਚੋਵ ਨੇ ਅਮਰੀਕਾ ਨੂੰ ਸਾਲਟ II ਸੰਧੀ 'ਤੇ ਅਮਲ ਕਰਨ ਲਈ ਫਿਰ ਸੱਦਾ ਦਿੱਤਾ ਹੈ।

ਸੋਵੀਅਤ ਖਬਰ ਏਜੰਸੀ ਤਾਸ ਅਨੁਸਾਰ ਗੋਰਵਾਚੋਵ ਨੇ ਕਿਹਾ ਕਿ ਮਾਸਕੋ ਨੇ 1979 'ਚ ਹੋਈ ਸੰਧੀ 'ਤੇ ਅਮਲ ਕੀਤਾ ਹੈ ਅਤੇ ਉਦੋਂ ਤੋਂ ਲੈ ਕੇ ਇਕ ਵੀ ਪ੍ਰਮਾਣੂ ਧਮਾਕਾ ਨਹੀਂ ਕੀਤਾ। ਸੋਵੀਅਤ ਯੂਨੀਅਨ ਇਸ ਰਾਹ 'ਤੇ ਚੱਲਣਾ ਚਾਹੁੰਦਾ ਹੈ ਜੇ ਅਮਰੀਕਾ ਸਹਿਯੋਗ ਦੇਵੇ।

ਗੋਰਵਾਚੋਵ ਨੇ ਕਿਹਾ ਕਿ ਮੁਖ ਲੋੜ ਪ੍ਰਮਾਣੂ ਜੰਗ ਤੋਂ ਦੁਨੀਆਂ ਨੂੰ ਬਚਾਉਣ ਦੀ ਹੈ।

ਗੋਰਵਾਚੋਵ ਨੇ ਅਮਰੀਕਾ 'ਤੇ ਦੋਸ਼ ਲਾਇਆ ਹੈ ਕਿ ਅਮਰੀਕਾ ਸੰਧੀਆਂ 'ਤੇ ਸਮਝੌਤਿਆਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਰਿਹਾ ਹੈ। ਅਮਰੀਕਾ ਨੇ ਕਮਿਊਨਿਸਟ ਮੁਲਖਾਂ ਦੇ ਖਿਲਾਫ ਮੁਹਿੰਮ ਸ਼ੁਰੂ ਕਰ ਰੱਖੀ ਹੈ।

ਸਾਲਟ II ਸੰਧੀ 1979 'ਚ ਵੀਆਨਾ ਵਿਖੇ ਉਦੋਂ ਦੇ ਅਮਰੀਕਨ ਪ੍ਰਧਾਨ ਜਿਮੀ ਕਾਰਟਰ ਅਤੇ ਬਰੇਜਨੇਵ ਵਿਚਕਾਰ ਹੋਈ ਸੀ।

ਅਮਰੀਕਨ ਪ੍ਰਧਾਨ ਰੀਗਨ ਨੇ ਪ੍ਰਮਾਣੂ ਰਹਿਤ ਜੋਨ ਕਾਇਮ ਕਰਨ ਦੀ ਗੋਰਵਾਚੋਵ ਦੀ ਸਲਾਹ ਨੂੰ ਇਸ ਕਰਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਅਮਰੀਕਾ ਸਮਝਦਾ ਹੈ ਕਿ ਇਸ ਨਾਲ ਕੋਈ ਫਰਕ ਨਹੀਂ ਪੈਣ ਲੱਗਾ।

# ਕੇਂਦਰ ਹੱਲ ਲੱਭਣ ਦੀ ਕੋਸ਼ਿਸ਼ 'ਚ

ਨਵੀਂ ਦਿੱਲੀ — ਜਦ ਕਿ ਕੇਂਦਰ ਸਰਕਾਰ ਪੰਜਾਬ ਦੀ ਸਮੱਸਿਆ ਨੂੰ ਹੱਲ ਕਰਨ ਲਈ ਅਤਿਵਾਦੀਆਂ ਨਾਲ ਸਖਤੀ ਨਾਲ ਨਜਿੱਠ ਰਹੀ ਹੈ, ਇਸਦੇ ਨਾਲ ਨਾਲ ਰਾਜਨੀਤਕ ਹੱਲ ਲੱਭਣ ਲਈ ਵੀ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ।

ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਦੀ ਗ੍ਰਿਫਤਾਰੀ ਤੋਂ ਬਾਅਦ ਕਾਂਗਰਸ ਦੇ ਐਮ. ਪੀ. ਇਸ ਵਾਰੇ ਵਿਚਾਰਾਂ ਕਰ ਰਹੇ ਹਨ। ਇਨ੍ਹਾਂ ਦੀ ਗ੍ਰਿਫਤਾਰੀ ਤੋਂ ਬਾਅਦ ਹੋਏ ਪ੍ਰਤੀਕਰਮ ਨੂੰ ਵੀ ਜਾਂਚਿਆ ਜਾ ਰਿਹਾ ਹੈ। ਬਹੁਗਿਣਤੀ ਐਮ. ਪੀ. ਦਾ ਵਿਚਾਰ ਹੈ ਕਿ ਇਨ੍ਹਾਂ ਗ੍ਰਿਫਤਾਰੀਆਂ ਦਾ ਕੋਈ ਫਾਇਦਾ ਨਹੀਂ। ਕੁਝ ਦਾ ਵਿਚਾਰ ਹੈ ਕਿ ਹੁਣ ਰਾਜਨੀਤਕ ਹੱਲ ਬਹੁਤਾ ਚਿਰ ਰੋਕਣਾ ਖਤਰਨਾਕ ਹੋਵੇਗਾ। ਕੁਝ ਸੀਨੀਅਰ ਲੀਡਰਾਂ ਨੇ ਇਹ ਗੱਲ ਰਾਜੀਵ ਗਾਂਧੀ ਨੂੰ ਵੀ ਸਪੱਸ਼ਟ ਕਰ ਦਿੱਤੀ ਹੈ।

ਸੂਤਰਾਂ ਅਨੁਸਾਰ ਕੋਈ ਪੱਕਾ ਹੱਲ ਲੱਭਣ ਲਈ ਵੀ ਕੋਸ਼ਿਸ਼ਾਂ ਜਾਰੀ ਹਨ। ਪੰਜਾਬ 'ਚੋਂ ਅਜਿਹੇ ਲੋਕ ਲੱਭਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜੋ ਸਾਰਿਆਂ ਨੂੰ ਪ੍ਰਵਾਨਤ ਹੋਣ। ਪੰਜਾਬ ਨਾਲ ਕਿਸੇ ਤਰ੍ਹਾਂ ਸਬੰਧਤ ਰਹੇ ਲੀਡਰਾਂ 'ਚੋਂ ਅਰਜਨ ਸਿੰਘ ਅਤੇ ਪੀ ਸ਼ਿਵ ਸ਼ੰਕਰ ਅਤੇ ਬੂਟਾ ਸਿੰਘ ਨੂੰ ਮਸਲਾ ਸੁਲਝਾਉਣ ਦੇ ਹੁਣ ਯੋਗ ਨਹੀਂ ਸਮਝਿਆ ਜਾ ਰਿਹਾ।

ਅਰਜਨ ਸਿੰਘ ਨੇ ਆਪਣੇ ਆਪ ਨੂੰ ਅਕਾਲੀਆਂ ਦੇ ਇਕ ਗਰੁੱਪ ਨਾਲ ਹੀ ਸਬੰਧਤ ਕਰ ਲਿਆ ਹੈ। ਬਾਦਲ ਗਰੁੱਪ ਅਤੇ ਜੋਧਪੁਰ ਦੇ ਕੈਦੀ ਉਹਦੇ ਨਾਲ ਗੱਲਬਾਤ ਕਰਨ ਲਈ ਤਿਆਰ ਨਹੀਂ ਹੋਣਗੇ। ਪੀ ਸ਼ਿਵ ਸ਼ੰਕਰ ਪੰਜਾਬ ਸਮੱਸਿਆ 'ਤੇ ਪ੍ਰਧਾਨ ਮੰਤਰੀ ਦਾ ਸਲਾਹਕਾਰ ਰਿਹਾ ਹੈ। ਭਜਨ ਲਾਲ ਦੇ ਨੇੜੇ ਹੋਣ ਕਰਕੇ ਇਸਦਾ ਰੋਲ ਵੀ ਨਾਂਹਪੱਖੀ ਹੀ ਹੈ। ਗ੍ਰਹਿ ਮੰਤਰੀ ਬੂਟਾ ਸਿੰਘ ਦੀ ਵੀ ਸਿੱਖ ਹਲਕਿਆਂ 'ਚ ਕੋਈ ਪੁੱਛ ਨਹੀਂ ਅਤੇ ਹੁਣੇ ਹੁਣੇ ਪਾਰਲੀਮੈਂਟ 'ਚ ਬਾਦਲ ਗਰੁੱਪ ਦੇ ਖਿਲਾਫ਼ ਬਿਆਨ ਦੇਣ ਨਾਲ ਬਾਦਲ ਗਰੁੱਪ ਉਸ 'ਤੇ ਭਰੋਸਾ ਨਹੀਂ ਕਰ ਸਕਦਾ।

ਰਾਜਨੀਤਕ ਸੂਤਰਾਂ ਅਨੁਸਾਰ ਜੋਧਪੁਰ ਦੇ ਕੈਦੀਆਂ ਦੀ ਰਿਹਾਈ ਅਤੇ ਭਗੌੜੇ ਫੌਜੀਆਂ ਦੀ ਪੂਰੀ ਤਰ੍ਹਾਂ ਬਹਾਲੀ ਦੋ ਮੁੱਖ ਮੁੱਦੇ ਹਨ ਜਿਨ੍ਹਾਂ ਨੂੰ ਨਜਿੱਠਣਾ ਜ਼ਰੂਰੀ ਹੈ। ਫੌਜ ਦੇ ਮੁੱਖੀ ਜਨਰਲ ਸੁੰਦਰਜੀ ਦੀ ਪਿਛਲੇ ਮਹੀਨੇ ਬਰਨਾਲਾ ਨਾਲ ਮੀਟਿੰਗ ਸਮੇਂ ਫੌਜੀਆਂ ਦੀ ਬਹਾਲੀ ਦੇ ਮਸਲੇ 'ਤੇ ਕਾਫੀ ਤਰੱਕੀ ਹੋਈ ਹੈ। ਬਹੁਤ ਸਾਰੇ ਫੌਜੀ ਬਹਾਲ ਕਰ ਦਿਤੇ ਗਏ ਹਨ। ਜਿਨ੍ਹਾਂ 'ਤੇ ਗੰਭੀਰ ਕੇਸ ਹਨ, ਉਨ੍ਹਾਂ ਨੂੰ ਬਹਾਲ ਕਰਨਾ ਸੰਭਵ ਨਹੀਂ। ਬਰਨਾਲਾ ਇਸ ਮਸਲੇ 'ਤੇ ਹੋਈ ਤਰੱਕੀ ਤੋਂ ਸੰਤੁਸ਼ਟ ਹੈ ਪਰ ਨਾ ਹੀ ਸਰਕਾਰ ਅਤੇ ਨਾ ਹੀ ਅਕਾਲੀ ਦਲ ਆਮ ਲੋਕਾਂ ਨੂੰ ਇਸ ਵਾਰੇ ਸਹਿਮਤ ਕਰਾ ਸਕਿਆ ਹੈ।

ਦੂਜਾ ਅਹਿਮ ਸਵਾਲ ਜੋਧਪੁਰ ਦੀ ਜੇਲ੍ਹ ਵਿਚ ਕੈਦ 369 ਸਿੱਖਾਂ ਦਾ ਹੈ ਜੋ ਆਰਮੀ ਐਕਸ਼ਨ ਵੇਲੇ ਸਰਕਾਰ ਦੇ ਖਿਲਾਫ ਜੰਗ ਛੇੜਣ ਦੇ ਦੋਸ਼ 'ਚ ਫੜੇ ਗਏ ਸਨ। ਸਰਕਾਰ ਨੇ ਇਸ ਸਬੰਧ 'ਚ ਕੁਝ ਨਹੀਂ ਕੀਤਾ। ਨਾ ਹੀ ਅਜੇ ਤੱਕ ਉਹਨਾਂ 'ਤੇ ਕੇਸ ਚਲਾਏ ਹਨ। ਰਾਜਨੀਤਕ ਹਲਕਿਆਂ 'ਚ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਸ ਸਬੰਧ ਵਿਚ ਵੀ ਕੁਝ ਕੀਤਾ ਜਾਣਾ ਚਾਹੀਦਾ ਹੈ। ਪ੍ਰਧਾਨ ਮੰਤਰੀ ਦੇ ਕੁਝ ਸਲਾਹਕਾਰ ਇਹ ਸਲਾਹ ਦੇ ਰਹੇ ਹਨ ਕਿ ਜੇ ਇਨ੍ਹਾਂ ਵਿਅਕਤੀਆਂ ਨੂੰ ਛੱਡਿਆ ਗਿਆ ਤਾਂ ਦੇਸ਼ 'ਚ ਇਸਦਾ ਪ੍ਰਤੀਕਰਮ ਬਹੁਤ ਤਿੱਖਾ ਹੋਵੇਗਾ।

1984 ਦੇ ਦੰਗਿਆਂ ਦੌਰਾਨ ਦੋਸ਼ੀ ਵਿਅਕਤੀਆਂ 'ਤੇ ਮੁਕੱਦਮੇ ਚਲਾਉਣ ਲਈ ਵੀ ਜ਼ੋਰ ਪੈ ਰਿਹਾ ਹੈ। ਸਰਕਾਰ ਇਸ ਤੋਂ ਕੰਨੀ ਕਤਰਾ ਰਹੀ ਹੈ ਪਰ ਕੋਈ ਫੈਸਲਾ ਤਾਂ ਲੈਣਾ ਹੀ ਪਵੇਗਾ। ਇਹਦੇ ਨਾਲ ਕਾਫੀ ਗੁੰਝਲਾਂ ਪੈ ਗਈਆਂ ਹਨ। ਸਰਕਾਰ ਨੇ ਦੋਸ਼ੀਆਂ ਖਿਲਾਫ਼ ਅਜੇ ਕੋਈ ਮੁਕੱਦਮਾ ਦਰਜ ਨਹੀਂ ਕੀਤਾ। ਸਰਕਾਰ ਲਈ ਇਸ ਦਾ ਕਾਰਨ ਦਸਣਾ ਬਹੁਤ ਮੁਸ਼ਕਲ ਹੋ ਜਾਏਗਾ।

ਵਿਰੋਧੀ ਨੇਤਾਵਾਂ ਐਲ. ਕੇ. ਅਡਵਾਨੀ ਅਤੇ ਮਧੂ ਦੰਡਵਤੇ ਦਾ ਵਿਚਾਰ ਹੈ ਕਿ ਸਰਕਾਰ ਹਰਿਆਣਾ 'ਚ ਹੋਣ ਵਾਲੀਆਂ ਚੋਣਾਂ ਤੋਂ ਪਹਿਲਾਂ ਕੁਝ ਨਹੀਂ ਕਰੇਗੀ। ਇਹ ਚੋਣਾਂ ਮਾਰਚ 'ਚ ਹੋ ਰਹੀਆਂ ਹਨ।

ਜੇ ਹੁਣ ਵੀ ਕੋਈ ਸਲਾਹ ਮਸ਼ਵਰਾ ਸ਼ੁਰੂ ਕੀਤਾ ਜਾਵੇ ਤਾਂ ਹਰਿਆਣਾ ਦੀਆਂ ਚੋਣਾਂ ਤਾਂ ਲੰਘ ਹੀ ਜਾਣਗੀਆਂ।

## ਸੁੱਤਾ ਪਿਆ ਕਤਲ

ਗੁਰਦਾਸਪੁਰ, -(ਯੂ ਐਨ ਆਈ) ਬੀਤੀ ਰਾਤ ਸ੍ਰੀਹਰਗੋਬਿੰਦਪੁਰ ਥਾਣੇ ਦੇ ਪਿੰਡ ਬੁਲੇਵਾਲ ਵਿਚ ਟਿਊਬਵੈੱਲ ਤੇ ਸੁੱਤੇ ਪਏ ਇਕ ਵਿਅਕਤੀ ਚੰਰਲ ਸਿੰਘ ਨੂੰ ਕੁਝ ਅਣਪਛਾਤੇ ਵਿਅਕਤੀ ਕਤਲ ਕਰਨ ਪਿੱਛੋਂ ਉਹਦਾ ਸਿਰ ਚੁੱਕ ਕੇ ਲੈ ਗਏ ਜੋ ਕਿ ਲਾਸ਼ ਤੋਂ 3 ਮੀਟਰ ਦੂਰ ਪਿਆ ਮਿਲਿਆ ਹੈ। ਕਤਲ ਦਾ ਕਾਰਨ ਨਿੱਜੀ ਦੁਸ਼ਮਣੀ ਦੱਸਿਆ ਜਾਂਦਾ ਹੈ। ਪੁਲਸ ਨੇ ਕੇਸ ਦਰਜ ਕਰ ਲਿਆ ਹੈ।

ਕਾਫਲੇ ਵਾਲੇ ਤੁਹਾਨੂੰ ਰੱਜ ਦਸਿਆ ਕਰਨਗੇ।
ਕਾਫਲੇ ਦੇ ਨਾਲ ਰਹਿਕੇ ਵੀ ਜੁਦਾ ਚਲਿਆ ਹਾਂ ਮੈਂ।


## ਡਾ. ਸਰਬਜੀਤ ਸਿੰਘ ਨੀਲ ਨੇ ਦੂਜਾ ਕਲੀਨਿਕ ਖੋਲ੍ਹਿਆ

ਆਪਣੇ ਮਰੀਜ਼ਾਂ ਦੀ ਸਹੂਲਤ ਲਈ ਡਾ. ਸਰਬਜੀਤ ਸਿੰਘ ਨੀਲ ਕੈਰੋਪਰੈਕਟਰ ਨੇ ਆਪਣਾ ਦੂਜਾ ਕਲੀਨਿਕ ਖੋਲ੍ਹ ਲਿਆ ਹੈ।

ਕੈਰੋਪਰੈਕਟਕ ਇਲਾਜ ਵਿਧੀ ਨਾਲ ਪਿਠ, ਗੋਡਿਆਂ, ਮੋਢਿਆਂ, ਸਿਰ ਦੇ ਦਰਦ ਅਤੇ ਹੋਰ ਇਹੋ ਜਿਹੀਆਂ ਬਿਮਾਰੀਆਂ ਦਾ ਇਲਾਜ ਸਫਲਤਾ ਨਾਲ ਕੀਤਾ ਜਾਂਦਾ ਹੈ।

ਮੈਡੀਕਲ ਸਰਵਸ ਪਲੈਨ ਅਧੀਨ ਤੁਸੀਂ ਸਾਲ ਵਿਚ ਬਾਰਾਂ ਵਾਰੀ ਇਹ ਇਲਾਜ ਕਰਵਾ ਸਕਦੇ ਹੋ। ਆਈ. ਸੀ. ਬੀ. ਸੀ. ਅਤੇ ਕਾਮਿਆਂ ਨੂੰ ਮੁਆਵਜ਼ੇ ਦੇ ਕੇਸ ਵੀ ਕਵਰ ਹੁੰਦੇ ਹਨ।

ਕੇਸਾਂ ਦੀ ਗੁੰਝਲਤਾ ਅਤੇ ਰੋਗ ਦੀ ਪਛਾਣ ਲਈ ਜ਼ਿਆਦਾ ਸਮਾਂ ਲੱਗਣ ਅਤੇ ਹਰ ਮਰੀਜ਼ ਦੀ ਚੰਗੀ ਤਰ੍ਹਾਂ ਜਾਂਚ ਪੜਤਾਲ ਹੋਣ ਕਰਕੇ ਅਪਾਇੰਟਮੈਂਟ ਲੈਣੀ ਜ਼ਰੂਰੀ ਹੈ।


## ਅਤਿਵਾਦ ਦਾ ਟਾਕਰਾ ਕਰਨ ਲਈ ਸਖਤ ਕਾਰ-ਵਾਈਆਂ ਜ਼ਰੂਰੀ

ਚੰਡੀਗੜ੍ਹ — ਲੋਕ ਸੰਪਰਕ ਮੰਤਰੀ ਨੱਥਾ ਸਿੰਘ ਦਾਲਮ ਨੇ ਕਿਹਾ ਹੈ ਕਿ ਪਿਛਲੇ ਦਿਨੀਂ ਹਿੰਸਾ ਵਿਚ ਤੇਜ਼ੀ ਆਉਣ ਕਾਰਨ ਸਰਕਾਰ ਲਈ ਅਤਿਵਾਦ ਦਾ ਟਾਕਰਾ ਕਰਨ ਲਈ ਪ੍ਰਸ਼ਾਸਕੀ ਕਾਰਵਾਈਆਂ ਕਰਨਾ ਜ਼ਰੂਰੀ ਹੋ ਗਿਆ ਸੀ। ਦੇਸ਼ ਦੁਸ਼ਮਣ ਤਾਕਤਾਂ ਦੇਸ਼ ਦੀ ਏਕਤਾ ਭੰਗ ਕਰਨ ਤੇ ਤੁਲੀਆਂ ਸਨ ਅਤੇ ਇਨ੍ਹਾਂ ਨਾਲ ਨਿਪਟਣ ਲਈ ਸਖਤ ਕਦਮ ਚੁਕਣੇ ਜ਼ਰੂਰੀ ਸਨ। ਦਾਲਮ ਇਥੇ ਲੋਕ ਸੰਪਰਕ ਅਫਸਰਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਰਾਜ ਦੇ ਦੋ ਪ੍ਰਮੁੱਖ ਫਿਰਕਿਆਂ ਵਿਚਾਲੇ ਪ੍ਰਾਚੀਨ ਤੋਂ ਚਲੇ ਆ ਰਹੇ ਭਾਈਚਾਰੇ ਨੂੰ ਕਾਇਮ ਰੱਖਣ ਦੀ ਲੋੜ ਹੈ। ਅੱਜ ਪੰਜਾਬ ਕਠਿਨ ਦੌਰ ਵਿਚੋਂ ਲੰਘ ਰਿਹਾ ਹੈ ਅਤੇ ਪ੍ਰਚਾਰ ਸਾਧਨਾਂ ਦਾ ਕੰਮ ਹੋਰ ਵੀ ਮਹੱਤਵਪੂਰਨ ਅਤੇ ਮੁਸ਼ਕਿਲ ਹੋ ਗਿਆ ਹੈ। ਅਖਬਾਰ ਸਹੀ ਤਸਵੀਰ ਪੇਸ਼ ਕਰਨ ਲਈ ਪ੍ਰਭਾਵਸ਼ਾਲੀ ਰੋਲ ਅਦਾ ਕਰ ਸਕਦੇ ਹਨ। ਮੀਡੀਆ ਨੂੰ ਅਪਰਾਧਾਂ ਬਾਰੇ ਖਬਰਾਂ ਛਾਪਣ ਵੇਲੇ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਜੇ ਅਜਿਹਾ ਨਾ ਕੀਤਾ ਜਾਵੇ ਤਾਂ ਲੋਕ ਭੜਕਦੇ ਹਨ।

## ਸੋਵੀਅਤ ਜਹਾਜ਼ ਹਾਦਸੇ 'ਚ 69 ਮਰੇ

ਬਰਲਨ — ਸੋਵੀਅਤ ਯੂਨੀਅਨ ਦੇ ਇੱਕ ਹਵਾਈ ਜਹਾਜ਼ ਦੇ ਪੂਰਬੀ ਜਰਮਨੀ ਵਿਚ ਤਬਾਹ ਹੋ ਜਾਣ ਨਾਲ 69 ਵਿਅਕਤੀਆਂ ਦੇ ਮਰਨ ਦੀ ਖਬਰ ਹੈ।

ਸੋਵੀਅਤ ਯੂਨੀਅਨ ਦੇ ਅਧਿਕਾਰੀ ਇਸ ਹਾਦਸੇ ਦੀ ਜਾਂਚ ਕਰ ਰਹੇ ਹਨ। ਏਅਰੋਫਲੋਟ ਦਾ ਇਹ ਜਹਾਜ਼ ਬਰਲਨ ਦੇ ਹਵਾਈ ਅੱਡੇ 'ਤੇ ਉਤਰਨ ਹੀ ਵਾਲਾ ਸੀ ਜਦੋਂ ਇਹ ਤਬਾਹ ਹੋ ਗਿਆ। ਜਹਾਜ਼ ਵਿਚ ਕੁਲ 81 ਵਿਅਕਤੀ ਸਵਾਰ ਸਨ।


## ਖੇਤ ਮਜ਼ਦੂਰਾਂ ਲਈ ਅੰਗਰੇਜ਼ੀ ਦੀਆਂ ਕਲਾਸਾਂ

**ਰਜਿਸਟਰੇਸ਼ਨ ਦੀ ਆਖਰੀ ਤਾਰੀਖ ਦਸੰਬਰ 19, 1986 ਤੱਕ ਹੈ। ਇਹ ਕਲਾਸਾਂ ਜਨਵਰੀ 1987 ਤੋਂ ਲੈ ਕੇ ਅਪ੍ਰੈਲ '87 ਤੱਕ ਹੋਣਗੀਆਂ।**

ਇਹ ਕਲਾਸਾਂ ਸਾਰੇ ਖੇਤ ਮਜ਼ਦੂਰਾਂ ਲਈ ਹਨ। ਇਹਨਾ ਕਲਾਸਾਂ ਦੌਰਾਨ ਵਲੰਟੀਅਰ ਟੀਚਰ ਹਫਤੇ ਵਿਚ ਦੋ ਵਾਰੀ ਤੁਹਾਡੇ ਘਰ ਆ ਕੇ ਅੰਗਰੇਜ਼ੀ ਪੜ੍ਹਾਇਆ ਕਰਨਗੇ।

**ਇਹਨਾਂ ਕਲਾਸਾਂ ਦੀ ਕੋਈ ਫੀਸ ਨਹੀਂ ਹੈ**

ਸਿੱਖਣ ਦੇ ਚਾਹਵਾਨ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਦਫਤਰ ਫੋਨ ਕਰੋ :—

430-6055

ਯੂਨੀਅਨ ਦੇ ਦਫਤਰ ਦਾ ਪਤਾ :—

# 1 — 4725 ਕਿੰਗਜ਼ਵੇ, ਬਰਨਬੀ, ਬੀ. ਸੀ. V5H 2C3



GM

WESTMINSTER
CHEVROLET OLDSMOBILE

"we run a very simple business"
Telephone (604) 521-7731

1984 ਦੇ ਗਰੈਂਡ ਸੇਲਜ਼ ਮਾਸਟਰ

ਸਾਡੇ ਕੋਲ ਨਵੀਆਂ, ਪੁਰਾਣੀਆਂ ਕਾਰਾਂ, ਸਪੋਰਟਸ ਕਾਰਾਂ, ਪਿਕ ਆਪ ਆਦਿ ਹਨ।
ਆਪ ਆਪਣੀ ਕਾਰ ਵੇਚਣ ਜਾਂ ਖ੍ਰੀਦਣ ਤੋਂ ਪਹਿਲਾਂ ਇਕ ਵਾਰੀ
ਗੁਰਜੀਤ ਬਾਵਾ ਨੂੰ ਮਿਲੋਂ
ਜਾਂ ਫੂਨ ਜ਼ਰੂਰ ਕਰੋ। ਉਹ ਤੁਹਾਨੂੰ ਵਧੀਆ ਕੀਮਤ ਤੇ ਕਾਰ ਦਿਵਾਉਣਗੇ। ਉਹ ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਵੀ ਕਰਵਾਉਣਗੇ।





ਗੁਰਜੀਤ ਢੀਂਡਸਾ ਬਾਵਾ

BUS. 521-7731 Pager 687-1985 ÷5531
12th. Street at Queens Ave., New Westminster - B.C.

# ਦੇਸ਼ ਦੇ ਹੋਰ ਟੋਟੇ ਨਹੀਂ ਹੋਣ ਦਿਆਂਗੇ — ਰਾਜੀਵ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਕਿਹਾ ਹੈ ਕਿ ਦੇਸ਼ ਦੇ ਦੂਜੀ ਵਾਰ ਬਟਵਾਰੇ ਦਾ ਪ੍ਰਸ਼ਨ ਹੀ ਨਹੀਂ ਉਠਦਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਕਿਸੇ ਵੀ ਹਾਲਤ ਵਿਚ ਦੂਜੀ ਵਾਰ ਦੇਸ਼ ਦੇ ਬਟਵਾਰੇ ਦੀ ਆਗਿਆ ਨਹੀਂ ਦੇਵੇਗੀ। ਉਨ੍ਹਾਂ ਨੂੰ ਮਿਲਣ ਆਏ ਹਾਈ ਕੋਰਟ ਬਾਰ ਐਸੋਸੀਏਸ਼ਨ ਦੇ 200 ਮੈਂਬਰੀ ਵਫਦ ਨੂੰ ਸੰਬੋਧਨ ਕਰਦਿਆਂ ਸ੍ਰੀ ਰਾਜੀਵ ਗਾਂਧੀ ਨੇ ਇਹ ਸਪੱਸ਼ਟ ਕੀਤਾ ਕਿ ਸਰਕਾਰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ 'ਸਖਤ ਅਤੇ ਆਕਰਮਣਸ਼ੀਲ' ਕਦਮ ਚੁਕੇਗੀ। ਹਰੇਕ ਵਿਅਕਤੀ ਦੀ ਇਹ ਜ਼ਿਮੇਵਾਰੀ ਹੈ ਕਿ ਉਹ ਪੰਜਾਬ ਵਿਚ ਗੁਮਰਾਹਕੁਨ ਪ੍ਰਚਾਰ ਨਾ ਹੋਣ ਦੇਵੇ ਤੇ ਉਥੇ ਫਿਰਕੂ ਸਥਿਤੀ ਨੂੰ ਰੋਕਿਆ ਜਾਵੇ। ਖੁੱਡਾ ਲਾਗੇ ਬੱਸ ਕਾਂਡ ਵਿਚ ਹੋਏ ਕਤਲੇਆਮ ਤੇ ਗੁੱਸਾ ਪ੍ਰਗਟ ਕਰਦਿਆਂ ਸ੍ਰੀ ਗਾਂਧੀ ਨੇ ਕਿਹਾ ਕਿ ਫਿਰਕੂ ਵੰਡੀਆਂ ਪਾਉਣ ਦਾ ਦਹਿਸ਼ਤਪਸੰਦਾਂ ਦਾ ਇਹ ਇਕ ਹੋਰ ਕਮੀਨਾ ਯਤਨ ਹੈ। ਉਨ੍ਹਾਂ ਨੇ ਇਨ੍ਹਾਂ ਦੇਸ਼ ਧਰੋਹੀ ਅਨਸਰਾਂ ਦੀਆਂ ਸਾਜ਼ਿਸ਼ਾਂ ਪ੍ਰਤੀ ਸਾਵਧਾਨ ਕਰਦੇ ਹੋਏ ਕਿਹਾ ਕਿ ਉਹ ਪੰਜਾਬ ਤੋਂ ਸਮੁੱਚੇ ਦੇਸ਼ ਨੂੰ ਭੜਕਾਉਣ ਦਾ ਕੰਮ ਸ਼ੁਰੂ ਕਰਨਾ ਚਾਹੁੰਦੇ ਹਨ। ਉਹ ਗੜਬੜ ਪੈਦਾ ਕਰਕੇ ਦੇਸ਼ ਦੀ ਤਰੱਕੀ ਵਿਚ ਰੁਕਾਵਟ ਪਾਉਣਾ ਚਾਹੁੰਦੇ ਹਨ ਅਤੇ ਸਰਹੱਦੀ ਰਾਜ ਦੇ ਅੰਦਰ ਤੇ ਬਾਹਰ ਇਸ ਦੇ ਪ੍ਰਤੀਕਰਮ ਨੂੰ ਵੇਖ ਰਹੇ ਹਨ। ਪੰਜਾਬ ਵਿਚ ਇਹ ਯਤਨ ਬੜਾ ਸਪੱਸ਼ਟ ਹੈ ਕਿ ਘੱਟ ਗਿਣਤੀ ਫਿਰਕੇ ਤੇ ਇਹ ਕਾਰਵਾਈ ਸ਼ੁਰੂ ਕੀਤੀ ਜਾਏ ਇਹ ਗੱਲ ਹੁਣ ਸਪੱਸ਼ਟ ਹੋ ਗਈ ਹੈ ਕਿ ਦਹਿਸ਼ਤਪਸੰਦਾਂ ਦੀਆਂ ਜੜ੍ਹਾਂ ਕਿਸੇ ਹੋਰ ਥਾਂ ਹਨ ਅਤੇ ਉਨ੍ਹਾਂ ਨੂੰ ਦੇਸ਼ ਦੇ ਬਾਹਰੋਂ ਮੱਦਦ ਮਿਲ ਰਹੀ ਹੈ।

# ਪਾਕਿਸਤਾਨ ਨੇ ਹੋਰ ਹਵਾਈ ਪੱਟੀਆਂ ਬਣਾਈਆਂ

ਨਵੀਂ ਦਿੱਲੀ — ਪਾਕਿਸਤਾਨ ਨੇ ਜੰਮੂ ਤੇ ਕਸ਼ਮੀਰ ਸੀਮਾ ਦੇ ਨਾਲ ਨਾਲ ਮਕਬੂਜ਼ਾ ਕਸ਼ਮੀਰ ਦੇ ਮੁਜ਼ਰਾਬਾਦ ਰਾਵਲਕੋਟ ਅਤੇ ਮੀਰਪੁਰ ਵਿਚ ਹੋਰ ਨਵੀਆਂ ਤਿੰਨ ਹਵਾਈ ਪੱਟੀਆਂ ਬਣਾ ਲਈਆਂ ਹਨ ਜਦੋਂ ਕਿ ਹੋਰ ਇਕ ਪੱਟੀ ਸਕਾਰੂ ਵਿਖੇ ਬਣਾਈ ਜਾ ਰਹੀ ਹੈ। ਰੱਖਿਆ ਰਾਜ ਮੰਤਰੀ ਸ੍ਰੀ ਅਰੁਨ ਸਿੰਘ ਨੇ ਰਾਜ ਸਭਾ ਵਿਚ ਦੱਸਿਆ ਕਿ ਪਾਕਿਸਤਾਨ ਨੇ ਪੰਜਾਬ ਤੇ ਰਾਜਸਥਾਨ ਦੀ ਸਰਹੱਦ ਦੇ ਨਾਲ ਨਾਲ ਮੀਰਪੁਰ ਖਾਸ ਰਾਜਨਪੁਰ ਅਤੇ ਵਿਹਾਰੀਹਾਲੌਂਗ ਵਿਚ ਵੀ ਹਵਾਈ ਪੱਟੀਆਂ ਤਿਆਰ ਕਰ ਲਈਆਂ ਹਨ। ਇਸ ਤੋਂ ਇਲਾਵਾ ਇਸੇ ਖਿੱਤੇ ਵਿਚ ਰ੍ਹੂਰ ਰਹੀਅਮ ਯਾਰਖਾਨ, ਬਹਾਵਲਪੁਰ, ਹਾਸਲਪੁਰ ਅਤੇ ਰਾਹਵਾਲੀ ਦੀਆਂ ਹਵਾਈ ਪੱਟੀਆਂ ਦਾ ਵਿਕਾਸ ਕੀਤਾ ਜਾ ਰਿਹਾ ਹੈ। ਸ੍ਰੀ ਸਿੰਘ ਨੇ ਪਾਕਿਸਤਾਨ ਨੂੰ ਅਮਰੀਕਾ ਤੋਂ ਮਿਲ ਰਹੇ ਅਵਾਕਸ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਾਕਿਸਤਾਨ ਪ੍ਰਸਤਾਵਿਤ ਅਵਾਕਸ ਅਤੇ ਦੂਸਰੇ ਆਧੁਨਿਕ ਘਾਤਕ ਹਥਿਆਰ ਮਿਲਣ ਤੋਂ ਵਧ ਰਹੇ ਖਤਰੇ ਦੇ ਟਾਕਰੇ ਲਈ ਉਚਿਤ ਕਦਮ ਚੁਕੇ ਜਾ ਰਹੇ ਹਨ। ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਰਖਿਆ ਰਾਜ ਮੰਤਰੀ ਨੇ ਦੱਸਿਆ ਕਿ ਪਾਕਿਸਤਾਨ ਨੂੰ ਅਮਰੀਕਾ ਤੋਂ ਹੋਰ ਐਫ-16 ਬੰਬਾਰ ਮਿਲਣ ਦੀਆਂ ਵੀ ਖਬਰਾਂ ਹਨ। ਰਾਜ ਸਭਾ ਵਿਚ ਗ੍ਰਹਿ ਰਾਜ ਮੰਤਰੀ ਸ੍ਰੀ ਪੀ ਚਿੰਦਬਰਮ ਨੇ ਇਕ ਲਿਖਤੀ ਉਤਰ ਵਿਚ ਦੱਸਿਆ ਕਿ ਸਰਕਾਰ ਦਾ ਵਰਤਮਾਨ ਭ੍ਰਿਸ਼ਟਾਚਾਰ ਰੋਕਣ ਦੀਆਂ ਵਿਵਸਥਾਵਾਂ ਨੂੰ ਹੋਰ ਅਸਰਦਾਰ ਬਨਾਣ ਲਈ ਇਕ ਵਿਆਪਕ ਭ੍ਰਿਸ਼ਟਾਚਾਰ ਰੋਕੂ ਬਿਲ ਪੇਸ਼ ਕਰਨ ਦਾ ਪ੍ਰਸਤਾਵ ਹੈ। ਸ੍ਰੀ ਚਿਤਾਬਾਸੂ ਦੇ ਪ੍ਰਸ਼ਨ ਦਾ ਉਤਰ ਦੇਂਦਿਆਂ ਉਹਨਾਂ ਦੱਸਿਆ ਕਿ ਭ੍ਰਿਸ਼ਟ ਤਰੀਕੇ ਨਾਲ ਪ੍ਰਾਪਤ ਕੀਤੀ ਜਾਇਦਾਦ ਕੁਰਕ ਕਰਨ ਲਈ ਸਰਕਾਰ ਕੋਲ ਪਹਿਲਾਂ ਹੀ ਲੋੜੀਂਦੇ ਅਧਿਕਾਰ ਹਨ।

# ਸਿਆਸੀ ਵਿਅੰਗ

## ਜੈ ਬੰਸੀ ਵਾਲੇ ਦੀ

ਭਾਵੇਂ ਜ਼ਿਮਨੀ ਚੋਣਾਂ ਵਿਚ ਸਾਰੇ ਹਿੰਦੁਸਤਾਨ ਦੇ ਵੱਖ ਵੱਖ ਸੂਬਿਆਂ ਵਿਚ ਇੰਦਰਾ ਕਾਂਗਰਸ ਨੇ ਬਹੁਤ ਮਾਰ ਖਾਧੀ ਹੈ ਪਰ ਹਰਿਆਣੇ ਵਿਚ ਬੰਸੀ ਵਾਲੇ ਦੀ ਕ੍ਰਿਪਾ ਨਾਲ ਚੌਧਰੀ ਬੰਸੀ ਲਾਲ ਦੀ ਜੋ ਇਤਿਹਾਸਕ ਜਿੱਤ ਹੋਈ ਹੈ ਐਸੀ ਪਹਿਲਾਂ ਕਦੇ ਸੁਣੀ ਵੇਖੀ ਨਹੀਂ ਸੀ ਗਈ।

ਚੌਧਰੀ ਬੰਸੀ ਲਾਲ ਦੇ ਮੁਕਾਬਲੇ 'ਤੇ ਖੜੇ ਨੌਂ ਦੇ ਨੌਂ ਉਮੀਦਵਾਰ ਮੂਧੇ ਵੱਜੇ। ਚੌਧਰੀ ਬੰਸੀ ਲਾਲ ਤੋਂ ਜਿਹੜਾ ਦੂਜੇ ਨੰਬਰ 'ਤੇ ਆਇਆ ਉਹ ਵੀ ਪੰਜ ਸੌ ਵੋਟਾਂ ਨਾ ਲੈ ਸਕਿਆ।

ਹਰਿਆਣੇ ਦੇ ਲੋਕ ਦਲ ਦੇ ਲੀਡਰ ਤੋਸ਼ਾਮ ਹਲਕੇ ਵਿਚ ਇਸ ਭਿਆਨਕ ਚੋਣ-ਭੂਚਾਲ ਪਿਛੋਂ ਸੋਚ ਰਹੇ ਹੋਣਗੇ ਕਿ ਜਦੋਂ ਹਰਿਆਣੇ ਵਿਚ ਮੱਧਕਾਲੀ ਚੋਣਾਂ ਹੋਈਆਂ ਤਦ ਉਨ੍ਹਾਂ ਦਾ ਕੀ ਹਸ਼ਰ ਹੋਵੇਗਾ। ਕੁਝ ਲੋਕ ਇਹ ਵੀ ਸੋਚਦੇ ਹਨ ਕਿ ਹਾਕਮ ਪਾਰਟੀ ਨੇ ਬਾਹਰੋਂ ਲਿਆ ਕੇ ਬੋਗਸ ਵੋਟਾਂ ਭੁਗਤਾਈਆਂ।

ਹਰਿਆਣੇ ਦੀਆਂ ਇਨ੍ਹਾਂ ਚੋਣਾਂ ਦਾ ਸਭ ਤੋਂ ਵੱਡਾ ਸਦਮਾ ਸ਼ਾਇਦ ਚੌਧਰੀ ਭਜਨ ਲਾਲ ਨੂੰ ਹੋਵੇ। ਕਿਉਂਕਿ ਉਹ ਆਪਣੇ ਅਣਗਣਿਤ ਕਰਤੱਬਾਂ ਦੇ ਬਾਵਜੂਦ ਕਦੇ ਏਨੀਆਂ ਵੋਟਾਂ ਨਹੀਂ ਸਨ ਲੈ ਸਕੇ। ਵੋਟਾਂ ਪਈਆਂ ਢੱਠੇ ਖੂਹ 'ਚ, ਹੁਣ ਅੱਗੇ ਤੋਂ ਜਿੰਨਾ ਚਿਰ ਇਦਰਾ ਕਾਂਗਰਸ ਦੀ ਵਜ਼ਾਰਤ ਰਹੇਗੀ ਉਨਾ ਚਿਰ ਚੌਧਰੀ ਬੰਸੀ ਲਾਲ ਨੂੰ ਹੀ ਮੁੱਖ ਮੰਤਰੀ ਪਦ ਦੀ ਸੇਵਾ ਕਰਨੀ ਪਵੇਗੀ।

ਹਰ ਸਿਆਲ ਵਿਚ ਚੌਧਰੀ ਬੰਸੀ ਲਾਲ ਨੂੰ ਦਮੇ ਦੀ ਸ਼ਿਕਾਇਤ ਹੋ ਜਾਇਆ ਕਰਦੀ ਹੈ। ਐਤਕੀਂ ਸ਼ਾਇਦ ਦਮੇ ਦੀ ਬੀਮਾਰੀ ਜੜ੍ਹ ਤੋਂ ਹੀ ਚੁੱਕੀ ਜਾਵੇ ਜਾਂ ਉਨ੍ਹਾਂ ਦੇ ਥਾਂ ਚੌਧਰੀ ਦੇਵੀ ਲਾਲ ਨੂੰ ਜਾ ਲੱਗੇ।

## ਵਾਹਿਗੁਰੂ ਦੀ ਕਿਰਪਾ ਹੈ

ਬਰਨਾਲਾ ਸਰਕਾਰ ਵਿਚ ਕਈ ਵਜ਼ੀਰ ਪੈਸੇ ਕਮਾਊ ਮਹਿਕਮਿਆਂ 'ਤੇ ਕਬਜ਼ਾ ਰੱਖ ਕੇ ਵੀ ਅਸੰਤੁਸ਼ਟ ਵੇਖੇ ਹਨ ਤੇ ਫਿਰ ਵੀ ਆਪਣੇ ਨਾਲੋਂ ਵੱਧ ਮਾਇਆ ਕਮਾਉਣ ਵਾਲਿਆਂ ਵਿਰੁੱਧ ਈਰਖਾ ਦਾ ਪ੍ਰਗਟਾਵਾ ਕਰਦੇ ਰਹਿੰਦੇ ਹਨ। ਪਰ ਬਲਿਹਾਰੇ ਜਾਈਏ ਸਰਦਾਰ ਭਰਪੂਰ ਸਿੰਘ, ਚੇਅਰਮੈਨ ਫੌਰੈਸਟ ਕਾਰਪੋਰੇਸ਼ਨ ਦੇ ਜਿਨ੍ਹਾਂ ਪਾਸ ਨਾ ਕੋਈ ਦਫਤਰ ਹੈ ਤੇ ਨਾ ਕੋਈ ਟੈਲੀਫੋਨ। ਪਰ ਫਿਰ ਵੀ ਰਾਤ-ਦਿਨ ਬੂਟਿਆਂ ਨੂੰ ਪਾਣੀ ਪਾਉਣ ਲਈ ਭੱਜੇ ਫਿਰਦੇ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਬੂਟੇ ਵੱਡੇ ਹੁੰਦੇ ਜਾਣਗੇ। ਫਿਰ ਇਨ੍ਹਾਂ ਬੂਟਿਆਂ ਦੇ ਦਰੱਖਤ ਬਣ ਜਾਣਗੇ। ਫਿਰ ਸਰਕਾਰ ਨੂੰ ਦਰੱਖਤਾਂ ਦੇ ਪੈਸੇ ਆਉਣੇ ਸ਼ੁਰੂ ਹੋ ਜਾਣਗੇ। ਜਦੋਂ ਸਰਕਾਰ ਮਾਲਾਮਾਲ ਹੋ ਗਈ, ਫਿਰ ਮਹਿਕਮਾ ਜੰਗਲਾਤ ਦਾ ਦਫਤਰ ਵੀ ਖੁਲ੍ਹ ਜਾਵੇਗਾ। ਦਫਤਰ ਖੁੱਲ੍ਹ ਗਿਆ ਤਾਂ ਟੈਲੀਫੋਨ ਵੀ ਲੱਗ ਜਾਏਗਾ। ਟੈਲੀਫੋਨ ਲੱਗ ਗਿਆ ਤਾਂ ਅਸੀਂ ਦੂਜਿਆਂ ਨਾਲ 'ਹੈਲੋ' ਵੀ ਕਰ ਲਿਆ ਕਰਾਂਗੇ।

## ਰੇਅ ਕਿ ਬਰਨਾਲਾ

ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਸ਼ਕਲ ਸੂਰਤ ਤੋਂ ਭਾਵੇਂ ਮਾਡਰਨ ਹਿੰਦੂ ਲਗਦੇ ਹੋਣ ਪਰ ਦਰਅਸਲ ਉਹ ਵੀ ਬਾਕੀ ਸਿੱਖਾਂ ਵਰਗੇ ਸਿੱਖ ਹਨ। ਕਲਕੱਤੇ ਵਿਚ ਵੀ ਉਹ ਸਿੱਖਾਂ ਦੀਆਂ ਵੋਟਾਂ ਨਾਲ ਹੀ ਜਿੱਤਦੇ ਰਹੇ ਸਨ ਤੇ ਹੁਣ ਵੀ ਆਪਣੇ ਘਰ ਵਿਚ ਸਿਖ ਰਸਮਾਂ ਦਾ ਬੋਲ-ਬਾਲਾ ਰੱਖਿਆ ਹੈ। ਜਦੋਂ ਉਨ੍ਹਾਂ ਦੇ ਮਾਤਾ ਜੀ ਪੂਰੇ ਹੋਏ ਤਦ ਰੇਅ ਸਾਹਿਬ ਦੇ ਪਰਿਵਾਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਖੰਡ ਪਾਠ ਅਤੇ ਗੁਰੂ ਮਰਿਆਦਾ ਅਨੁਸਾਰ ਅੰਤਿਮ ਅਰਦਾਸ ਕਰਵਾਈ ਅਤੇ ਗੁਰਬਾਣੀ ਦਾ ਕੀਰਤਨ ਕਰਵਾਇਆ। ਮਗਰੋਂ ਅਟੁੱਟ ਲੰਗਰ ਵਰਤਾਇਆ।

ਪ੍ਰਦੇਸ਼ਿਕ ਸਮਾਚਾਰ ਦੀ ਸਿਲਵਰ ਜੁਬਲੀ ਦੇ ਮੌਕੇ 'ਤੇ ਚਾਚਾ ਚੰਡੀਗੜ੍ਹੀਆ ਨੇ ਰੇਅ ਸਾਹਿਬ ਦੀ ਹਾਜ਼ਰੀ ਵਿਚ ਬੋਲਦਿਆਂ ਕਿਹਾ ਕਿ ਬਰਨਾਲਾ ਸਾਹਿਬ ਮੇਰੇ ਬੜੇ ਪੁਰਾਣੇ ਮਿੱਤਰ ਹਨ ਪਰ ਜਦੋਂ ਮੈਂ ਰੇਅ ਸਾਹਿਬ ਤੇ ਬਰਨਾਲਾ ਸਾਹਿਬ ਦੀਆਂ ਸਰਗਰਮੀਆਂ ਵਲ ਤੱਕਦਾ ਹਾਂ ਤਦ ਮੈਂ ਅਨੁਭਵ ਕਰਦਾ ਹਾਂ ਕਿ ਕੀ ਚੰਗਾ ਹੁੰਦਾ ਜੇ ਰੇਅ ਸਾਹਿਬ ਪੰਜਾਬ ਦੇ ਮੁੱਖ ਮੰਤਰੀ ਹੁੰਦੇ ਤੇ ਬਰਨਾਲਾ ਸਾਹਿਬ ਇਥੋਂ ਦੇ ਗਵਰਨਰ ਹੁੰਦੇ। ਚਾਚਾ ਚੰਡੀਗੜ੍ਹੀਆ ਦੀ ਇਹ ਗੱਲ ਸੁਣ ਕੇ ਸਰੋਤੇ ਹੱਸ ਪਏ। ਕੁਝ ਇਕ ਨੇ ਤਾਂ ਇਹ ਵੀ ਸੋਚਿਆ ਕਿ ਸ਼ਾਇਦ ਚਾਚਾ ਗਵਰਨਰ ਸਾਹਿਬ ਦੇ ਬਿਆਨਾਂ 'ਤੇ ਵਿਅੰਗ ਕਰ ਰਿਹਾ ਹੈ। ਪਰ ਇਹ ਗੱਲ ਨਹੀਂ ਸੀ। ਚਾਚਾ ਸੱਚੇ ਦਿਲੋਂ ਰੇਅ ਸਾਹਿਬ ਦੀ ਸ਼ਲਾਘਾ ਕਰ ਰਿਹਾ ਸੀ। ਉਹ ਕਿਸੇ ਸਮੇਂ ਵੀ ਟਿਕ ਕੇ ਨਹੀਂ ਬੈਠਦੇ। ਕਿਧਰੇ ਕੋਈ ਮਾੜੀ ਮੋਟੀ ਘਟਨਾ ਵੀ ਵਾਪਰ ਜਾਏ ਤਾਂ ਉਸ ਦੀ ਤੁਰੰਤ ਆਪਣੇ ਤੌਰ 'ਤੇ ਪੁੱਛਗਿੱਛ ਕਰਦੇ ਹਨ ਅਤੇ ਕਈਆਂ ਥਾਵਾਂ 'ਤੇ ਦੌੜਦੇ ਹੋਏ ਪੁੱਜਦੇ ਹਨ। ਬਰਨਾਲਾ ਸਾਹਿਬ ਠੰਡੇ ਮਿੱਠੇ ਸਿਆਸਤਦਾਨ ਹਨ। ਹੌਲੀ ਹੌਲੀ ਸਰਬੱਤ ਦੇ ਭਲੇ ਦੇ ਹਿਸਾਬ ਨਾਲ ਚੀਫ ਮਨਿਸਟਰੀ ਚਲਾ ਰਹੇ ਹਨ।

## ਕਲਾਕਾਰ ਪੰਜਾਬ ਦੇ

ਜਿਨ੍ਹਾਂ ਪੰਜਾਬੀ ਕਲਾਕਾਰਾਂ ਨੂੰ ਸਰਕਾਰੀ ਤੇ ਗੈਰ-ਸਰਕਾਰੀ ਯਤਨਾਂ ਨਾਲ ਸੋਨੀਪਤ ਦੇ ਸਟੇਸ਼ਨ 'ਤੇ ਰੋਕਿਆ ਗਿਆ ਸੀ ਤੇ ਵਾਪਸ ਪੰਜਾਬ ਭੇਜਿਆ ਗਿਆ ਸੀ, ਉਨ੍ਹਾਂ ਬਾਰੇ ਸਰਕਾਰ ਦੀਆਂ ਗਲਤ ਫਹਿਮੀਆਂ ਦੂਰ ਹੋ ਗਈਆਂ ਜਾਪਦੀਆਂ ਹਨ। ਉਨ੍ਹਾਂ ਨੂੰ ਨਵੇਂ ਸਿਰਿਓਂ ਇਕੱਠੇ ਕਰਕੇ, ਏਅਰ ਕੰਡੀਸ਼ਿਡ ਬੱਸਾਂ ਵਿਚ ਬਿਠਾ ਕੇ ਦਿੱਲੀ ਪਹੁੰਚਾਇਆ ਗਿਆ ਹੈ ਤੇ ਉਨ੍ਹਾਂ ਨੂੰ ਕਿਹਾ ਗਿਆ ਹੈ ਕਿ ਹੁਣ ਤਸੀਂ "ਆਪਣਾ ਉਤਸਵ" ਵਿਚ ਆਪਣੀ ਕਲਾ ਦੇ ਜੌਹਰ ਵਿਖਾਓ।

ਉਨ੍ਹਾਂ ਕਲਾਕਾਰਾਂ ਦੀ ਕਲਾ ਦੇ ਨਮੂਨੇ ਵੇਖ ਕੇ ਕੁਝ ਕਲਾ ਆਲੋਚਕਾਂ ਨੇ ਕਿਹਾ ਹੈ ਕਿ ਹੁਣ ਇਹ ਪਹਿਲਾਂ ਵਾਲੀ ਤਾਲ ਵਿਚ ਨਹੀਂ ਆ ਰਹੇ। ਨਾ ਹੀ ਇਨ੍ਹਾਂ ਦੇ ਉਸ ਤਰ੍ਹਾਂ ਪੈਰ ਉਠਦੇ ਹਨ ਤੇ ਨਾ ਗਲਾਂ ਵਿਚੋਂ ਉਹੋ ਜਿਹਾ ਸੰਗੀਤ ਨਿਕਲਦਾ ਹੈ ਜਿਸ ਤਰ੍ਹਾਂ ਪਹਿਲਾਂ ਨਿਕਲਿਆ ਕਰਦਾ ਸੀ। ਦਰਅਸਲ ਕਲਾਕਾਰ ਬੜੇ ਸੂਖਮ ਵਿਅਕਤੀ ਹੁੰਦੇ ਹਨ। ਉਨ੍ਹਾਂ ਦਾ ਇਕ ਵਾਰ ਦਿਲ ਟੁੱਟ ਜਾਏ ਤਦ ਮਗਰੋਂ ਜੁੜਨਾ ਬੜਾ ਔਖਾ ਹੁੰਦਾ ਹੈ। ਜਿਨ੍ਹਾਂ ਲੋਕਾਂ ਨੇ ਇਨ੍ਹਾਂ ਕਲਾਕਾਰਾਂ ਦਾ ਦਿਲ ਤੋੜਿਆ ਸੀ, ਉਹ ਹੁਣ ਇਨ੍ਹਾਂ ਵਿਚੋਂ ਸਖਤ ਮਿਹਨਤ ਪਿਛੋਂ ਹੀ ਕੋਈ ਕਲਾ ਫੁੱਟਦੀ ਵੇਖ ਸਕਣਗੇ। ਕਲਾਕਾਰਾਂ ਨੂੰ ਝਿੜਕਣ ਦੀ ਵੀ ਲੋੜ ਨਹੀਂ ਹੁੰਦੀ। ਜ਼ਰਾ ਮੈਲੀਆਂ ਅੱਖਾਂ ਨਾਲ ਉਨ੍ਹਾਂ ਵੱਲ ਤੱਕੋ, ਵਿਚਾਰੇ ਏਨੇ ਵਿਚ ਹੀ ਮਰਨਹਾਕੇ ਹੋ ਜਾਂਦੇ ਹਨ।

## ਇਹ ਐਤਵਾਰ ਵੀ ਗਿਆ

ਆਮ ਤੌਰ 'ਤੇ ਪੱਛਮੀ ਦੇਸ਼ਾਂ ਵਿਚ ਸ਼ਨਿਚਰ ਅਤੇ ਐਤਵਾਰ ਨੂੰ ਗਹਿ-ਗੱਡਵੀਆਂ ਛੁੱਟੀਆਂ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਲੋਕ ਸ਼ੁੱਕਰਵਾਰ ਦੀ ਸ਼ਾਮ ਨੂੰ ਹੀ ਕੰਮ ਤੋਂ ਵਿਹਲੇ ਹੁੰਦਿਆਂ ਸਾਰ ਆਪਣੀਆਂ ਗੱਡੀਆਂ ਲੈ ਕੇ ਵੱਖ ਵੱਖ ਟੂਰਿਸਟ ਬੰਗਲਿਆਂ ਨੂੰ ਚਲੇ ਜਾਂਦੇ ਹਨ। ਪਰ ਭਾਰਤ ਖਾਸ ਕਰ ਸਿੱਖਾਂ ਵਿਚ ਸ਼ਨਿਚਰ, ਐਤਵਾਰ ਦੇ ਦਿਨ ਸਮਾਜਿਕ ਕਾਰਜਾਂ ਲਈ ਵਰਤੇ ਜਾਂਦੇ ਹਨ। ਇਨ੍ਹਾਂ ਦਿਨਾਂ ਵਿਚ ਹੀ ਆਨੰਦ ਕਾਰਜ ਹੁੰਦੇ ਹਨ ਅਤੇ ਇਨ੍ਹਾਂ ਵਿਚ ਹੀ ਅੰਤਿਮ ਅਰਦਾਸਾਂ।

ਜ਼ਿਲਾ ਫਰੀਦਕੋਟ ਦੇ ਇਕ ਲੀਡਰ ਦੇ ਘਰ ਐਤਵਾਰ ਦੀ ਛੁੱਟੀ ਦੇ ਮਾਮਲੇ 'ਤੇ ਪ੍ਰੇਸ਼ਾਨੀ ਦੇ ਦ੍ਰਿਸ਼ ਦੇਖਣ ਵਿਚ ਆਏ। ਬੱਚੇ ਆਮ ਤੌਰ 'ਤੇ ਗੁਜ਼ਰਣ ਵਾਲਿਆਂ ਦੀਆਂ ਖਬਰਾਂ ਪੜ੍ਹ ਕੇ ਆਪਣੇ ਲੀਡਰ ਪਿਤਾ ਨੂੰ ਪੁੱਛਦੇ ਹਨ, "ਭਾਪਾ ਜੀ, ਤੁਸੀਂ ਇਸ ਬੰਦੇ ਨੂੰ ਜਾਣਦੇ ਸਉ? ਜਿਹੜਾ ਅਕਾਲ ਚਲਾਣਾ ਕਰ ਗਿਆ ਹੈ।"

"ਹਾਂ ਬੇਟਾ ਜਾਣਦਾ ਸਾਂ। ਉਹ ਮੇਰਾ ਮਿੱਤਰ ਸੀ।"

"ਉਸ ਤੋਂ ਵੀ ਮਾੜੀ ਗੱਲ ਇਹ ਹੋਈ ਹੈ, ਇਕ ਬੱਚਾ ਕਹਿੰਦਾ, "ਇਹ ਐਤਵਾਰ ਵੀ ਗਿਆ। ਤੁਸੀਂ ਉਨ੍ਹਾਂ ਦੇ ਭੋਗ 'ਤੇ ਜ਼ਰੂਰ ਜਾਣਾ ਹੋਵੇਗਾ। ਸਵੇਰੇ ਜਾਉਗੇ ਤੇ ਸ਼ਾਮੀਂ ਮੁੜੋਗੇ। ਅਸੀਂ ਘਰ ਵਿਚ ਬੈਠੇ ਬਿਤਰ ਬਿਤਰ ਝਾਕਦੇ ਰਹਾਂਗੇ। ਨਾ ਸਾਨੂੰ ਕਿਸੇ ਨੇ ਇਧਰ-ਉਧਰ ਸੈਰ ਕਰਵਾਉਣ ਲੈ ਜਾਣਾ ਹੈ ਤੇ ਨਾ ਘਰ ਵਿਚ ਇਕੱਠਿਆਂ ਬੈਠ ਕੇ ਖਾਣ-ਪੀਣ ਦਾ ਮੌਕਾ ਮਿਲੇਗਾ। ਅਸੀਂ ਕਈ ਹਫਤਿਆਂ ਤੋਂ ਸੋਚ ਰਹੇ ਹਾਂ ਕਿ ਤੁਸੀਂ ਸਾਨੂੰ ਮੁਰਗਾ ਖਵਾਉਗੇ ਜਾਂ ਕੋਈ ਸਵੀਟ ਡਿਸ਼। ਪਰ ਹਰ ਹਫਤੇ 3-4 ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਜਿਥੇ ਤੁਹਾਨੂੰ ਜਾਣਾ ਪੈਂਦਾ ਹੈ। ਐਤਕੀਂ ਅਸੀਂ ਸੋਚਿਆ ਸੀ ਕਿ ਤੁਹਾਨੂੰ ਨਾਲ ਲੈ ਕੇ ਨਾਨਕੇ ਜਾਵਾਂਗੇ ਪਰ ਇਸ ਬੰਦੇ ਦੇ, ਜੋ ਸ਼ਾਇਦ ਤੁਹਾਡਾ ਵੋਟਰ ਸੀ, ਮਰ ਜਾਣ ਨਾਲ ਸਾਡਾ ਇਹ ਐਤਵਾਰ ਵੀ ਗਿਆ।"

ਤੀਰ

ਸਮਰਾ ਬਰਦਰਜ ਰੂਫਿੰਗ ਐਂਡ ਇਨਸੂਲੇਸ਼ਨ ਲਿਮ: ਨੂੰ

**ਸ਼ੇਕ ਰੂਫਰਜ਼ ਦੀ ਲੋੜ ਹੈ**

- ਤਜਰਬਾਕਾਰ ਸ਼ੇਕ ਰੂਫਰਜ਼ ਲਈ ਵਧੀਆ ਤਨਖਾਹ
- ਸ਼ੇਕ ਰੂਫਰਜ਼ ਦਾ ਕੰਮ ਸਿੱਖਣ ਵਾਲੇ ਵੀ ਅਰਜ਼ੀ ਦੇ ਸਕਦੇ ਹਨ

ਹੋਰ ਜਾਣਕਾਰੀ ਲਈ ਫੋਨ ਕਰੋ

273-4473

**Samra Bros. Roofing and Insulation Ltd.**

# ਜਹਾਜ਼ ਤਬਾਹ ਕਰਨ ਲਈ 20 ਕਿਲੋ ਹੈਰੋਇਨ ਦੀ ਪੇਸ਼ਕਸ਼ ਕੀਤੀ ਸੀ

ਮਾਂਟਰੀਅਲ — ਜੂਨ ਮਹੀਨੇ ਵਿਚ ਏਅਰ ਇੰਡੀਆ ਦੇ ਇਕ ਜਹਾਜ਼ ਨੂੰ ਉਡਾ ਦੇਣ ਦਾ ਯਤਨ ਕਰਨ ਦੇ ਦੋਸ਼ੀ ਦੋ ਕਥਿਤ ਅਤਿਵਾਦੀਆਂ ਨੇ ਇਕ ਵਿਅਕਤੀ ਨੂੰ ਇਹ ਹਮਲਾ ਕਰਨ ਲਈ 20 ਕਿਲੋ ਹੈਰੋਇਨ ਦੇਣ ਦੀ ਪੇਸ਼ਕਸ਼ ਕੀਤੀ ਸੀ। ਇਹ ਦੋਸ਼ ਇਥੇ ਇਕ ਅਦਾਲਤੀ ਸੁਣਵਾਈ ਸਮੇਂ ਲਾਇਆ ਗਿਆ। ਇਹ ਪੇਸ਼ਕਸ਼ ਕਰਨ ਦੇ ਕਥਿਤ ਦੋਸ਼ੀ 24 ਵਰ੍ਹਿਆਂ ਦੇ ਸੰਤੋਖ ਸਿੰਘ ਖੇਲਾ ਅਤੇ 41 ਵਰ੍ਹਿਆਂ ਦੇ ਕਸ਼ਮੀਰ ਸਿੰਘ ਢਿੱਲੋਂ ਨੂੰ ਜੇ ਸੱਚਮੁਚ ਦੋਸ਼ੀ ਪਾਇਆ ਗਿਆ ਤਾਂ ਦੋਹਾਂ ਨੂੰ 19 ਸਾਲ ਕੈਦ ਤੱਕ ਦੀ ਸਜ਼ਾ ਦਿਤੀ ਜਾ ਸਕੇਗੀ। ਅਦਾਲਤ ਨੂੰ ਦੱਸਿਆ ਗਿਆ ਕਿ ਅਮਰੀਕਾ ਦੀ ਫੈਡਰਲ ਜਾਂਚ ਬਿਊਰੋ (ਐਫ. ਬੀ. ਆਈ) ਦੇ ਖੁਫੀਆਂ ਏਜੰਟ ਫਰੈਕ ਮੀਲੀ ਨੇ ਉਹਨਾਂ ਦੋਹਾਂ ਨੂੰ ਦੱਸਿਆ ਸੀ ਕਿ ਉਹ ਵੀਅਤਨਾਮੀ ਯੋਧਾ ਹੈ ਅਤੇ ਧਮਾਕੇ ਕਰਨ ਬਾਰੇ ਮਾਹਿਰ ਹੈ। ਇਸ ਤੇ ਦੋਹਾਂ ਨੇ ਉਸ ਨੂੰ ਨਸ਼ੀਲੇ ਪਦਾਰਥ (ਹੈਰੋਇਨ) ਦੀ ਪੇਸਕਸ਼ ਕੀਤੀ। 20 ਕਿਲੋ ਹੈਰੋਇਨ ਦੇਣ ਬਦਲੇ ਉਕਤ ਦੋਵੇਂ ਚਾਹੁੰਦੇ ਸਨ ਕਿ ਏਅਰ ਇੰਡੀਆ ਦੇ ਬੋਇੰਗ 747 ਹਵਾਈ ਜਹਾਜ਼ ਨੂੰ ਨਿਊਯਾਰਕ ਦੇ ਜੇ ਐਫ ਕਨੇਡੀ ਹਵਾਈ ਅੱਡੇ ਤੋਂ ਉਡਦਿਆਂ ਹੀ ਉਦੋਂ ਉਡਾ ਦਿਤਾ ਜਾਵੇ ਜਦੋਂ ਭਾਰਤ ਦਾ ਬਦੇਸ਼ ਰਾਜ ਮੰਤਰੀ ਕੇ ਆਰ ਨਰਾਇਣਨ ਵੀ ਉਸੇ ਜਹਾਜ਼ 'ਚ ਸਵਾਰ ਹੋਏ। ਤਿੰਨਾਂ ਵਿਅਕਤੀਆਂ ਵਿਚਾਲੇ ਹੋਈ ਗਲਬਾਤ ਦੀ ਟੇਪ ਰਿਕਾਰਡ ਜਿਸ ਨੂੰ ਕਿ ਕੈਨੇਡਾ ਪੁਲਸ ਵਲੋਂ ਮਾਂਟਰੀਅਲ ਵਿਚ ਟੇਪ ਰਿਕਾਰਡ ਕੀਤਾ ਗਿਆ ਸੀ, ਨੂੰ ਅਦਾਲਤ ਵਿਚ ਵਜਾ ਕੇ ਸੁਣਾਇਆ ਗਿਆ। ਜੂਨ 1985 ਵਿਚ ਏਅਰ ਇੰਡੀਆ ਦਾ ਇਕ ਹੋਰ ਬੋਇੰਗ 747 ਹਵਾਈ ਜਹਾਜ਼, ਜਿਹੜਾ ਟਰਾਂਟੋ ਤੋਂ ਬੰਬਈ ਜਾ ਰਿਹਾ ਸੀ, ਆਇਰਲੈਂਡ ਕੋਲ ਧਮਾਕੇ ਪਿਛੋਂ ਹਾਦਸਾ ਗ੍ਰਸਤ ਹੋ ਕੇ ਸਮੁੰਦਰ ਵਿਚ ਜਾ ਡਿੱਗਾ ਸੀ, ਜਿਸ ਨਾਲ 329 ਮੁਸਾਫਿਰ ਤੇ ਅਮਲਾ ਮੈਂਬਰ ਮਾਰੇ ਗਏ ਸਨ। ਭਾਰਤ ਸਰਕਾਰ ਵਲੋਂ ਨਿਯੁਕਤ ਕੀਤੀ ਇਕ ਜਾਂਚ ਕਮੇਟੀ ਨੇ ਜਾਂਚ ਪਿਛੋਂ ਸਿੱਟਾ ਕੱਢਿਆ ਸੀ ਕਿ ਧਮਾਕਾ ਜਹਾਜ਼ ਵਿਚ ਰਖੇ ਗਏ ਬੰਬ ਕਾਰਨ ਹੋਇਆ ਸੀ ਅਤੇ ਇਹ ਬੰਬ ਕਿਸੇ ਅਤਿਵਾਦੀ ਵਲੋਂ ਜਹਾਜ਼ ਵਿਚ ਰਖਿਆ ਗਿਆ ਸੀ। ਕੈਨੇਡਾ ਵਿਚ ਲਗਪਗ 67000 ਸਿੱਖ ਰਹਿੰਦੇ ਹਨ ਜਿਹਨਾਂ ਵਿਚੋਂ ਦੋ ਤਿਹਾਈ ਪੱਛਮੀ ਪ੍ਰਾਂਤ ਬ੍ਰਿਟਿਸ਼ ਕੋਲੰਬੀਆ ਵਿਚ ਵਸਦੇ ਹਨ।

# ਸਿਟੀਜ਼ਨਸ਼ਿਪ ਜੱਜ ਮੁਅੱਤਲ

ਅਟਵਾ — ਸਿਟੀਜ਼ਨਸ਼ਿਪ ਕੋਰਟ ਦੇ ਇਕ ਜੱਜ ਨੂੰ ਆਪਣੇ ਕਾਰਜ ਖੇਤਰ 'ਚੋਂ ਬਾਹਰ ਜਾ ਕੇ ਕੰਮ ਕਰਨ ਦੇ ਦੋਸ਼ 'ਚ ਮੁਅੱਤਲ ਕਰ ਦਿੱਤਾ ਗਿਆ ਹੈ। ਸਟੇਟ ਸੈਕਰੇਟਰੀ ਡੇਵਿਡ ਕਰੌਮਬੀ ਨੇ ਦੱਸਿਆ ਕਿ ਉਸ ਨੇ ਇਕ ਇਮੀਗਰਾਂਟ ਨੂੰ ਬੇਹੂਦਾ ਸਵਾਲ ਪੁਛੇ।

ਸਿਟੀਜ਼ਨਸ਼ਿਪ ਜੱਜ ਸਟੀਫਨ ਵਾਲਟਰ ਨੇ ਭਾਰਤ 'ਚੋਂ ਆਏ ਇਕ ਇਮੀਗਰਾਂਟ ਨੂੰ ਕਿਹਾ ਕਿ ਉਹ ਕੰਜਰਵੇਟਿਵ ਪਾਰਟੀ ਨੂੰ ਵੋਟ ਪਾਏ। ਉਸ ਨੇ ਭਾਰਤ ਦੇ ਲੀਡਰਾਂ 'ਤੇ ਵੀ ਚਿੱਕੜ ਸੁਟਿਆ। ਗਾਂਧੀ ਪ੍ਰੀਵਾਰ ਦੇ ਖਿਲਾਫ ਵੀ ਜੱਜ ਨੇ ਇਤਰਾਜਯੋਗ ਗੱਲਾਂ ਕਹੀਆਂ ਅਤੇ ਉਸ ਨੂੰ ਕਮਿਊਨਿਸਟਾਂ ਦਾ ਪਿਠੂ ਦੱਸਿਆ।

# ਕੈਨੇਡੀਅਨ ਸ਼ਹਿਰੀ ਜਾਸੂਸੀ ਦੇ ਦੋਸ਼ 'ਚ ਗ੍ਰਿਫਤਾਰ

ਲੰਡਨ — ਈਰਾਨ 'ਚ ਇੰਜਨੀਅਰ ਦੇ ਤੌਰ 'ਤੇ ਕੰਮ ਕਰਦੇ ਕੈਨੇਡੀਅਨ ਸ਼ਹਿਰੀ ਫਿਲਿਪ ਬੋਡ ਇੰਗਜ਼ ਨੂੰ ਗ੍ਰਿਫਤਾਰ ਕਰਕੇ ਜਾਸੂਸੀ ਦਾ ਦੋਸ਼ ਲਾਇਆ ਗਿਆ ਹੈ।

ਈਰਾਨ ਸਰਕਾਰ ਦੇ ਸੂਤਰਾਂ ਨੇ ਕਿਹਾ ਹੈ ਕਿ ਫਿਲਿਪ ਨੂੰ ਮਿਲਟਰੀ ਏਰੀਏ ਦੀਆਂ ਫੋਟੋਆਂ ਸਮੇਤ ਫੜਿਆ ਗਿਆ ਹੈ ਅਤੇ ਉਹ ਇਹ ਬਾਹਰ ਲਿਜਾਣਾ ਚਾਹੁੰਦਾ ਸੀ।

ਬੁਲਾਰੇ ਨੇ ਕਿਹਾ ਕਿ ਇੰਗਜ ਨੂੰ 2 ਦਸੰਬਰ ਨੂੰ ਸਿਕਿਉਰਟੀ ਅਫਸਰਾਂ ਨੇ ਗ੍ਰਿਫਤਾਰ ਕੀਤਾ ਸੀ। ਈਰਾਨ 'ਚ ਕੈਨੇਡੀਅਨ ਅੰਬੈਂਸੀ ਨਾ ਹੋਣ ਕਰਕੇ ਡੈਨਮਾਰਕ ਦਾ ਅੰਬੈਸਡਰ ਕੈਨੇਡੀਅਨ ਪ੍ਰਤੀਨਿਧ ਹੈ। ਡੈਨਮਾਰਕ ਦੇ ਅੰਬੈਂਸਡਰ ਇਬ ਐਂਡਰਸਨ ਨੇ ਇਸ ਗੱਲ 'ਤੇ ਟਿੱਪਣੀ ਕਰਨ ਤੂੰ ਇਨਕਾਰ ਕਰ ਦਿਤਾ ਹੈ ਕਿ ਕੈਨੇਡਾ ਸਰਕਾਰ ਨੇ ਉਹਨੂੰ ਤਹਿਰਾਨ ਨਾਲ ਗੱਲਬਾਤ ਕਰਨ ਲਈ ਕਿਹਾ ਹੈ।

ਇੰਗਜ ਜੋ ਕਿ ਇਕ ਅੰਤਰਰਾਸ਼ਟਰੀ ਤੇਲ ਕੰਪਨੀ 'ਚ ਇੰਜਨੀਅਰ ਦੇ ਤੌਰ 'ਤੇ ਕੰਮ ਕਰਦਾ ਹੈ ਨੂੰ ਉਸ ਵੇਲੇ ਹਿਰਾਸਤ 'ਚ ਲਿਆ ਗਿਆ ਜਦ ਉਹ ਕੈਨੇਡਾ ਤੋਂ ਪਰਤਿਆ ਸੀ।

ਈਰਾਨੀ ਬਿਦੇਸ਼ ਮੰਤਰਾਲੇ ਅਨੁਸਾਰ ਉਸ ਕੋਲੋਂ ਵਰਜਿਤ ਮਿਲਟਰੀ ਇਲਾਕੇ ਦੀਆਂ ਤਸਵੀਰਾਂ, ਡਾਕੂਮੈਂਟ ਅਤੇ ਕੁਝ ਹੋਰ ਮੈਟਰ ਮਿਲਿਆ ਹੈ।

# ਸ਼ਰਾਬੀ ਡਰਾਈਵਰ ਨੂੰ 5 ਸਾਲ ਦੀ ਕੈਦ

ਸ਼ਰਾਬ ਪੀ ਕੇ ਅਣਗਹਿਲੀ ਨਾਲ ਡਰਾਈਵਿੰਗ ਕਰਕੇ ਦੋ ਵਿਅਕਤੀਆਂ ਨੂੰ ਮਾਰ ਦੇਣ ਦੇ ਦੋਸ਼ ਵਿਚ ਬੀ. ਸੀ. ਸੁਪਰੀਮ ਕੋਰਟ ਨੇ ਐਬਟਸਫੋਰਡ ਦੇ ਇਕ ਵਿਅਕਤੀ ਡੈਨਿਸ ਇੱਪ ਨੂੰ ਪੰਜ ਸਾਲ ਕੈਦ ਦੀ ਸਜ਼ਾ ਦਿਤੀ ਹੈ।

7 ਅਗਸਤ, 1985 ਨੂੰ ਇੱਪ ਨੇ ਸ਼ਰਾਬੀ ਹਾਲਤ ਵਿਚ ਇਕ ਭੀੜ 'ਤੇ ਕਾਰ ਚੜ੍ਹਾ ਦਿਤੀ ਅਤੇ ਦੋ ਵਿਅਕਤੀ ਮਾਰੇ ਗਏ। ਉਸ 'ਤੇ ਅਣਗਹਿਲੀ ਕਰਨ ਦਾ ਦੋਸ਼ ਲਾਇਆ ਗਿਆ ਸੀ। ਇੱਪ ਦੇ ਖੂਨ ਦਾ ਅਲਕੋਹਲਕ ਲੈਵਲ ਕਾਨੂੰਨੀ ਲੈਵਲ ਨਾਲੋਂ ਦੁੱਗਣਾ ਸੀ।

ਇੱਪ ਨੂੰ ਦਸ ਸਾਲ ਲਈ ਡਰਾਈਵਿੰਗ ਕਰਨ ਤੋਂ ਵੀ ਰੋਕ ਦਿੱਤਾ ਗਿਆ ਹੈ।


ਆਪਣੇ ਵਪਾਰ ਵਿਚ ਵਾਧਾ ਕਰਨ
ਲਈ ਇਕੋ ਇਕ ਨਾਂ ਯਾਦ ਰੱਖੋ
'ਕੈਨੇਡਾ ਦਰਪਣ'
ਫੋਨ : 581-4473


# ਕ੍ਰਿਸਮਿਸ ਅਤੇ ਨਵੇਂ ਸਾਲ ਦਾ 'ਕੈਨੇਡਾ ਦਰਪਣ' ਦਾ ਵਿਸ਼ੇਸ਼ ਅੰਕ

25 ਦਸੰਬਰ ਨੂੰ 'ਕੈਨੇਡਾ ਦਰਪਣ' ਦਾ ਵਿਸ਼ੇਸ਼ ਸਾਲਾਨਾ ਅੰਕ ਪ੍ਰਕਾਸ਼ਤ ਹੋ ਰਿਹਾ ਹੈ।

**ਪਾਠਕਾਂ ਨੂੰ 1987 ਦਾ ਬਹੁ-ਰੰਗਾ ਕੈਲੰਡਰ ਵੀ ਉਸ ਵਿਸ਼ੇਸ਼ ਅੰਕ ਦੇ ਨਾਲ ਹੀ ਮਿਲੇਗਾ।**

ਵਪਾਰੀ ਸੱਜਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਆਪਣੇ ਪੰਨੇ ਹੁਣੇ ਹੀ ਰੀਜ਼ਰਵ ਕਰਵਾ ਲਵੋ। ਐਡਾਂ ਲਈ ਆਖਰੀ ਤਾਰੀਖ 22 ਦਸੰਬਰ 1986 ਹੋਵੇਗੀ।

—ਸਰਕੂਲੇਸ਼ਨ ਮੈਨੇਜਰ

## ਸ਼ੋਕ ਸਮਾਚਾਰ

ਕਰਮ ਸਿੰਘ ਧਨਵੰਤ ਦੇ ਪਿਤਾ ਜੀ ਸ: ਤੇਜਾ ਸਿੰਘ ਧਨਵੰਤ ਜੋ ਆਪਣੇ ਛੋਟੇ ਪੁੱਤਰ ਗੁਰਦੀਪ ਸਿੰਘ ਧਨਵੰਤ ਪਾਸ ਐਲਡਰਗਰੋਵ ਰਹਿੰਦੇ ਸਨ 9 ਦਸੰਬਰ ਦਿਨ ਮੰਗਲਵਾਰ ਨੂੰ ਸਵੇਰੇ ਗਿਆਰਾਂ ਵਜੇ ਸੁਰਗਵਾਸ ਹੋ ਗਏ ਹਨ। ਸਵਰਗਵਾਸੀ ਸ: ਤੇਜਾ ਸਿੰਘ ਦੀ ਉਮਰ 90 ਸਾਲ ਦੀ ਸੀ। ਉਹ ਆਪਣੇ ਪਿਛੇ ਤਿੰਨ ਪੁੱਤਰ ਜਿਨ੍ਹਾਂ ਵਿਚੋਂ ਦੋ ਕਰਮ ਸਿੰਘ ਤੇ ਗੁਰਦੀਪ ਸਿੰਘ ਇਥੇ ਕੈਨੇਡਾ ਵਿਚ ਹਨ ਅਤੇ ਅਜੀਤ ਸਿੰਘ ਇੰਗਲੈਂਡ ਵਿਚ ਹੈ ਅਤੇ ਦੋ ਧੀਆਂ ਜਿਨ੍ਹਾਂ ਵਿਚੋਂ ਇਕ ਬਿਸ਼ਨ ਕੌਰ ਮੁੱਤੀ ਇਥੇ ਹੈ ਅਤੇ ਦੂਜੀ ਭਗਵਾਨ ਕੌਰ ਚੰਦੀ ਇੰਡੀਆ ਵਿਚ ਹੈ।

**ਆਪਣੇ ਪੁੱਤਰਾਂ ਅਤੇ ਧੀਆਂ ਦੇ ਪਰਵਾਰਾਂ ਦੇ ਪੰਜਾਹ ਤੋਂ ਵੱਧ ਜੀਅ ਆਪਣੀ ਨਿਸ਼ਾਨੀ ਪਿਛੇ ਛੱਡ ਗਏ ਹਨ। ਸਾਥੀ ਤੇ ਦੋਸਤ ਮਿੱਤਰ ਜੋ ਆਖਰੀ ਦਰਸ਼ਨ ਕਰਨਾ ਚਾਹੁੰਦੇ ਹਨ ਦੇ ਗਿਆਤ ਲਈ ਸੂਚਨਾ ਦਿੱਤੀ ਜਾਂਦੀ ਹੈ ਕਿ ਸਵਰਗਵਾਸੀ ਸ: ਤੇਜਾ ਸਿੰਘ ਹੋਰਾਂ ਦਾ ਅੰਤਮ ਸੰਸਕਾਰ 20ਦਸੰਬਰ ਦਿਨ ਸਨਿਚਰਵਾਰ ਨੂੰ 11 ਵਜੇ ਵੈਨਕੂਵਰ ਹੈਮਿਲਟਨ ਮੌਰਚਰੀ ਵਿਖੇ ਕੀਤਾ ਜਾਵੇਗਾ। ਹੈਮਿਲਟਲ ਮੌਰਚਰੀ ਫਰੇਜ਼ਰ ਸਟਰੀਟ ਅਤੇ 41 ਐਵਨਿਊ ਤੇ ਹੈ।**

ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ:ਕਰਮ ਸਿੰਘ ਧਨਵੰਤ:942-1156

ਗੁਰਦੀਪ ਸਿੰਘ ਧਨਵੰਤ : 530-0202


ਵਾਜਬ ਕਿਰਾਏ ਚੰਗੇਰੀਆਂ ਸਹੂਲਤਾਂ ਲਈ
ਹਮੇਸ਼ਾਂ ਯਾਦ ਰੱਖੋ
ਬੈਂਸ ਟਰੈਵਲ ਸਰਵਿਸ
ਭਾਰਤ ਜਾਣ ਵਾਲਿਆਂ ਲਈ ਜੋ ਰਾਹ ਵਿਚ
ਕਿਤੇ ਰੁਕਣਾ ਨਹੀਂ ਚਾਹੁੰਦੇ, ਲਈ ਸਿੱਧੀਆਂ
ਫਲਾਈਟਾਂ ਦਾ ਵੀ ਪ੍ਰਬੰਧ ਹੈ

ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ
ਘੱਟ ਤੋਂ ਘੱਟ ਕਿਰਾਏ
ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ
BAINS TRAVEL SERVICE
6364 Fraser Street, Vancouver, B.C. Ph. 324-2277
935 Marine Drive Capilano Mall, N. Vancouver
1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ
ਮਾਨ ਸ਼ੂਅ ਸਟੋਰ
ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ
MENS, LADIES & CHILDRENS' SHOES AND LEATHER LUGGAGE & ACCESSORIES
Mohinder Singh Mann
ਮੁਹਿੰਦਰ ਸਿੰਘ ਮਾਨ
321-4353
MANN SHOE STORE
6570 MAIN ST., VANCOUVER, B.C.

# ਸਾਰੇ ਸੰਸਾਰ ਵਿਚ ਸਦੀਵੀ ਅਮਨ ਦੀ ਲੋੜ

**ਜੰਗ ਸਿੰਘ ਉਰਫ਼ ਅਮਨ ਸਿੰਘ (ਕੈਲੇਫੋਰਨੀਆ)**

"ਸੌ ਸਿਆਣਿਆਂ ਇਕੋ ਮੱਤ ਮੂਰਖ ਆਪੋ ਆਪਣੀ" ਦੀ ਅਖੌਤ ਅਨੁਸਾਰ ਸੰਸਾਰ ਭਰ ਦੇ ਸਿਆਣੇ ਮਨੁੱਖਾਂ ਦੀ ਇਕੋ ਰਾਏ ਹੈ ਕਿ ਸੰਸਾਰ ਵਿਚ ਇਸ ਵੇਲੇ ਸਦੀਵੀ ਅਮਨ ਦੀ ਲੋੜ ਹੈ। ਹੁਣ ਤੱਕ ਕੁਝ ਵੱਡੀਆਂ ਤਾਕਤਾਂ ਵਲੋਂ ਜੋ ਐਟਮੀ ਹਥਿਆਰ, ਹਾਈਡਰੋਜਨ ਬੰਬ ਤੇ ਜ਼ਹਿਰੀਲੀਆਂ ਗੈਸਾਂ ਤਿਆਰ ਕੀਤੀਆਂ ਗਈਆਂ ਹਨ, ਜੇ ਉਨ੍ਹਾਂ ਸਾਰੀਆਂ ਦੀ ਜਾਂ ਕੁਝ ਹਿਸੇ ਦੀ ਵਰਤੋਂ ਕੀਤੀ ਜਾਵੇ ਤਾਂ ਨਾ ਕੇਵਲ ਸਾਰੀ ਮਨੁਖਤਾ ਹੀ ਖਤਮ ਹੋ ਜਾਵੇਗੀ ਸਗੋਂ ਕੋਈ ਵੀ ਜਾਨਦਾਰ ਜੀਵ ਨਹੀਂ ਬਚੇਗਾ ਅਤੇ ਸਾਰੀ ਬਨਾਸਪਤੀ ਵੀ ਤਬਾਹ ਹੋ ਜਾਵੇਗੀ। ਇਸ ਮਹਾਂ ਪਰਲੌਂ ਦਾ ਜੋ ਭਿਆਨਕ ਨਕਸ਼ਾ ਸਾਇੰਸਦਾਨਾਂ ਤੇ ਮਨੁੱਖਤਾ ਦੇ ਹਿਤੈਸ਼ੀ ਵਿਦਵਾਨਾਂ ਖਿਚਿਆ ਹੈ ਉਸ ਨੇ ਵੱਡੀਆਂ ਤਾਕਤਾਂ ਦੇ ਮੁਖੀ ਲੀਡਰਾਂ ਨੂੰ ਵੀ ਇਕ ਮੇਜ ਤੇ ਬਹਿ ਕੇ ਸਦੀਵੀ ਅਮਨ ਕਾਇਮ ਕਰਨ ਵਾਸਤੇ ਸੋਚਣ ਵਿਚਾਰਨ ਲਈ ਮਜ਼ਬੂਰ ਕਰ ਦਿੱਤਾ ਹੈ। ਇਸੇ ਸਬੰਧ ਵਿਚ ਪ੍ਰਧਾਨ ਰੇਗਨ ਅਤੇ ਰੂਸ ਦੇ ਨੇਤਾ ਸ੍ਰੀ ਗਾਰਵਾਚੇਵ ਵਿਚਕਾਰ ਦੋ ਮੀਟਿੰਗਾਂ ਹੋ ਚੁਕੀਆਂ। ਭਾਵੇਂ ਉਨ੍ਹਾਂ ਵਿਚ ਪੂਰਨ ਸਫਲਤਾ ਨਹੀਂ ਮਿਲੀ ਪ੍ਰੰਤੂ ਇਸ ਗਲ ਤੇ ਦੋਵੇਂ ਨੇਤਾ ਸਹਿਮਤ ਹਨ ਕਿ ਐਟਮੀ ਜੰਗ ਦੀ ਤਬਾਹੀ ਤੋਂ ਸੰਸਾਰ ਨੂੰ ਬਚਾਇਆ ਜਾਵੇ ਤੇ ਜਿਹੜੇ ਐਟਮੀ ਹਥਿਆਰ ਤੇ ਦੂਰ ਤੱਕ ਮਾਰਨ ਕਰਨ ਵਾਲੀਆਂ ਮਿਜ਼ਾਇਲਾਂ ਆਦਿ ਇਕ ਦੂਜੇ ਵੱਲ ਸੇਧ ਕਰਕੇ ਬੀੜ ਰਖੀਆਂ ਹਨ ਉਨ੍ਹਾਂ ਨੂੰ ਹਟਾਇਆ ਜਾਵੇ। ਉਹ ਇਹ ਅਨੁਭਵ ਕਰਦੇ ਹਨ ਕਿ ਰੱਬ ਨਾ ਕਰੇ ਜੇ ਕਿਧਰੇ ਕਿਸੇ ਧਿਰ ਨੂੰ ਗਲਤ ਫਹਿਮੀ ਲੱਗ ਗਈ ਕਿ ਦੂਜੀ ਧਿਰ ਉਸਤੇ ਹਮਲਾ ਕਰਨ ਵਾਲੀ ਹੈ ਇਸ ਕਰਕੇ ਅਸੀਂ ਹੀ ਪਹਿਲ ਕਿਉਂ ਨਾ ਕਰੀਏ ? ਤਾਂ ਤੀਜੀ ਵੱਡੀ ਲੜਾਈ ਛਿੜ ਸਕਦੀ ਹੈ। ਦੁਨੀਆਂ ਦੇ ਕਈ ਹਿਸਿਆਂ ਵਿਚ ਛੋਟੀਆਂ ਛੋਟੀਆਂ ਲੜਾਈਆਂ ਹੋ ਰਹੀਆਂ ਹਨ ਜੋ ਕਿਸੇ ਵੇਲੇ ਵੱਡੀ ਲੜਾਈ ਦਾ ਰੂਪ ਵੀ ਧਾਰਨ ਕਰ ਸਕਦੀਆਂ ਹਨ। ਇਸ ਕਰਕੇ ਦੁਨੀਆਂ ਦਾ ਭਲਾ ਇਸ ਗੱਲ ਵਿਚ ਹੈ ਕਿ ਜੋ ਐਟਮੀ ਹਥਿਆਰ ਹੁਣ ਤੱਕ ਤਿਆਰ ਹੋ ਚੁਕੇ ਹਨ ਉਨ੍ਹਾਂ ਨੂੰ ਯੂ. ਐਨ. ਓ. ਦੇ ਮਾਹਰਾਂ ਦੀ ਦੇਖ ਰੇਖ ਹੇਠ ਜ਼ਾਇਆ (ਨਸ਼ਟ) ਕਰ ਦਿਤਾ ਜਾਵੇ ਤੇ ਅਗੋਂ ਲਈ ਸਭ ਧਿਰਾਂ ਐਟਮੀ ਹਥਿਆਰ ਬਨਾਉਣੇ ਬੰਦ ਕਰ ਦੇਣ। ਇਕ ਹਿੱਸੇ ਵਿਚ ਤਾਂ ਮਨੁਖ ਭੁਖਮਰੀ ਦਾ ਸ਼ਿਕਾਰ ਹੋ ਰਹੇ ਹਨ ਅਤੇ ਕਈ ਹਿਸਿਆਂ ਵਿਚ ਫਾਲਤੂ ਅਨਾਜ ਤੇ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਭੰਡਾਰ ਭਰੇ ਪਏ ਹਨ। ਇਹ ਇਤਨੀ ਅਸਮਾਨਤਾ ਕਿਉਂ ਹੈ ? ਇਸਦਾ ਕਾਰਣ ਹੈ ਕਿ ਕੁਝ ਦੇਸ਼ ਤੇ ਕੌਮਾਂ ਸਾਇੰਸ ਦੀਆਂ ਨਵੀਆਂ ਕਾਢਾਂ ਤੇ ਨਵੇਂ ਨਵੇਂ ਤਕਨੀਕੀ ਸਾਧਨਾਂ ਦੁਆਰਾ ਉਨਤੀ ਦੇ ਮੈਦਾਨ ਵਿਚ ਬਹੁਤ ਅੱਗੇ ਨਿਕਲ ਗਈਆਂ ਹਨ ਤੇ ਕੁਝ ਅਗਿਆਨਤਾ ਦੇ ਅੰਧੇਰੇ ਵਿਚ ਹੀ ਭਟਕ ਰਹੇ ਹਨ ਇਸ ਕਰਕੇ ਲੋੜ ਇਸ ਗੱਲ ਦੀ ਹੈ ਕਿ ਸਾਰੀ ਮਨੁੱਖਤਾ ਦੇ ਸਾਂਝੇ ਦੁਸ਼ਮਣ, ਗਰੀਬੀ, ਅਨਪੜ੍ਹਤਾ, ਅਸਮਾਨਤਾ (ਕਾਣੀ ਵੰਡ) ਅਤੇ ਬੀਮਾਰੀਆਂ ਵਿਰੁਧ ਸਾਂਝਾ ਸੰਘਰਸ਼ ਕੀਤਾ ਜਾਵੇ ਤੇ ਅਮਨ ਆਜ਼ਾਦੀ ਤੇ ਖੁਸ਼ਹਾਲੀ ਵਿਚ ਸਭ ਨੂੰ ਬਰਾਬਰ ਦਾ ਹਿਸੇਦਾਰ ਬਣਾਇਆ ਜਾਵੇ। ਜਿੰਨ੍ਹਾਂ ਭਰਮ ਭੁਲੇਖਿਆਂ ਤੇ ਗਲਤ ਫਹਿਮੀਆਂ ਦੇ ਕਾਰਨ ਕਈ ਦੇਸ਼ ਤੇ ਕੌਮਾਂ ਆਪਣੇ ਗਵਾਂਢੀਆਂ ਨਾਲ ਲੜ ਭਿੜ ਕੇ ਅਮਨ ਨੂੰ ਖਤਰੇ ਵਿਚ ਪਾ ਰਹੀਆਂ ਹਨ ਉਨ੍ਹਾਂ ਨੂੰ ਇਨ੍ਹਾਂ ਲੜਾਈ ਝਗੜਿਆਂ ਤੋਂ ਰੋਕਿਆ ਜਾਵੇ।

ਸਰਬ ਸੰਸਾਰ ਅਮਨ ਸੰਸਥਾ (ਜਿਸਦਾ ਕੇਂਦਰ ਜਾਪਾਨ ਵਿਚ ਹੈ) ਵਲੋਂ ਸਾਰੀ ਦੁਨੀਆਂ ਦੇ ਦੇਸ਼ਾਂ ਨੂੰ ਅਪੀਲ ਕੀਤੀ ਗਈ ਹੈ ਕਿ 31 ਦਸੰਬਰ ਨੂੰ ਇਕ ਮਿਥੇ ਹੋਏ ਸਮੇਂ ਅੰਮ੍ਰਿਤ ਵੇਲੇ 3 ਵਜੇ ਤੋਂ 5 ਵਜੇ ਤੱਕ ਸਾਰੇ ਸੰਸਾਰ ਦੇ ਮਨੁੱਖ ਸੰਸਾਰ ਅਮਨ ਲਈ ਪ੍ਰਾਰਥਨਾ ਕਰਨ ਅਤੇ ਇਕਾਂਤ ਵਿਚ ਬੈਠਕੇ ਅਮਨ ਲਈ ਦੁਆ ਕਰਨ। ਪ੍ਰਮਾਤਮਾ ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ ਉਹ ਸਰਬ ਸ਼ਕਤੀਵਾਨ ਹੈ ਜੋ ਹਰ ਮਨੁੱਖ ਦੇ ਹਿਰਦੇ ਵਿਚ ਜੋਤਿ ਰੂਪ ਹੋ ਕੇ ਵਿਆਪਕ ਹੈ। ਇਸ ਕਰਕੇ ਜੇ ਮਾਨਵਤਾ ਦੇ ਸੱਚੇ ਹਿਤੈਸ਼ੀ ਮਨੁੱਖ ਇਕ ਮਨ ਇਕ ਚਿਤ ਹੋ ਕੇ ਪ੍ਰਾਰਥਨਾ ਕਰਨਗੇ ਤਾਂ ਪ੍ਰਮਾਤਮਾ ਉਨ੍ਹਾਂ ਲੋਕਾਂ ਨੂੰ ਵੀ ਸੁਮੱਤ ਬਖਸ਼ੇਗਾ। ਜੋ "ਜੀਓ ਤੇ ਜਿਉਣ ਦਿਓ' ਦਾ ਸਰਬੱਤ ਦੇ ਭਲੇ ਵਾਲਾ ਅਸੂਲ ਭੁਲਾ ਕੇ ਮਰਨ ਮਾਰਨ ਤੇ ਤੁਲੇ



ਹੋਏ ਹਨ ਜਾਂ ਐਟਮੀ ਹਥਿਆਰਾਂ ਦੇ ਭੰਡਾਰ ਕਰਕੇ ਸਾਰੀ ਮਾਨਵਤਾ ਨੂੰ ਤਬਾਹ ਕਰਨ ਵਾਲੀ ਖਤਰਨਾਕ ਖੇਡ ਖੇਡ ਰਹੇ ਹਨ।

ਯੂ. ਐਨ. ਓ. ਨੇ 1986 ਦਾ ਸਾਲ ਅਮਨ ਦੇ ਸਾਲ ਵਲੋਂ ਮਨਾਉਣ ਦਾ ਐਲਾਨ ਕੀਤਾ ਸੀ ਪ੍ਰੰਤੂ ਅਮਨ ਦੇ ਹੱਕ ਵਿਚ ਉਤਨਾ ਪ੍ਰਭਾਵਸ਼ਾਲੀ ਕੰਮ ਨਹੀਂ ਹੋਇਆ ਜਿਤਨਾ ਹੋਣਾ ਚਾਹੀਦਾ ਸੀ। ਹੁਣ ਇਹ ਸਾਲ ਖਤਮ ਹੋਣ ਵਾਲਾ ਹੈ। ਇਸ ਲਈ ਸਰਬ ਸੰਸਾਰ ਅਮਨ ਸੰਸਥਾ ਦੀ ਅਪੀਲ ਵੱਲ ਸਭ ਲੋਕਾਂ ਤੇ ਖਾਸ ਕਰਕੇ ਬੁਧੀਜੀਵੀਆਂ, ਲੇਖਕਾਂ ਤੇ ਪੱਤਰਕਾਰਾਂ ਨੂੰ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ਤੇ ਹੇਠ ਲਿਖੇ ਅਨੁਸਾਰ ਉਪਰਾਲੇ ਕਰਕੇ ਸੰਸਾਰ ਅਮਨ ਦੇ ਹੱਕ ਵਿਚ ਮਾਹੌਲ ਪੈਦਾ ਕਰਨਾ ਚਾਹੀਦਾ ਹੈ।

1. ਸਾਰੇ ਸੰਸਾਰ ਦੇ ਅਖਬਾਰ ਤੇ ਰਸਾਲੇ 31 ਦਸੰਬਰ 1986 ਨੂੰ ਜਾਂ ਇਸ ਤੋਂ ਪਹਿਲਾਂ ਵਿਸ਼ੇਸ਼ ਸੰਸਾਰ ਅਮਨ ਅੰਕ ਪ੍ਰਕਾਸ਼ਤ ਕਰਨ।
2. ਸਭ ਧਰਮਾਂ ਨੂੰ ਮੰਨਣ ਵਾਲੇ ਲੋਕ ਆਪਣੇ ਆਪਣੇ ਧਰਮ ਅਸਥਾਨਾਂ ਅਨੁਸਾਰ ਪ੍ਰਾਰਥਨਾ ਸਭਾਵਾਂ ਕਰਨ।
3. ਜਿਥੇ ਜਿਥੇ ਲੜਾਈ ਝਗੜੇ ਤੇ ਗੁਰੀਲਾ ਲੜਾਈਆਂ ਹੋ ਰਹੀਆਂ ਹਨ ਉਹ ਘੱਟੋ ਘੱਟ ਇਕ ਮਹੀਨੇ ਲਈ ਬੰਦ ਕਰਕੇ ਸਾਰੇ ਮਸਲੇ ਗਲਬਾਤ ਰਾਹੀਂ ਨਜਿੱਠਣ ਦੇ ਯਤਨ ਕੀਤੇ ਜਾਣ।
4. ਇਕ ਦੂਜੇ ਨੂੰ ਭੜਕਾਉਣ ਵਾਲੇ ਨਫਰਤ ਭਰੇ ਬਿਆਨ ਤੇ ਖਬਰਾਂ ਉਤੇ ਪਾਬੰਦੀ ਲਾਈ ਜਾਵੇ।
5. ਅਮਨ ਪਸੰਦ ਲੋਕ ਅਮਨ ਕਮੇਟੀਆਂ ਬਣਾ ਕੇ ਅਮਨ ਦੇ ਹੱਕ ਵਿਚ ਜ਼ੋਰਦਾਰ ਮਹਿਮ ਚਲਾਉਣ।

ਜੇ ਇਨ੍ਹਾਂ ਉਪਰ ਲਿਖੇ ਸਾਧਨਾਂ ਦੁਆਰਾ ਸੰਸਾਰ ਵਿਚ ਸਦੀਵੀ ਅਮਨ ਕਾਇਮ ਕਰਨ ਲਈ ਯਤਨ ਕੀਤੇ ਜਾਣ ਤਾਂ ਉਨ੍ਹਾਂ ਦਾ ਵਾਤਾਵਰਨ ਨੂੰ ਸ਼ਾਂਤ ਕਰਨ ਲਈ ਬਹੁਤ ਅਸਰ ਪੈ ਸਕਦਾ ਹੈ।

# ਅਰੁਨਾਚਲ ਨੂੰ ਪ੍ਰਦੇਸ਼ ਦਾ ਦਰਜਾ ਦੇਣ 'ਤੇ ਚੀਨ ਵਲੋਂ ਚਿਤਾਵਨੀ

ਨਵੀਂ ਦਿੱਲੀ — ਗ੍ਰਹਿ ਮੰਤਰੀ ਬੂਟਾ ਸਿੰਘ ਨੇ ਲੋਕ ਸਭਾ ਵਿਚ ਇਕ ਬਿੱਲ ਪੇਸ਼ ਕੀਤਾ ਜਿਸ ਦਾ ਉਦੇਸ਼ ਸੰਵਿਧਾਨ ਵਿਚ ਤਰਮੀਮ ਕਰਨਾ ਅਤੇ ਇਕ ਹੋਰ ਨਾਲ ਲਗਦੇ ਬਿੱਲ ਦੁਆਰਾ ਅਰੁਨਾਚਲ ਪ੍ਰਦੇਸ਼ ਦੇ ਕੇਂਦਰੀ ਇਲਾਕੇ ਨੂੰ ਰਾਜ ਦਾ ਦਰਜਾ ਦੇਣਾ ਹੈ। ਸੰਵਿਧਾਨ (55ਵੀਂ ਸੋਧ) ਬਿੱਲ ਦੁਆਰਾ ਇਕ ਨਵਾਂ ਆਰਟੀਕਲ 371-ਐਚ ਸ਼ਾਮਲ ਕੀਤਾ ਜਾ ਰਿਹਾ ਹੈ ਜਿਸ ਦਾ ਉਦੇਸ਼ ਅਰੁਨਾਚਲ ਪ੍ਰਦੇਸ਼ ਦੇ ਗਵਰਨਰ ਨੂੰ ਵਿਸ਼ੇਸ਼ ਜ਼ਿਮੇਵਾਰੀ ਸੌਂਪਣਾ ਹੈ। ਇਸ ਵਿਚ ਇਕ ਵਿਧਾਨ ਸਭਾ ਦੀ ਵਿਵਸਥਾ ਵੀ ਕੀਤੀ ਗਈ ਹੈ ਜਿਸ ਦੇ ਘੱਟੋ ਘੱਟ ਤੀਹ ਮੈਂਬਰ ਹੋਣਗੇ। ਦੂਸਰਾ ਅਰੁਨਾਚਲ ਪ੍ਰਦੇਸ਼ ਰਾਜ ਬਿਲ, 1986 ਹੈ ਜਿਸ ਦੁਆਰਾ ਸੰਵਿਧਾਨ ਦੇ ਪਹਿਲੇ ਅਤੇ ਚੌਥੇ ਸ਼ੈਡਿਊਲ 'ਚ ਤਰਮੀਮਾਂ ਕੀਤੀਆਂ ਜਾਣਗੀਆਂ। ਕੇਂਦਰੀ ਇਲਾਕੇ ਦੀ ਮੌਜੂਦਾ 30 ਮੈਂਬਰੀ ਅਸੰਬਲੀ ਨੂੰ ਪ੍ਰਾਂਤਕ ਵਿਧਾਨ ਸਭਾ ਵਿਚ ਬਦਲ ਦਿਤਾ ਜਾਏਗੀ ਜਿਤਨਾ ਚਿਰ ਕਿ ਇਸ ਦੀ ਮਿਆਦ ਪੁੱਗਣ ਪਿਛੋਂ ਨਵੀਆਂ ਚੋਣਾਂ ਨਹੀਂ ਹੁੰਦੀਆਂ। ਚੋਣਾਂ ਤੋਂ ਬਾਅਦ ਅਸੰਬਲੀ ਦੇ ਮੈਂਬਰਾਂ ਦੀ ਗਿਣਤੀ ਵਧ ਜਾਏਗੀ।

ਅਰੁਨਾਚਲ ਨੂੰ ਪ੍ਰਦੇਸ਼ ਦਾ ਦਰਜਾ ਦਿਤੇ ਜਾਣ ਦੇ ਫੈਸਲੇ ਦਾ ਚੀਨ ਨੇ ਸਖਤ ਵਿਰੋਧ ਕੀਤਾ ਹੈ। ਇਸ ਫੈਸਲੇ 'ਤੇ ਟਿਪਣੀ ਕਰਦੇ ਹੋਏ ਚੀਨ ਸਰਕਾਰ ਨੇ ਗੰਭੀਰ ਨਤੀਜਿਆਂ ਦੀ ਚਿਤਾਵਨੀ ਦਿੱਤੀ ਹੈ। ਭਾਰਤ ਨੇ ਚੀਨ ਦੇ ਇਸ ਰੋਸ 'ਤੇ ਹੈਰਾਨੀ ਪ੍ਰਗਟ ਕੀਤੀ ਹੈ। ਚੇਤੇ ਰਹੇ ਅਰੁਨਾਚਲ ਪ੍ਰਦੇਸ਼ ਚੀਨ ਨਾਲ ਲਗਦਾ ਹੈ।



ਪਿਛਲੇ ਦਿਨੀਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਥਾਪਨਾ ਦਿਵਸ ਤੇ ਯੂਨੀਵਰਸਿਟੀ ਵਲੋਂ ਉਘੇ ਸਮਾਜ ਸੇਵਕ ਅਤੇ ਪਿੰਗਲਵਾੜਾ ਅੰਮ੍ਰਿਤਸਰ ਦੇ ਬਾਨੀ ਭਗਤ ਪੂਰਨ ਸਿੰਘ ਨੂੰ ਸਨਮਾਨਤ ਕੀਤਾ ਗਿਆ

ਗੱਲ ਹੈ ਥੋੜੇ ਪਲਾਂ ਦੀ ਬਸ ਚਲਾ ਚਲਿਆ ਹਾਂ ਮੈਂ।
ਮਹਿਕ ਸਾਂ ਤੇ ਮਹਿਕਦਾ ਜੀਵਨ ਹੰਡਾ ਚਲਿਆ ਹਾਂ ਮੈਂ।
ਦਰਦ ਜੋ ਬਖਸ਼ੇ ਨੇ ਉਹਨਾਂ ਸਭ ਭੁਲਾ ਚਲਿਆ ਹਾਂ ਮੈਂ।
ਗੀਤ ਜੋ ਹਿੱਸੇ ਸੀ ਮੇਰੇ ਸਭ ਸੁਣਾ ਚਲਿਆ ਹਾਂ ਮੈਂ।


## 'ਸਮੇਂ ਦੀ ਆਵਾਜ਼'

ਇਕ ਵੱਖਰਾ ਰੇਡੀਓ ਪਰੋਗਰਾਮ ਜੋ ਤੁਹਾਡੀਆਂ ਮੁਸ਼ਕਲਾਂ ਅਤੇ ਹੱਕਾਂ ਦੀ ਗੱਲ ਕਰਦਾ ਹੈ। ਹਰ ਸ਼ਨਿਚਰਵਾਰ ਨੂੰ ਵੈਨਕੂਵਰ ਕੋਆਪ੍ਰੇਟਿਵ ਰੇਡੀਓ ਤੋਂ ਪੰਜਾਬੀ ਅਤੇ ਅੰਗਰੇਜ਼ੀ ਵਿਚ

**ਸਮਾਂ — ਬਾਅਦ ਦੁਪਹਿਰ ਤਿੰਨ ਤੋਂ ਚਾਰ ਵਜੇ ਤੱਕ**

**ਚੈਨਲ — 102.7 F.M.**



## CAR CITY

**13286 King George HWY, Surrey**

**Ph. 584-7666**

Used ਕਾਰਾਂ, ਵੈਨਾਂ ਜਾਂ ਪਿਕ ਅੱਪ ਠੀਕ ਤੇ ਸਸਤੀ ਕੀਮਤ ਤੇ ਖ਼੍ਰੀਦੋ

We Buy, Sell and Trade

Financing Available

O.A.C.

ਫੋਨ ਕਰੋ ਜਾਂ ਮਿਲੋ

**ਜਗਰੂਪ (ਜੱਗਾ) ਰਾਏ**



ਜਗਰੂਪ ਸਿੰਘ

Mon. - Fri. 9 a.m. to 9 p.m.

Sat. — 9 a.m. to 5 p.m. [Sunday on Appointment only]



## BUYING & SELLING

Farms, Home, Lots and Apartments

Contact:

**Dilbag Singh Johal**

**ਦਿਲਬਾਗ ਸਿੰਘ ਜੌਹਲ**

Ph. Off. (604)438-8161

Res. 325-0588

ਕਿਸੇ ਪ੍ਰਕਾਰ ਦੀ ਜਾਇਦਾਦ ਖ਼੍ਰੀਦਣ ਲਈ ਮਿਤਰਤਾ, ਈਮਾਨਦਾਰੀ ਅਤੇ ਤਜਰਬੇਕਾਰ ਸਲਾਹ ਮਸ਼ਵਰੇ ਲਈ ਸਾਨੂੰ ਮਿਲੋ ਜਾਂ ਫੋਨ ਕਰੋ



**Canada Trust Realtor**

The Canada Trust Company

2629 Kingsway, Vancouver, B.C. V5R 5H4

# ਪਾਕਿ ਤੋਂ ਅਮਰੀਕੀ ਫੌਜੀ ਜਹਾਜ਼ਾਂ ਦੀਆਂ ਉਡਾਨਾਂ ਦੀ ਪੁਸ਼ਟੀ

ਨਵੀਂ ਦਿੱਲੀ — ਪਾਕਿਸਤਾਨ ਅਤੇ ਅਮਰੀਕਾ ਦੋਵਾਂ ਨੇ ਹੁਣ ਸਵੀਕਾਰ ਕਰ ਲਿਆ ਹੈ ਕਿ ਅਮਰੀਕਾ ਦੇ ਫੌਜੀ ਹਵਾਈ ਜਹਾਜ਼ ਸਮੇਂ ਸਮੇਂ ਪਾਕਿਸਤਾਨ ਸਰਕਾਰ ਦੀ ਮਨਜ਼ੂਰੀ ਨਾਲ ਪਾਕਿਸਤਾਨ ਤੋਂ ਉਡਾਨਾਂ ਕਰਦੇ ਹਨ। ਲੋਕ ਸਭਾ ਵਿਚ ਬਦੇਸ਼ ਮੰਤਰੀ ਸ੍ਰੀ ਐਨ. ਡੀ. ਤਿਵਾੜੀ ਨੇ ਸ੍ਰੀ ਬੀ. ਐਨ. ਮੋਹੰਤੇ ਦੇ ਪ੍ਰਸ਼ਨ ਦੇ ਉਤਰ ਵਿਚ ਦੱਸਿਆ ਕਿ ਪਾਕਿਸਤਾਨ ਨੇ ਅਮਰੀਕਾ ਨੂੰ ਆਪਣੇ ਅੱਡੇ ਦਿਤੇ ਜਾਣ ਦਾ ਖੰਡਨ ਕੀਤਾ ਹੈ। ਉਹਨਾਂ ਕਿਹਾ ਕਿ ਅਜਿਹੇ ਬਾਰੇ ਕੋਈ ਸਮਝੌਤਾ ਧੜਿਆਂ ਤੋਂ ਨਿਰਲੇਪ ਲਹਿਰ ਦੀ ਮੈਂਬਰੀ ਦੇ ਅਨੁਕੂਲ ਨਹੀਂ ਹੋਵੇਗਾ। ਸ੍ਰੀ ਤਿਵਾੜੀ ਨੇ ਦੱਸਿਆ ਕਿ ਸਰਕਾਰ ਨੂੰ ਅਜਿਹੀਆਂ ਰਿਪੋਰਟਾਂ ਮਿਲੀਆਂ ਹਨ ਕਿ ਪਾਕਿਸਤਾਨ ਅਤੇ ਅਮਰੀਕਾ ਵਿਚਾਲੇ ਇਕ ਸਮਝੌਤਾ ਹੋਇਆ ਹੈ ਜਿਸ ਅਨੁਸਾਰ ਪਾਕਿਸਤਾਨ ਆਪਣੀ ਇਕ ਬੰਦਰਗਾਹ ਤੇ ਅਮਰੀਕਾ ਦੇ ਰੱਖਿਆ ਬੇੜੇ ਨੂੰ ਪੂਰੀਆਂ ਸਹੂਲਤਾਂ ਦੇਵੇਗਾ।

ਬਦੇਸ਼ ਮੰਤਰੀ ਨੇ ਦੱਸਿਆ ਕਿ ਅਮਰੀਕਾ ਦੇ ਕੁਝ ਜਹਾਜ਼ ਪਿਛਲੇ ਮਹੀਨੇ ਕਰਾਚੀ ਪਹੁੰਚਣੇ ਸਨ ਜੋ ਮੁਲਤਵੀ ਕਰ ਦਿੱਤੇ ਗਏ। ਉਹਨਾਂ ਕਿਹਾ ਕਿ ਭਾਰਤ ਆਪਣੇ ਗੁਆਂਢੀ ਦੇਸ਼ਾਂ ਵਿਚ ਵੱਡੀਆਂ ਤਾਕਤਾਂ ਦੀ ਮੌਜੂਦਗੀ ਦੀ ਲਗਾਤਾਰ ਵਿਰੋਧਤਾ ਕਰਦਾ ਰਿਹਾ ਹੈ। ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਸ੍ਰੀ ਤਿਵਾੜੀ ਨੇ ਕਿਹਾ ਕਿ ਸਰਕਾਰ ਨੂੰ ਇਹ ਵੀ ਖਬਰਾਂ ਮਿਲੀਆਂ ਹਨ ਕਿ ਪਾਕਿਸਤਾਨ ਐਮ-1 ਟੈਂਕ ਅਮਰੀਕਾ ਤੋਂ ਲੈ ਰਿਹਾ ਹੈ ਬਦੇਸ਼ ਮੰਤਰੀ ਨੇ ਇਹ ਵੀ ਦੱਸਿਆ ਕਿ ਅਮਰੀਕਾ ਅਤੇ ਕਨੇਡਾ ਵਿਚ ਸੁਰੱਖਿਆ ਏਜੰਸੀਆਂ ਨੇ ਭਾਰਤ ਤੋਂ ਨੱਸਕੇ ਆਏ ਉਹਨਾਂ ਦਹਿਸ਼ਤਗਰਦਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ ਜੋ ਭਾਰਤ ਸਰਕਾਰ ਨੂੰ ਲੋੜੀਂਦੇ ਹਨ। ਸ੍ਰੀ ਤਿਵਾੜੀ ਨੇ ਇਹ ਵੀ ਦੱਸਿਆ ਕਿ ਭਾਰਤ ਸਰਕਾਰ ਨੇ ਭਾਰਤ ਵਿਰੋਧੀ ਸਰਗਰਮੀਆਂ ਬਾਰੇ ਅਮਰੀਕਾ ਅਤੇ ਕਨੇਡਾ ਸਰਕਾਰ ਨਾਲ ਸੰਪਰਕ ਕਾਇਮ ਕਰ ਰਖਿਆ ਹੈ।

## ਸੱਪ ਮਾਰਨ ਤੇ ਪਾਬੰਦੀ

ਲਾਹੌਰ — ਪਾਕਿਸਤਾਨ ਵਿਚ ਪੰਜਾਬ ਰਾਜ ਦੇ ਸ਼ਿਕਾਰ ਵਿਭਾਗ ਨੇ ਰਾਜ ਵਿਚ ਜੰਗਲੀ ਜਾਨਵਰਾਂ ਦੇ ਸ਼ਿਕਾਰ ਕਰਨ ਤੇ ਪਾਬੰਦੀ ਲਾ ਦਿਤੀ ਹੈ। ਜਿਹਨਾਂ ਜਾਨਵਰਾਂ ਦੇ ਸ਼ਿਕਾਰ ਤੇ ਪਾਬੰਦੀ ਲਾਈ ਗਈ ਹੈ ਉਹਨਾਂ ਵਿਚ ਗਿੱਦੜ, ਚਮਗਿੱਦੜ, ਚੀਲ, ਚੂਹੇ ਅਤੇ ਸੱਪ ਸ਼ਾਮਲ ਹਨ। ਮੋਰ ਨੂੰ ਮਾਰਨਾ ਜਾਇਜ਼ ਕਰਾਰ ਦਿੱਤਾ ਗਿਆ ਹੈ। ਹਿਰਨ ਪਹਿਲਾਂ ਹੀ ਦੇਸ਼ ਵਿਚੋਂ ਬਾਹਰ ਬਹੁਤ ਜਾਂਦੇ ਹਨ। ਸੁਨਹਿਰੀ ਅੱਖਾਂ ਵਾਲੀ ਮੁਰਗਾਬੀ ਮਾਰਨ ਦੀ ਮਨਾਹੀ ਵੀ ਕੀਤੀ ਗਈ ਹੈ।

## ਪ੍ਰੈਸ ਰਲੀਜ਼

ਸਕੂਲ ਡਿਸਟ੍ਰਿਕਟ ਨੰਬਰ 38 ਰਿਚਮੰਡ ਦੀ ਇਕ ਪ੍ਰੈਸ ਰਲੀਜ਼ ਅਨੁਸਾਰ ਸਕੂਲ ਬੋਰਡ ਜਨਵਰੀ 'ਚ ਅੰਗਰੇਜ਼ੀ ਭਾਸ਼ਾ ਦੀਆਂ ਕਾਫੀ ਕਲਾਸਾਂ ਸ਼ੁਰੂ ਕਰ ਰਿਹਾ ਹੈ।

ਦੋਹਾਂ ਪੱਧਰਾਂ ਦੀਆਂ ਕਲਾਸਾਂ ਈਸਟ ਰਿਚਮੰਡ ਦੇ ਪੀਸ ਚਰਚ, 11571 ਡੇਨਲਜ਼ ਰੋਡ 'ਤੇ ਸ਼ੁਰੂ ਹੋ ਰਹੀਆਂ ਹਨ। ਯੋਗਤਾ ਪ੍ਰਾਪਤ ਅਤੇ ਤਜਰਬੇਕਾਰ ਅਧਿਆਪਕ ਇਨ੍ਹਾਂ ਕਲਾਸਾਂ ਨੂੰ ਪੜ੍ਹਾਉਣਗੇ, ਬੇਬੀ ਸਿਟਿੰਗ ਦਾ ਵੀ ਪ੍ਰਬੰਧ ਹੋਵੇਗਾ।

ਇਨ੍ਹਾਂ ਕਲਾਸਾਂ ਦਾ ਸਮਾਂ ਆਮ ਲੋਕਾਂ ਦੀ ਸਹੂਲਤ ਮੁਤਾਬਕ ਹੈ।

**ਰਜਿਸਟਰੇਸ਼ਨ 6 ਜਨਵਰੀ ਨੂੰ ਸਵੇਰ ਦੇ 9.30 ਤੋਂ ਸ਼ੁਰੂ ਹੋਵੇਗੀ। 20 ਸ਼ੈਸਨਾਂ ਦੀ ਫੀਸ 25 ਡਾਲਰ ਹੈ।**

ਹੋਰ ਜਾਣਕਾਰੀ ਲਈ ਫੋਨ ਕਰੋ :

**ਰਿਚਮੰਡ ਕੰਟੀਨਿਊਇੰਗ ਐਜੂਕੇਸ਼ਨ : 278-9521 ਸ਼ ੩੨੦**

**ਮੈਰੀਨ ਹਿਸਲੋਪ — ਈ. ਐਸ. ਐਲ. ਕੋ-ਆਰਡੀਨੇਟਰ**

# ਫਿਰਕੂ ਜਥੇਬੰਦੀਆਂ 'ਤੇ ਸਖਤ ਨਜ਼ਰ

ਨਵੀਂ ਦਿੱਲੀ — ਸਰਕਾਰ ਨੇ ਹਿੰਦੂ ਮੰਚ, ਅਖਿਲ ਭਾਰਤੀਆ ਹਿੰਦੂ ਸ਼ਿਵ ਸ਼ਕਤੀ ਦਲ, ਰਾਸ਼ਟਰੀਆ ਹਿੰਦੂ ਸ਼ਿਵ ਸੈਨਾ, ਬਜਰੰਗ ਦਲ, ਹਿੰਦੂ ਸ਼ਿਵ ਸੈਨਾ, ਆਦਮ ਸੈਨਾ, ਮੁਸਲਿਮ ਮੰਚ ਅਤੇ ਅਲੀ ਸੈਨਾ ਆਦਿ ਜਮਾਤਾਂ ਦੀਆਂ ਸਰਗਰਮੀਆਂ ਤੇ ਕਰੜੀ ਨਜ਼ਰ ਰੱਖੀ ਹੋਈ ਹੈ। ਰਾਜ ਸਭਾ ਵਿਚ ਗ੍ਰਹਿ ਰਾਜ ਮੰਤਰੀ ਸ੍ਰੀ ਪੀ. ਚਿੱਦਮਬਰਮ ਨੇ ਦੱਸਿਆ ਕਿ ਉਪਲਬਧ ਜਾਣਕਾਰੀ ਅਨੁਸਾਰ 1 ਦਸੰਬਰ 1986 ਤੱਕ ਪੰਜਾਬ ਦੇ ਕੁਝ ਖੇਤਰਾਂ ਤੋਂ ਕੁਲ 2469 ਪਰਿਵਾਰ ਨਾਲ ਲਗਦੇ ਰਾਜਾਂ ਵਿਚ ਗਏ। ਉਨ੍ਹਾਂ ਦੱਸਿਆ ਕਿ 4 ਸੰਗਠਨਾਂ, ਬੇੜਾਚਅ ਕ੍ਰਿਸਚੀਅਨ ਮਿਸ਼ਨ (ਤਾਮਿਲਨਾਡੂ), ਸਿਲੋਮ ਕ੍ਰਿਸਚੀਅਨ ਏਡ ਮਿਸ਼ਨ (ਤਾਮਿਲਨਾਡੂ), ਭੋਪਾਲ ਟੈਕਨੀਕਲ ਐਂਡ ਵੋਕੇਸ਼ਨਲ ਟਰੇਨਿੰਗ ਸੈਂਟਰ ਭੋਪਾਲ (ਮੱਧ ਪ੍ਰਦੇਸ਼) ਨੂੰ ਬਦੇਸ਼ੀ ਚੰਦੇ ਲੈਣ ਦੀ ਮਨਾਹੀ ਕਰ ਦਿੱਤੀ ਗਈ ਹੈ। ਗ੍ਰਹਿ ਮੰਤਰੀ ਨੇ ਇਹ ਵੀ ਦੱਸਿਆ ਕਿ 31 ਦਸੰਬਰ 1985 ਤਕ 576 ਵਿਅਕਤੀਆਂ ਨੂੰ ਕੌਮੀ ਸੁਰੱਖਿਆ ਐਕਟ ਅਧੀਨ ਨਜ਼ਰਬੰਦ ਕੀਤਾ ਗਿਆ ਸੀ ਜਦ ਕਿ 1984 ਵਿਚ 1371 ਨਜ਼ਰਬੰਦ ਕੀਤੇ ਗਏ ਸਨ। ਇਨ੍ਹਾਂ ਵਿਚ ਸਭ ਤੋਂ ਅਧਿਕ 263 ਵਿਅਕਤੀ ਮਹਾਂਰਾਸ਼ਟਰ ਦੇ ਹਨ। ਸ੍ਰੀ ਚਿੱਦਮਬਰਮ ਨੇ ਇਕ ਹੋਰ ਪ੍ਰਸ਼ਨ ਦੇ ਉਤਰ ਵਿਚ ਦੱਸਿਆ ਕਿ 12 ਮਹਾਂਨਗਰਾਂ ਵਿਚ ਮਦਰਾਸ ਵਿਚ ਸਭ ਤੋਂ ਅਧਿਕ 718 ਖੁਦਕਸ਼ੀਆਂ ਦੇ ਕੇਸ ਹੋਏ। ਬੰਗਲੌਰ ਵਿਚ 411 ਅਤੇ ਦਿੱਲੀ ਵਿਚ 74 ਕੇਸ ਹੋਏ ਜਦੋਂ ਕਿ ਪਿਛਲੇ ਸਾਲ ਦਿੱਲੀ ਵਿਚ 410 ਖੁਦਕਸ਼ੀ ਦੇ ਕੇਸ ਹੋਏ।

## ਬਾਬਾ ਨੂੰ ਗ੍ਰਿਫਤਾਰ ਕਰਨ ਵਿਰੁਧ ਚਿਤਾਵਨੀ

ਬਠਿੰਡਾ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਮਨਜੀਤ ਸਿੰਘ) ਨੇ ਤਾੜਨਾ ਕੀਤੀ ਹੈ ਕਿ ਜੇ ਸੰਯੁਕਤ ਅਕਾਲੀ ਦਲ ਦੇ ਐਕਟਿੰਗ ਕਨਵੀਨਰ ਬਾਬਾ ਜੋਗਿੰਦਰ ਸਿੰਘ ਨੂੰ ਗ੍ਰਿਫਤਾਰ ਕੀਤਾ ਤਾਂ ਸਥਿਤੀ ਕਾਬੂ ਹੇਠ ਨਹੀਂ ਰਹੇਗੀ। ਇਥੋਂ ਜਾਰੀ ਇਕ ਸਾਂਝੇ ਬਿਆਨ ਵਿਚ ਫੈਡਰੇਸ਼ਨ ਦੇ ਪ੍ਰੀਜ਼ੀਡੀਅਮ ਮੈਂਬਰ ਸਤਵਿੰਦਰ ਸਿੰਘ ਭੋਲਾ ਤੇ ਚਮਕੌਰ ਸਿੰਘ ਰੋਡੇ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਸ: ਬਰਨਾਲਾ ਦੇ ਮੁਖ ਮੰਤਰੀ ਪਦ ਨੂੰ ਬਰਕਰਾਰ ਰੱਖਣ ਲਈ ਕੇਂਦਰ ਦੇ ਇਸ਼ਾਰੇ ਤੇ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਰਹੀ ਹੈ।

## ਅਗਲੀਆਂ ਚੋਣਾਂ 'ਚ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਹੋਵੇਗੀ

ਨਵੀਂ ਦਿੱਲੀ — ਦੇਸ਼ ਵਿਚ ਅਗਲੀਆਂ ਆਮ ਚੋਣਾਂ ਦੌਰਾਨ ਇਲੈਕਟਰਾਨਿਕ ਵੋਟਿੰਗ ਮਸ਼ੀਨਾਂ ਦੀ ਵਰਤੋਂ ਕੀਤੀ ਜਾਵੇਗੀ। ਇਸ ਸਬੰਧ ਵਿਚ ਸੁਪਰੀਮ ਕੋਰਟ ਵਲੋਂ ਦਿਤੇ ਫੈਸਲੇ ਕਾਰਨ ਪੈਦਾ ਹੋਈ ਅੜਿਚਨ ਨੂੰ ਦੂਰ ਕਰਨ ਲਈ ਸਬੰਧਤ ਕਾਨੂੰਨ ਵਿਚ ਸੋਧ ਕੀਤੀ ਜਾਵੇਗੀ। ਇਹ ਪ੍ਰਗਟਾਵਾ ਕਰਦਿਆਂ ਕਾਨੂੰਨ ਬਾਰੇ ਕੇਂਦਰੀ ਰਾਜ ਮੰਤਰੀ ਸ੍ਰੀ ਹੰਸ ਰਾਜ ਭਾਰਦਵਾਜ ਨੇ ਰਾਜ ਸਭਾ ਵਿਚ ਦੱਸਿਆ ਕਿ ਸਰਕਾਰ ਅਗਲੀਆਂ ਆਮ ਚੋਣਾਂ ਤੋਂ ਪਹਿਲਾਂ ਵੱਡੀ ਪੱਧਰ ਤੇ ਚੋਣ ਸੁਧਾਰ ਲਾਗੂ ਕਰੇਗੀ। ਸ੍ਰੀ ਭਾਰਦਵਾਜ, ਸ੍ਰੀ ਐਮ. ਐਸ. ਗੁਰੂਪਦਸਵਾਮੀ (ਜਨਤਾ) ਅਤੇ ਪੰਜ ਹੋਰਨਾਂ ਵਲੋਂ ਚੋਣ ਸੁਧਾਰਾਂ ਦੀ ਲੋੜ ਬਾਰੇ ਪੇਸ਼ ਇਕ ਮਤੇ ਉਤੇ ਹੋਈ ਬਹਿਸ ਦੀ ਉਤਰ ਦੇ ਰਹੇ ਸਨ। ਉਨ੍ਹਾਂ ਕਿਹਾ ਕਿ ਸਰਕਾਰ ਚੋਣਾਂ ਨੂੰ ਨਿਰਪੱਖ ਅਤੇ ਅਜ਼ਾਦਾਨਾਂ ਬਣਾਉਣ ਲਈ ਚੋਣ ਸੁਧਾਰ ਲਾਗੂ ਕਰਨ ਵਾਸਤੇ ਵਚਨਬੱਧ ਹੈ। ਉਨ੍ਹਾਂ ਨੇ ਆਪੋਜ਼ੀਸ਼ਨ ਪਾਰਟੀਆਂ ਉਤੇ ਦੋਸ਼ ਲਾਇਆ ਕਿ ਉਹ ਚੋਣ ਸੁਧਾਰਾਂ ਦੇ ਰਾਹ ਵਿਚ ਅੜਿੱਕਾ ਪਾਉਂਦੀਆਂ ਰਹੀਆਂ ਹਨ। ਮੰਤਰੀ ਨੇ ਆਖਿਆ ਕਿ ਬੂਥਾਂ ਉਤੇ ਕਬਜ਼ਾ ਕਰਨਾ ਲੋਕਰਾਜ ਲਈ ਗੰਭੀਰ ਖਤਰਾ ਹੈ ਅਤੇ ਇਸ ਨਾਲ ਸਖਤੀ ਨਾਲ ਨਜਿੱਠਿਆ ਜਾਵੇਗਾ।

# ਸਿਆਸੀ ਘਰੂਟ — ਘਰੂਟਾਂ ਵਾਲੇ ਦੀ ਕਲਮ ਤੋਂ

- ਸਿੱਖ ਧਰਮ ਬੇਗੁਨਾਹਾਂ ਦੇ ਖੂਨ ਦੀ ਇਜ਼ਾਜਤ ਨਹੀਂ ਦਿੰਦਾ — ਖਾਲਿਸਤਾਨੀ ਧੁੜ੍ਹ

— ਪਰ ਤੂੰ ਤਾਂ ਇਸ ਨੂੰ ਭਾਜੀ ਮੋੜਨੀ ਦੱਸਦਾ ਹੈਂ!

- ਸੁਭਾਸ਼ ਘਿਸ਼ਿੰਗ ਵੱਖਰੀ ਫੌਜ ਬਣਾਵੇਗਾ —

— ਜੋ ਖਾਲਿਸਤਾਨੀ ਫੌਜ ਵਾਂਗ ਆਪਣਿਆਂ ਦਾ ਹੀ ਘਾਣ ਕਰੇਗੀ?

- ਗੱਡੀ ਚੜ੍ਹਨੋਂ ਬਚਿਆ!

— ਅਫਸੋਸ ਵਿਚ ਬੋਤਲ ਦਾ ਡੱਟ ਖੋਲ੍ਹ ਲੈਣਾ ਸੀ!

- ਬਰਨਾਲਾ ਸਰਕਾਰ ਟੁੱਟਣ ਦੇ ਆਸਾਰ — ਖਾਲਿਸਤਾਨੀ ਧੁੜ੍ਹ

— ਕਾਵਾਂ ਦੇ ਕਹੇ ਕਦੇ ਢੱਗੇ ਨਹੀਂ ਮਰਦੇ 'ਫੌਜੀਆ'!

- ਦਰਖਾਸਤ ਰੱਦ

— ਤਾਂ ਫਿਰ ਵਿਸ਼ਟਾ ਦੇ ਕੀੜੇ ਦਾ ਹੁਣ ਕੀ ਬਣੇਗਾ?

- ਭਵਿੱਖ ਖਤਰੇ ਵਿਚ ਦਿਸਦਾ ਹੈ

— ਕੀਤੀਆਂ ਦੇ ਫਲ ਭੁਗਤਣੇ ਹੀ ਪੈਂਦੇ ਹਨ।

- ਹਿੱਟ ਲਿਸਟਾਂ ਤਿਆਰ

— ਤਿਆਰੀ ਕਮੇਟੀ 'ਚ ਤੇਰੀ ਸ਼ਮੂਲੀਅਤ ਵੀ ਸੀ ਕਿ ਨਹੀਂ?

- ਹਾਥੀ ਦੰਦ ਲੁਕਾ ਰਿਹਾ ਹੈ

— ਸੱਚ ਬੋਲਣਾ ਕਦ ਤੋਂ ਸ਼ੁਰੂ ਕਰ ਲਿਆ ਹੈ ਸੈਨੇਟਰ ਦੇ ਚਮਚੇ ਨੇ?

- ਪ੍ਰਧਾਨ ਰੇਗਨ ਵਿਰੁੱਧ ਜਾਂਚ ਕਮੇਟੀ

— .... ਈਰਾਨ ਦੇ ਨਾਲ ਖਾਲਿਸਤਾਨੀ ਫੌਜਾਂ ਨੂੰ ਪਹੁੰਚ ਰਹੇ ਹਥਿਆਰਾਂ ਬਾਰੇ ਵੀ ਛੇਤੀ ਹੀ ਬਣਨ ਦੀ ਸੰਭਾਵਨਾ ਹੈ

- ਡਾਲਰਾਂ ਦੇ ਭਰੇ ਸੂਟਕੇਸ ਕਾਬੂ

— ਏਨੀ ਮਾਇਆ ਘਰ ਹੀ ਰੱਖੀ ਹੋਈ ਸੀ?

- ਆਪਣੇ ਗਿਰੇਬਾਨ ਵਿਚ ਮੂੰਹ ਪਾ ਕੇ ਦੇਖੋ

— ਇਹੀ ਤਾਂ ਪਿਆਰਿਓ ਅਸੀਂ ਕਹਿ ਰਹੇ ਹਾਂ! ਇਹੀ ਮਾਪ-ਦੰਡ ਆਪਣੇ ਤੇ ਜ਼ਰਾ ਕੁ ਵਰਤੋ ਆਪੇ ਕਪਾਟ ਖੁਲ੍ਹ ਜਾਣਗੇ!




## ਮਕਨਜੀ ਜਿਊਲਰਜ ਲਿਮਟਿਡ

ਮੱਕਨਜੀ ਜਿਊਲਰਜ ਲਿਮਟਿਡ ਦੇ ਪ੍ਰਧਾਨ ਨੇ ਇਕ ਪ੍ਰੈਸ ਨੋਟ ਰਾਹੀਂ ਦੱਸਿਆ ਹੈ ਕਿ ਭਿੰਡੀ ਮੱਕਨਜੀ ਲਿਮਟਿਡ ਹੁਣ ਪੂਰੀ ਤਰ੍ਹਾਂ ਮੱਕਨਜੀ ਪ੍ਰਵਾਰ ਦੇ ਪ੍ਰਬੰਧ ਹੇਠ ਆ ਗਈ ਹੈ।

ਪ੍ਰਬੰਧਕਾਂ ਨੇ ਆਪਣੀਆਂ ਚੰਗੀਆਂ ਸੇਵਾਵਾਂ ਦੇਣ ਦਾ ਭਰੋਸਾ ਦਵਾਇਆ ਹੈ ਅਤੇ ਗਾਹਕਾਂ ਵਲੋਂ ਅੱਗੇ ਵਾਂਗ ਹੀ ਸਹਿਯੋਗ ਦੀ ਅਪੀਲ ਕੀਤੀ ਹੈ।


# RIVER SIDE AUTO MOTIVE LTD.

34374 VYE RD. ABBOTSFORD, B.C. V2S N42

ਐਬਟਸਫੋਰਡ ਵਿਖੇ ਹਰ ਪ੍ਰਕਾਰ ਦੀਆਂ ਕਾਰਾਂ ਦੀ ਸਸਤੀ ਤੇ ਤਸੱਲੀਬਖਸ਼ ਸਰਵਿਸ ਤੇ ਮੁਰੰਮਤ ਕਰਾਉਣ ਲਈ ਸਾਨੂੰ ਸੇਵਾ ਦਾ ਮੌਕਾ ਦਿਓ

ਕਾਰ ਦੀ ਆਟੋ ਜਾਂ ਮਕੈਨੀਕਲ ਰਿਪੇਅਰ, ਬਾਡੀ, ਵਿੰਡਸ਼ੀਲਡ ਤੇ ਟਿਊਨ ਅਪ ਕਰਾਉਣ ਲਈ ਹਰ ਪ੍ਰਕਾਰ ਦੀ ਗਰੰਟੀ ਦਿੱਤੀ ਜਾਂਦੀ ਹੈ।

All types of Auto Repairs, Body Work, Mechanical Repairs and Painting, Auto upholsitry and Windshields

ICBC claims accepted

RIVERSIDE

ਹੋਰ ਜਾਣਕਾਰੀ ਲਈ ਸੰਪਰਕ ਕਰੋ

(PAUL) Dhaliwal

Ph. Bus. (604) 852-1970 Res. 853-4257



B. (Paul) DHALIWAL

# ਰਾਜਨੀਤਕ ਤੇ ਧਾਰਮਿਕ ਡੈਡਲਾਕ

—ਪਿਆਰਾ ਸਿੰਘ ਭੋਗਲ—

ਇਉਂ ਜਾਪਦਾ ਹੈ, ਆਤਮਾਵਾਂ ਵਿਚ ਲੋਹਾ ਵੜ ਗਿਆ ਹੈ। ਆਮ ਮਨੁੱਖ ਤੋਂ ਲੈ ਕੇ, ਸੁਰੱਖਿਆ ਦਸਤਿਆਂ, ਅਤੇ ਉਨ੍ਹਾਂ ਤੋਂ ਵੀ ਅੱਗੇ ਪ੍ਰਾਂਤਕ ਤੇ ਕੇਂਦਰੀ ਨੇਤਾਵਾਂ ਤੱਕ, ਨੇ ਮਹਿਸੂਸ ਕਰਨਾ ਛੱਡ ਦਿੱਤਾ ਹੈ। ਬੇਸ਼ੁਮਾਰ ਮਨੁੱਖੀ ਲਹੂ ਡੁਲ੍ਹ ਰਿਹਾ ਹੈ, ਪਰ ਕੋਈ ਝੰਜੋੜਿਆ ਨਹੀਂ ਜਾ ਰਿਹਾ, ਕੋਈ ਆਪਣੇ ਮਨਾਂ ਅੰਦਰ ਝਾਤੀ ਨਹੀਂ ਮਾਰਦਾ ਜਾਪਦਾ, ਕੋਈ ਪਛਤਾਉਂਦਾ ਨਹੀਂ ਪ੍ਰਤੀਤ ਹੁੰਦਾ ? ਕਿਸੇ ਦੀ ਆਤਮਾ ਬੇਚੈਨ ਨਹੀਂ ਹੋ ਰਹੀ।

ਇਕ ਹੀ ਬੇਲਚਕ ਵਤੀਰਾ ਜਾਰੀ ਹੈ। ਦੂਜਿਆਂ ਨੂੰ ਦੋਸ਼ੀ ਅਤੇ ਗਲਤ ਕਹੋ, ਆਪਣੇ ਆਪ ਨੂੰ ਨਿਰਦੋਸ਼ ਅਤੇ ਸਹੀ। ਜੋ ਦੋਸ਼ੀ ਅਤੇ ਗਲਤ ਹਨ, ਉਨ੍ਹਾਂ ਨੂੰ ਮਾਰੋ। ਰਾਜ ਦੀ ਦਹਿਸ਼ਤ ਅਤੇ ਵਿਅਕਤੀ ਦੀ ਦਹਿਸ਼ਤ ਨਿਰਦੋਤਾ ਨਾਲ ਜਾਰੀ ਹੈ। ਇਸ ਦੌਰਾਨ, ਪੰਜਾਬ ਦੀ ਅਤੇ ਸਿੱਖਾਂ ਦੀ ਬਦਨਾਮੀ ਜਾਰੀ ਹੈ, ਆਪਣਿਆਂ ਦੇ ਕਾਰਨਾਮਿਆਂ ਨਾਲ ਵੀ, ਤੇ ਦੂਜਿਆਂ ਦੇ ਬਿਆਨਾਂ ਅਤੇ ਖਬਰਾਂ ਨਾਲ ਵੀ।

ਕੇਂਦਰ ਪਾਸ ਤਾਂ 1948 ਤੋਂ ਬਾਅਦ ਕੋਈ ਨਵਾਂ ਗਾਂਧੀ ਪੈਦਾ ਹੀ ਨਹੀਂ ਹੋਇਆ ਜੋ ਆਪਣਿਆਂ ਨੂੰ ਵੀ ਕਸੂਰਵਾਰ ਕਹਿ ਸਕੇ, ਮਰਨ ਵਰਤ ਰੱਖ ਸਕੇ। ਗਾਂਧੀ ਤਾਂ ਇਕ ਪਾਸੇ, ਆਚਾਰੀਆ ਵਿਨੋਬਾ ਭਾਵੇ ਵਰਗੀ ਸ਼ਖਸੀਅਤ ਵੀ ਨਹੀਂ, ਜਿਸ ਦੀ ਇਖਲਾਕੀ ਆਵਾਜ਼ ਵਿਚ ਥੋੜ੍ਹੀ ਜਿਹੀ ਭਿੜਕ ਹੋਵੇ, ਜਿਸ ਦੀ ਸਦਾਚਾਰਕ ਹਮਾਇਤ ਦੀ ਲੋੜ ਪ੍ਰਧਾਨ ਮੰਤਰੀ ਨੂੰ ਮਹਿਸੂਸ ਹੋਵੇ। ਪੰਜਾਬ ਵਿਚ ਕੋਈ ਸੰਤ ਫਤਹਿ ਸਿੰਘ ਨਹੀਂ ਜੋ ਮਰਨ ਵਰਤ ਰੱਖ ਸਕੇ, ਕੋਈ ਸੰਤ ਹਰਚੰਦ ਸਿੰਘ ਲੌਂਗੋਵਾਲ ਵਰਗਾ ਨੇਤਾ ਵੀ ਨਹੀਂ, ਜੋ ਮਰਨ ਵਰਤ ਤਾਂ ਨਹੀਂ ਰੱਖਦਾ ਸੀ, ਤਾਂ ਵੀ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਬੈਠਾ, ਆਪਣੀਆਂ ਨੀਤੀਆਂ ਤੋਂ ਵੱਖਰੀ ਨੀਤੀ ਉਤੇ ਤੁਰਨ ਵਾਲਿਆਂ ਵਿਰੁੱਧ, ਪਬਲਿਕ ਤੌਰ 'ਤੇ ਸਟੈਂਡ ਲੈ ਸਕਦਾ ਸੀ, ਛੇ ਛੇ ਮਹੀਨੇ ਤੱਕ ਬੋਲਚਾਲ ਵੀ ਬੰਦ ਰੱਖਣ ਦੀ ਦਲੇਰੀ ਕਰ ਸਕਦਾ ਸੀ।

## ਸ਼ਕਤੀ

ਸਰੀਰਕ ਸ਼ਕਤੀ, ਸ਼ਸਤਰਾਂ ਦੀ ਸ਼ਕਤੀ, ਨਫਰਤ ਦੀ ਸ਼ਕਤੀ ਕੇਂਦਰ ਪਾਸ ਵੀ ਬਹੁਤ ਹੈ, ਤੇ ਪੰਜਾਬ ਦੇ ਲੜਾਕਿਆਂ ਪਾਸ ਵੀ ਬਹੁਤ ਹੈ, ਆਤਮਿਕ ਦਬਾਉ ਪਾਉਣ ਵਾਲੀ ਸ਼ਕਤੀ, ਦੂਜੀ ਧਿਰ ਦੇ ਦਿਲਾਂ ਨੂੰ ਹਲੂਣ ਦੇਣ ਵਾਲੀ ਸ਼ਕਤੀ, ਨਾ ਦਿੱਲੀ ਵਿਚ ਨਜ਼ਰ ਆਉਂਦੀ ਹੈ, ਨਾ ਚੰਡੀਗੜ੍ਹ ਅਤੇ ਅੰਮ੍ਰਿਤਸਰ ਵਿਚ। ਹੋਰ ਤਾਂ ਹੋਰ, ਆਪਣਿਆਂ ਨੇ ਹੀ, ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਨੂੰ ਕਿੰਨਾ ਬੇਅਸਰ ਕਰ ਕੇ ਰੱਖ ਦਿੱਤਾ ਹੈ ? 1920 ਤੋਂ 1978 ਈ: ਤੱਕ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਹੁੰਦੀਆਂ ਸਰਬ-ਸੰਸਾਰ ਪੰਥਕ ਕਨਵੈਨਸ਼ਨਾਂ ਅਤੇ ਲਗਦੇ ਮੋਰਚੇ, ਵਿਰੋਧੀ ਨੁਕਤਾਚੀਨੀ ਸਹੇੜਦੇ ਹੋਏ ਵੀ, ਰਾਜਨੀਤਕ ਹਲਚਲ ਪੈਦਾ ਕਰਦੇ ਹੁੰਦੇ ਸਨ। ਹੁਣ ਉਹ ਗੱਲ ਵੀ ਨਹੀਂ। ਹੁਣ ਤਾਂ "ਸਰਬਤ ਖਾਲਸੇ" ਵੀ (ਆਨੰਦਪੁਰ ਜਾਂ ਅਕਾਲ ਤਖਤ ਉਤੇ) ਸਿੱਖਾਂ ਦੇ ਇਕ ਇਕ ਧੜੇ ਦੀ ਆਵਾਜ਼ ਬਣ ਕੇ ਰਹਿ ਗਏ ਹਨ।

ਪਿਛਲੇ ਦਿਨਾਂ ਵਿਚ ਸੁਰੱਖਿਆ ਦਸਤਿਆਂ ਨੇ ਸਰਹੱਦ ਉਤੇ ਬਹੁਤ ਸਾਰੇ "ਘੁਸਪੈਠੀਏ" ਮਾਰੇ। ਇਕ ਇਕੱਲੀ ਰਾਤ ਚੌਦਾਂ ਘੁਸਪੈਠੀਏ ਮਰੇ। ਹੋਰ ਰਾਤਾਂ ਨੂੰ ਵੀ ਕੁਝ ਨਾ ਕੁਝ ਮਰਦੇ ਰਹੇ। ਕੀ ਇਹ ਸਾਰੇ "ਪਾਕਿਸਤਾਨੀ" ਸਨ ? ਜੇ ਇਹ ਪਾਕਿਸਤਾਨੀ ਸਨ, ਤਾਂ ਕੀ ਪਾਕਿਸਤਾਨੀ "ਮਨੁੱਖ" ਨਹੀਂ ਹੁੰਦੇ ? ਉਨ੍ਹਾਂ ਨੂੰ ਕੋਈ ਰੋਣ ਵਾਲਾ ਨਹੀਂ ਹੁੰਦਾ ? ਉਹ ਕਿਉਂ ਆਉਂਦੇ ਹਨ ? ਉਨ੍ਹਾਂ ਦੀਆਂ ਮੌਤਾਂ ਨਾਲ ਪਾਕਿਸਤਾਨ ਦੀ ਜਨਤਾ ਵਿਚ ਹਾਹਾਕਾਰ ਨਹੀਂ ਮੱਚੀ ? ਜੇ ਉਹ ਪਾਕਿਸਤਾਨ ਤੋਂ ਮੁੜ ਰਹੇ ਸਿੱਖ ਨੌਜਵਾਨ ਸਨ, ਤਾਂ ਉਨ੍ਹਾਂ ਦੀ ਸ਼ਨਾਖਤ ਕੀ ਸੀ ? ਉਨ੍ਹਾਂ ਦਾ ਪਿੰਡ ਤੇ ਮਾਂ ਪਿਉ ਹੋਣਗੇ। ਸਰਕਾਰ ਨੇ ਉਨ੍ਹਾਂ ਬਾਰੇ ਦੱਸਿਆ ਕਿਉਂ ਨਹੀਂ ? ਕੀ ਉਨ੍ਹਾਂ ਮੁੜਨ ਵਾਲੇ ਸਿੱਖ ਨੌਜਵਾਨਾਂ ਪਾਸ ਹਥਿਆਰ ਸਨ ? ਕੀ ਉਨ੍ਹਾਂ ਨੇ ਗੋਲੀ ਚਲਾਈ ? ਜੇ ਹਥਿਆਰ ਸਨ ਤਾਂ ਉਹ ਗ੍ਰਿਫਤਾਰ ਕਿਉਂ ਨਹੀਂ ਕੀਤੇ ਗਏ ? ਕੀ ਕੇਂਦਰੀ ਸਰਕਾਰ ਨੇ ਸੈਨਿਕ ਕਾਰਵਾਈ ਦੌਰਾਨ ਕੀਤੀ ਗਈ ਹਿੰਸਕ ਸਖਤੀ ਦੀ ਅਸਫਲਤਾ ਤੋਂ ਕੋਈ ਸਬਕ ਨਹੀਂ ਸਿੱਖਿਆ ? ਕੀ ਸਰਕਾਰੀ ਦਹਿਸ਼ਤ ਨਾਲ ਅੱਗੇ ਪੰਜਾਬ ਦੀ ਦਹਿਸ਼ਤ ਖਤਮ ਹੋਈ ਹੈ ?

## ਵਾਰਦਾਤਾਂ

ਦੂਜੇ ਪਾਸੇ, ਪੰਜਾਬ ਵਿਚ, ਬੈਠੇ ਜਾਂ ਰਾਹ ਜਾਂਦੇ, ਬੇਹਥਿਆਰੇ ਲੋਕਾਂ ਨੂੰ, ਸਕੂਟਰ ਸਵਾਰਾਂ ਜਾਂ ਪੈਦਲ ਨੌਜਵਾਨਾਂ ਹੱਥੋਂ ਗੋਲੀਆਂ ਮਾਰੇ ਜਾਣ ਦੀਆਂ ਵਾਰਦਾਤਾਂ ਜਾਰੀ ਹਨ। ਦੀਵਾਲੀ ਤੋਂ ਕੁਝ ਦਿਨ ਪਹਿਲਾਂ ਬਟਾਲੇ ਨੇੜੇ ਇਕ ਪਿੰਡ ਵਿਚ ਅਤੇ ਫੇਰ ਦੀਵਾਲੀ ਤੋਂ ਇਕ ਦਿਨ ਪਹਿਲਾਂ ਲੁਧਿਆਣਾ ਸ਼ਹਿਰ ਵਿਚ ਕਿੰਨੀਆਂ ਹੀ ਮੌਤਾਂ ਹੋਈਆਂ। ਮਾਰਨ ਵਾਲਿਆਂ ਵਲੋਂ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਕਿਸੇ ਨਾ ਕਿਸੇ 'ਰਜਮੈਂਟ' ਜਾਂ ਕਮਾਂਡੋ ਫੋਰਸ' ਵਲੋਂ ਸਮਾਚਾਰ ਏਜੰਸੀਆਂ ਨੂੰ ਟੈਲੀਫੋਨ ਕਰ ਕੇ ਜ਼ੁੰਮੇਂਵਾਰੀ ਵੀ ਲੈ ਲਈ ਜਾਂਦੀ ਹੈ। ਸਪਸ਼ਟ ਹੈ, ਮਾਰਨ ਵਾਲੇ ਯਕੀਨ ਰੱਖਦੇ ਹਨ, ਅਸੀਂ ਕੇਂਦਰੀ ਸਰਕਾਰ ਨੂੰ ਝੁਕਾ ਕੇ ਆਪਣੇ ਨਿਸ਼ਾਨੇ ਪ੍ਰਾਪਤ ਕਰਨੇ ਹਨ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਪਿਛਲੇ ਕਈ ਸਾਲਾਂ ਤੋਂ ਮੋਟਰ ਸਵਾਰਾਂ, ਸਕੂਟਰ ਸਵਾਰਾਂ, ਕਾਰ ਸਵਾਰਾਂ ਅਤੇ ਪੈਦਲਾਂ ਦੀਆਂ ਗੋਲੀਆਂ ਨਾਲ ਕੀ ਨਿਸ਼ਾਨਾ ਨੇੜੇ ਆ ਗਿਆ ਹੈ ? ਕੀ ਇਹ ਖਾੜਕੂ ਸੰਗਠਨ ਇਹ ਨਹੀਂ ਸੋਚਦੇ ਕਿ ਜੂਨ 1984 ਈ. ਤੱਕ ਤਾਂ ਉਨ੍ਹਾਂ ਦੇ ਹਿੰਸਕ ਪੱਖ ਦੀ ਨਿੰਦਾ ਕਰਨ ਵਾਲੇ ਗੈਰ-ਪੰਜਾਬੀ ਪੱਤਰਕਾਰ ਅਤੇ ਕਈ ਵਿਰੋਧੀ ਨੇਤਾ ਵੀ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਇੰਟਰਵਿਊ ਲੈਣ ਲਈ, ਉਨ੍ਹਾਂ ਦਾ ਦ੍ਰਿਸ਼ਟੀਕੋਣ ਸਮਝਣ ਲਈ ਲਾਮ-ਡੋਰੀ ਬੰਨ੍ਹ ਕੇ ਤੁਰੇ ਰਹਿੰਦੇ ਸਨ। ਬਦੇਸ਼ੀ ਪੱਤਰਕਾਰ ਵੀ ਭੱਜੇ ਆਉਂਦੇ ਸਨ। ਹੁਣ ਇਹ ਸਿਲਸਿਲਾ ਰੁਕ ਗਿਆ ਹੈ, ਜਾਂ ਘੱਟ ਗਿਆ ਹੈ। ਪੰਜਾਬ ਦੀ ਦਹਿਸ਼ਤ, ਲਗਾਤਾਰ ਜਾਰੀ ਰਹਿੰਦੀ ਹੋਈ, ਆਪਣੀ ਨਵੀਨਤਾ, ਚੌਂਕਾ ਦੇਣ ਵਾਲੀ ਆਪਣੀ ਸ਼ਕਤੀ, ਮਜ਼ਲੂਮ ਦੀ ਜਵਾਬੀ ਕਾਰਵਾਈ ਹੋਣ ਦੀ ਸ਼ੁਹਰਤ ਗੁਆ ਰਹੀ ਹੈ। ਦੇਸ਼ ਭਰ ਦੀਆਂ ਅਖਬਾਰਾਂ ਹੁਣ ਪੰਜਾਬ ਦੀ ਦਹਿਸ਼ਤ ਨੂੰ ਨਿੰਦ ਛੱਡਦੀਆਂ ਹਨ, ਤੇ ਪੰਜਾਬ ਤੋਂ ਬਾਹਰਲੇ ਸਿੱਖਾਂ ਦੀ ਭੈਭੀਤ ਮਨੋਦਸ਼ਾ ਦਿਖਾਉਣ ਵਾਲੇ ਇੰਟਰਵਿਊ ਅਤੇ ਜਾਇਜ਼ੇ ਛਾਪ ਰਹੀਆਂ ਹਨ।

ਇਸ ਤੋਂ ਵੀ ਵੱਡੀ ਸੋਚਣ ਵਾਲੀ ਗੱਲ "ਸਿੱਖ ਚਰਿਤਰ" ਵਿਚ ਆ ਰਹੀ ਕਠੋਰਤਾ ਹੈ ਸਿੱਖ ਚਰਿਤਰ ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਹੁਣ ਤੱਕ "ਸ਼ਤਰੂ" ਨਾਲ ਸ਼ਸਤਰ ਚੁੱਕ ਕੇ ਲੜਦਾ ਆਇਆ ਹੈ, ਪਰ ਇਸ ਚਰਿਤਰ ਵਿਚ ਮਾਨਵੀ ਕੋਮਲਤਾ ਵੀ ਕਾਇਮ ਰਹੀ। ਇਸ ਵਿਚ ਮਨੁੱਖੀ ਦਯਾ ਕਾਇਮ ਰਹੀ। ਗੁਰੂ ਨਾਨਕ ਦੇਵ ਨੇ 'ਧਰਮ' ਨੂੰ "ਦਯਾ ਕਾ ਪੂਤ" ਆਖਿਆ ਸੀ। ਅੱਜ ਦਯਾਵਾਨ ਸਿੱਖ ਦਾ ਬਿੰਬ ਧੁੰਦਲਾ ਪੈ ਰਿਹਾ ਹੈ।

ਇਕ ਪਾਸੇ ਕੇਂਦਰ ਹਠਧਰਮੀ ਧਾਰੀ ਬੈਠਾ ਹੈ। ਦੂਜੇ ਪਾਸੇ ਪੰਜਾਬ ਦੇ ਹਿੰਸਾਵਾਦੀ ਅੰਸ਼। ਘਰੋਂ ਰੋਟੀ ਕਮਾਉਣ ਗਿਆ ਕੋਈ ਵਿਅਕਤੀ (ਬਹੁਤ ਵਾਰ ਹਿੰਦੂ, ਕਦੇ ਕਦੇ ਸਿੱਖ ਅਤੇ ਮੁਸਲਮਾਨ) ਰਾਤ ਨੂੰ ਜਿਉਂਦਾ ਨਹੀਂ ਪਰਤਦਾ। ਮਾਂ ਪਿਉ, ਭੈਣਾਂ, ਭਰਾਵਾਂ ਅਤੇ ਬੱਚਿਆਂ ਦਾ ਸੰਸਾਰ ਅਚਾਨਕ ਉਜੜ ਜਾਂਦਾ ਹੈ। ਕਮਾਊ ਬੰਦਾ ਭੀ ਨਹੀਂ ਮਰਦਾ, ਦਿਲਾਂ ਵਿਚ ਉਮਰ ਭਰ ਲਈ ਸੋਗ ਹੀ ਨਹੀਂ ਪੈਂਦਾ, ਸਾਰੇ ਸਿੱਖਾਂ ਵਿਰੁੱਧ ਸਿੱਖ ਧਾਰਮਿਕਤਾ ਵਿਰੁਧ, ਨਫਰਤ ਦਾ ਫੋੜਾ ਵੀ ਪੈਦਾ ਹੁੰਦਾ ਹੈ। ਪ੍ਰਧਾਨ ਮੰਤਰੀ ਪਾਸ ਇਸ ਦਾ ਇਕ ਹੀ ਅੜੀਅਲ ਜਵਾਬ ਹੈ। ਹੋਰ ਸਖਤੀ। ਹੋਰ ਸੁਰੱਖਿਆ ਦਸਤੇ। ਪੰਜਾਬ ਦੇ ਹਿੰਸਾਵਾਦੀ ਤੱਤ ਇਸ ਸਰਕਾਰੀ ਦਹਿਸ਼ਤ ਦੇ ਜਵਾਬ ਵਿਚ ਰਾਤੋ-ਰਾਤ ਕੁਝ ਹੋਰ ਲਾਸ਼ਾਂ ਪੈਦਾ ਕਰਦੇ ਹਨ ਤੇ ਅਖਬਾਰਾਂ ਨੂੰ ਟੈਲੀਫੂਨ ਕਰਦੇ ਰਹਿੰਦੇ ਹਨ, ਇਹ ਲਉ, ਸਾਡੇ ਵੱਲੋਂ ਤੋਹਫਾ।

## ਹੱਠਧਰਮੀ

ਰਾਜਨੀਤਕ ਅਤੇ ਧਾਰਮਿਕ ਹੱਠਧਰਮੀ ਦੇ ਦੋ ਪੁੜਾਂ ਵਿਚਕਾਰ ਇਨਸਾਨੀਅਤ ਪਿਸ ਰਹੀ ਹੈ। ਅਨਪੜ੍ਹ ਤਾਂ ਇਕ ਪਾਸੇ, ਪੜ੍ਹੇ- ਲਿਖੇ ਲੋਕਾਂ ਦੇ ਮਨਾਂ ਵਿਚ ਵੀ, ਬੇਰਹਿਮੀ ਦੇ ਜਜ਼ਬੇ ਉਭਰ ਰਹੇ ਹਨ। ਸਮੁੱਚਾ ਸਮਾਜ ਵਹਿਸ਼ੀ ਬਣਦਾ ਜਾ ਰਿਹਾ ਹੈ।

ਪੰਜਾਬ ਦੇ ਦੋਹਾਂ ਫਿਰਕਿਆਂ ਵਿਚਕਾਰ ਏਨੀ ਨਫਰਤ ਕਦੀ ਨਹੀਂ ਪੈਦਾ ਹੋਈ, ਜਿੰਨੀ ਅੱਜ ਹੈ। ਇਥੇ ਵੀ, ਆਪਣੇ ਫਿਰਕੇ ਨੂੰ ਸਹੀ ਤੇ ਦੂਜੇ ਨੂੰ ਸਰੀਹਨ ਗਲਤ ਦੱਸਣ ਦੀ ਰੁਚੀ ਹੈ। ਦੋਹਾਂ ਫਿਰਕਿਆਂ ਵੱਲ ਦੀ ਸਾਂਝੀ ਗੱਲ ਕਰ ਸਕਣ ਵਾਲਾ ਕੋਈ ਨੇਤਾ ਨਜ਼ਰ ਨਹੀਂ ਆਉਂਦਾ। ਦੋਹਾਂ ਨੂੰ ਝੰਜੋੜ ਕੇ ਸੋਚਣ ਲਈ ਮਜ਼ਬੂਰ ਕਰਨ ਵਾਲਾ ਕੋਈ ਵਿਅਕਤੀ ਪੰਜਾਬ ਵਿਚ ਨਜ਼ਰ ਨਹੀਂ ਆ ਰਿਹਾ।

ਸਿੱਖਾਂ-ਹਿੰਦੂਆਂ ਦੇ ਦਿਲਾਂ ਦੀ ਖਾਈ ਮੇਟਣ ਵਾਲਾ ਮਸੀਹਾ ਤਾਂ ਇਕ ਪਾਸੇ, ਸਿੱਖਾਂ ਪਾਸ ਆਪਣਾ ਕੋਈ ਵੀ ਮਸੀਹਾ ਨਹੀਂ। ਹਿੰਸਾ ਵਿਚ ਵਿਸ਼ਵਾਸ ਰੱਖਣ ਵਾਲੇ ਸਿੱਖ ਅਤੇ ਅਕਾਲੀ ਸਿੱਖ ਦੋਵੇਂ "ਖਾਲਸਾ ਪੰਥ" ਦੇ ਮੁਦਈ ਹਨ। ਪਰ ਦੋਵੇਂ ਨਦੀ ਦੇ ਦੋ ਕਿਨਾਰੇ ਹਨ ਜਿਨ੍ਹਾਂ ਵਿਚਕਾਰ ਪਾੜ ਵੱਧ ਰਿਹਾ ਹੈ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਤਾਂ ਕਈ ਵਾਰ ਇਕ ਹੀ ਸਟੇਜ ਉਤੇ ਬੋਲ ਲੈਂਦੇ ਸਨ। ਪਰ ਅੱਜ ਦੇ "ਅਕਾਲੀ ਪੰਥਕ" ਅਤੇ "ਗੈਰ-ਅਕਾਲੀ ਪੰਥਕ" ਦੂਰ ਦੂਰ ਹਨ। ਦੀਵਾਲੀ ਦੇ ਸਮਾਗਮਾਂ ਵਿਚ ਗੈਰ-ਅਕਾਲੀ ਪੰਥਕ ਦਰਬਾਰ ਸਾਹਿਬ ਕੰਪਲੈਕਸ ਵਿਚ ਹਾਜ਼ਰ ਸਨ, ਦੂਜੇ ਗੈਰਹਾਜ਼ਰ। ਹੋਰ ਤਾਂ ਹੋਰ ਬਾਬਾ ਜੋਗਿੰਦਰ ਸਿੰਘ ਦੇ ਦਲ ਨੂੰ ਵੀ "ਗੈਰ-ਅਕਾਲੀ ਪੰਥਕ" ਆਪਣਾ ਸਕਾ ਨਹੀਂ ਮੰਨਦੇ।

ਅਕਾਲੀਆਂ ਨੂੰ ਇਕ ਸਾਲ ਪਹਿਲਾਂ ਪੰਜਾਬੀਆਂ ਨੇ ਉਤਸ਼ਾਹ ਨਾਲ ਵੋਟਾਂ ਦੇ ਕੇ ਜਿਤਾਇਆ ਸੀ। ਪਰ ਉਨ੍ਹਾਂ ਨੂੰ ਨਾ ਰਾਜ ਕਰਨਾ ਆਇਆ, ਤੇ ਨਾ ਉਨ੍ਹਾਂ ਨੇ ਪੰਜਾਬ ਦਾ ਕੋਈ ਮਸਲਾ ਹੱਲ ਕਰਵਾਇਆ। ਹਰਿਮੰਦਰ ਸਾਹਿਬ ਵਿਚ ਪੁਲੀਸ ਭੇਜਣ ਦੇ ਸਵਾਲ ਉਤੇ ਦੋ ਧੜਿਆਂ ਵਿਚ ਤਾਂ ਵੰਡੇ ਗਏ, ਪਰ ਹਰਿਮੰਦਰ ਸਾਹਿਬ ਵਿਚ ਦਰਸ਼ਨ ਕਰਨ ਜਾਣ ਅਤੇ ਕੰਪਲੈਕਸ ਵਿਚ ਅਕਾਲੀ ਦਲ ਦੀ ਮੀਟਿੰਗ ਕਰਨ ਦੀ ਦਲੇਰੀ ਦੋਹਾਂ ਵਿਚ ਹੀ ਨਹੀਂ। ਬਰਨਾਲਾ ਦਾ ਦਲ ਤਾਂ ਪਹਿਲਾਂ ਹੀ ਚੰਡੀਗੜ੍ਹ ਵਿਚ ਮੀਟਿੰਗਾਂ ਕਰਦਾ ਹੈ, ਬਾਦਲ ਅਕਾਲੀ ਦਲ ਨੇ ਵੀ ਅੰਮ੍ਰਿਤਸਰ ਵਿਚ ਇਕੱਤਰਤਾ ਕਰਨ ਦੀ ਦਲੇਰੀ ਨਹੀਂ ਕੀਤੀ। ਬਾਦਲ ਅਕਾਲੀ ਦਲ ਕੇਂਦਰ ਦੀ ਸਖਤੀ ਅਤੇ ਸਰਹੱਦ ਉਤੇ ਮਾਰੇ ਜਾਣ ਵਾਲੇ ਨੌਜਵਾਨਾਂ ਬਾਰੇ ਆਵਾਜ਼ ਤਾਂ ਉਚੀ ਕਰਦਾ ਹੈ, ਪਰ ਉਨ੍ਹਾਂ ਨੌਜਵਾਨਾਂ ਨਾਲ ਅੱਖ ਨਾਲ ਅੱਖ ਮਿਲਾਉਣ ਦੀ ਦਲੇਰੀ ਨਹੀਂ ਕਰਦਾ।

ਬਰਨਾਲਾ ਅਕਾਲੀ ਦਲ ਦੀ ਸਭ ਤੋਂ ਵੱਡੀ ਜ਼ੁੰਮੇਵਾਰੀ ਸੀ। ਆਖਰ, ਪੰਜਾਬ ਸਮਝੌਤਾ ਉਨ੍ਹਾਂ ਨੇ ਕੀਤਾ ਸੀ। ਹੁਣ ਉਸ ਨੂੰ ਲਾਗੂ ਕਰਾਉਣਾ ਉਨ੍ਹਾਂ ਦਾ ਕੰਮ ਹੈ। ਕਿਉਂ ਕੁਰਸੀਆਂ ਨਾਲ ਚੰਬੜੇ ਬੈਠੇ ਹਨ ? ਪਿਛੇ ਜਿਹੇ ਪ੍ਰਧਾਨ ਮੰਤਰੀ ਨਾਲ ਸ. ਸੁਰਜੀਤ ਸਿੰਘ ਬਰਨਾਲਾ ਮਿਲਕੇ ਆਏ ਹਨ। ਪਤਾ ਲੱਗਾ ਸੀ, ਉਨ੍ਹਾਂ ਨੇ ਜੋਧਪੁਰ ਦੇ ਨਜ਼ਰਬੰਦਾਂ ਬਾਰੇ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਕੀ ਕਿਹਾ ? ਬਰਨਾਲਾ ਸਾਹਿਬ ਇਸ ਬਾਰੇ ਪੰਜਾਬੀਆਂ ਨੂੰ ਆਪਣੇ ਵਿਸ਼ਵਾਸ ਵਿਚ ਕਿਉਂ ਨਹੀਂ ਲੈਂਦੇ ? ਉਨ੍ਹਾਂ ਨੂੰ ਵੋਟਾਂ ਮਿਟੀ ਦਾ ਮਾਧੋ ਬਣੇ ਰਹਿਣ ਲਈ ਨਹੀਂ ਦਿੱਤੀਆਂ ਗਈਆਂ ਸਨ ਦਿੱਲੀ ਦੇ ਸਿੱਖ-ਵਿਰੋਧੀ ਦੰਗਿਆਂ ਦੀ ਪੜਤਾਲ ਕਰਨ ਵਾਲੇ ਮਿਸ਼ਰਾ ਕਮਿਸ਼ਨ ਦੀ ਰਿਪੋਰਟ ਆ ਚੁੱਕੀ ਹੈ। ਇਸ ਕਮਿਸ਼ਨ ਨੂੰ ਦਿਤੇ ਗਏ ਕੰਮ ਬਾਰੇ ਪਹਿਲਾਂ ਵੀ ਲੋਕਾਂ ਨੂੰ ਬਹੁਤਾ ਭਰੋਸਾ ਨਹੀਂ ਸੀ। ਫੇਰ ਵੀ, ਕਮਿਸ਼ਨ ਦੀ ਰਿਪੋਰਟ ਕਿਉਂ ਪ੍ਰਕਾਸ਼ਤ ਨਹੀਂ ਕੀਤੀ ਜਾ ਰਹੀ ? ਬਰਨਾਲਾ ਸਾਹਿਬ ਕਿਉਂ ਕੇਂਦਰ ਤੋਂ ਰਿਪੋਰਟ ਨਹੀਂ ਮੰਗਦੇ ?

ਵਕਤ ਲੰਘਦਾ ਜਾ ਰਿਹਾ ਹੈ ? ਅੜੀਅਲ ਵਤੀਰੇ ਹੋਰ ਅੜੀਅਲ ਹੁੰਦੇ ਜਾ ਰਹੇ ਹਨ। ਜਿੰਨੀ ਦੇਰ ਪਏਗੀ, ਜਾਨੀ ਨੁਕਸਾਨ ਤਾਂ ਹੋਏਗਾ ਹੀ, ਨਫਰਤਾਂ ਅਤੇ ਅੜਾਂ ਵੀ ਵਧਦੀਆਂ ਜਾਣਗੀਆਂ।

ਕੇਂਦਰ ਇਕ ਇਹੋ ਪੀਪੀ ਹੈ, ਜਿਸ ਵਿਚੋਂ ਸਿੱਧੀ ਉਂਗਲ ਨਾਲ ਘਿਉ ਨਹੀਂ ਨਿਕਲਣਾ। ਜਦੋਂ ਤੱਕ ਅਕਾਲੀ ਪਾਟੇ ਹੋਏ ਹਨ, ਕੇਂਦਰ ਨੂੰ ਜ਼ਿਆਦਾ ਫਿਕਰ ਨਹੀਂ। ਇਸ ਤੋਂ ਇਲਾਵਾ, ਜਦੋਂ ਤੱਕ ਭਾਰਤ ਦੀ ਤਕੜੀ ਲੋਕ-ਰਾਏ ਪੰਜਾਬ ਬਾਰੇ ਫਿਕਰਮੰਦ ਨਹੀਂ ਹੁੰਦੀ, ਕੇਂਦਰ ਨੇ ਵੀ ਫਿਕਰਮੰਦ ਨਹੀਂ ਹੋਣਾ। ਹਾਲ ਦੀ ਘੜੀ ਤਾਂ ਪੰਜਾਬ ਦੇ ਨਿਤ ਦੇ ਕਤਲਾਂ ਦੇ ਕਾਰਨ ਭਾਰਤ ਦੀ ਲੋਕ ਰਾਏ ਪੰਜਾਬ ਵਿਰੁੱਧ ਅਤੇ ਸਿੱਖਾਂ ਵਿਰੁਧ ਹੋ ਚੁਕੀ ਹੈ। ਪੰਜਾਬ ਅਤੇ ਪੰਥ ਦੇ ਸ਼ੁਭਚਿੰਤਕਾਂ ਨੂੰ ਆਪਣੇ ਮਨਾਂ ਵਿਚ ਝਾਤੀ ਮਾਰ ਕੇ ਸੋਚਣਾ ਚਾਹੀਦਾ ਹੈ।


A.M.C. Carpet Ltd.
12983-80th. Ave., Surrey, B.C
Carpet-Vinyl-Hardwood
All Popular Brands Supplied & Installed
ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ
Free Estimate —
ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :
Phone for appointment
Off. 594-6141
Res. 594-7595 Pager 680-0214

AMARJIT SINGH CHAHAL



BOMBAY SWEETS
& Restaurants
6556 - 6560 MAIN ST. VANCOUVER
Ph. 321-1414
874-5722
For Largest Variety in Indian Sweets
Delicious Indian food

## 'ਸਰਬ ਸੰਸਾਰ ਅਮਨ ਵਿਸ਼ੇਸ਼ ਅੰਕ'

ਸ੍ਰੀਮਾਨ ਜੀ,

ਆਪ ਜੀ ਨੂੰ ਪਤਾ ਹੀ ਹੈ ਕਿ ਇਸ ਸਮੇਂ ਸੰਸਾਰ ਵਿਚ ਸਦੀਵੀ ਅਮਨ ਕਾਇਮ ਕਰਨ ਦੀ ਕਿਤਨੀ ਲੋੜ ਹੈ। ਇਹ ਲੋੜ ਇਸ ਕਰਕੇ ਵਧੇਰੇ ਸ਼ਿਦਤ ਨਾਲ ਅਨੁਭਵ ਕੀਤੀ ਜਾ ਰਹੀ ਹੈ ਕਿਉਂਕਿ ਸਾਰੀ ਦੁਨੀਆਂ ਦੇ ਸਾਇੰਸਦਾਨਾਂ ਤੇ ਵਿਦਵਾਨਾਂ ਅਤੇ ਵੱਡੀਆਂ ਤਾਕਤਾਂ ਦੇ ਮੁਖੀਆਂ ਨੂੰ ਇਹ ਅਨੁਭਵ ਹੋ ਗਿਆ ਹੈ ਕਿ ਜੇ ਤੀਜੀ ਜੰਗ (ਐਟਮੀ ਲੜਾਈ) ਛਿੜ ਗਈ ਤਾਂ ਸਾਰੀ ਮਨੁਖਤਾ ਤਬਾਹ ਹੋ ਜਾਵੇਗੀ।

ਮੈਂ ਇਸ ਸਬੰਧ ਵਿਚ ਆਪਜੀ ਨੂੰ ਵਿਸ਼ੇਸ਼ ਤੌਰ ਤੇ ਇਹ ਬੇਨਤੀ ਕਰਦਾ ਹਾਂ ਕਿ ਆਪ ਇਸ ਮਹੀਨੇ ਦਾ ਜੋ ਅਖੀਰਲੇ ਹਫਤੇ ਦਾ ਪਰਚਾ ਹੈ ਉਸ ਨੂੰ "ਸੰਸਾਰ ਅਮਨ ਵਿਸ਼ੇਸ਼ ਅੰਕ" ਦੇ ਰੂਪ ਵਿਚ ਕੱਢੋ। ਅਮਨ ਪਸੰਦ ਲੇਖਕਾਂ ਤੇ ਕਵੀਆਂ ਤੋਂ ਕਵਿਤਾਵਾਂ ਮੰਗਵਾਉ ਤੇ ਇਕ ਐਸਾ ਐਡੀਸ਼ਨ ਕੱਢੋ ਜੋ ਯਾਦਗਾਰ ਵਜੋਂ ਸਾਂਭ ਕੇ ਰੱਖਣਯੋਗ ਹੋਵੇ। ਮੈਨੂੰ ਪਤਾ ਹੈ ਕਿ ਕੈਨੇਡਾ ਅਮਰੀਕਾ ਤੇ ਯੂ ਕੇ ਵਿਚੋਂ ਜਿਤਨੇ ਅਖਬਾਰ (ਪੰਜਾਬੀ ਦੇ) ਨਿਕਲ ਰਹੇ ਹਨ ਉਨ੍ਹਾਂ ਵਿਚੋਂ ਬਹੁਤੇ ਤਾਂ ਬਲਦੀ ਉਤੇ ਤੇਲ ਪਾਉਣ ਵਾਲਾ ਮੈਟੀਰੀਅਲ ਛਾਪਦੇ ਤੇ ਪਸੰਦ ਕਰਦੇ ਹਨ। ਕੇਵਲ ਕੈਨੇਡਾ ਦਰਪਣ ਤੋਂ ਇਹ ਉਮੀਦ ਰੱਖੀ ਜਾਂਦੀ ਹੈ ਕਿ ਇਹ ਅਮਨ ਦੇ ਹੱਕ ਵਿਚ ਆਵਾਜ਼ ਉਠਾਵੇ ਅਤੇ ਸੰਸਾਰ ਭਰ ਦੇ ਅਮਨ ਪਸੰਦ ਲੋਕਾਂ ਦੀ ਹੌਂਸਲਾ ਅਫਜ਼ਾਈ ਕਰੇ। ਸੰਤ ਲੌਂਗੋਵਾਲ, ਸ: ਦਰਸ਼ਨ ਸਿੰਘ ਕੈਨੇਡੀਅਨ, ਸ: ਬਲਦੇਵ ਸਿੰਘ ਮਾਨ, ਸੁਮੀਤ ਸਿੰਘ ਤੇ ਗਿਆਨੀ ਪ੍ਰਤਾਪ ਸਿੰਘ ਸੰਪਾਦਕ ਗਿਆਨ ਅੰਮ੍ਰਿਤ ਅਮਨ ਦੇ ਸ਼ਹੀਦ ਕਰਕੇ ਮੰਨੇ ਤੇ ਸਤਿਕਾਰੇ ਜਾਣਗੇ ਅੜੇ ਜਿਹੜੇ ਲੋਕ ਨੌਜਵਾਨਾਂ ਨੂੰ ਗੁਮਰਾਹ ਕਰਕੇ ਉਨ੍ਹਾਂ ਨੂੰ "ਖਾਲਸਾ ਸੋ ਜੋ ਕਰੇ ਨਿਤ ਜੰਗ" ਦਾ ਉਪਦੇਸ਼ ਦੇ ਕੇ ਭਰਾ ਮਾਰੂ ਜੰਗ ਲਈ ਉਭਾਰ ਰਹੇ ਹਨ ਉਹ ਮਨੁਖਤਾ ਦੇ ਤੇ ਅਮਨ ਦੇ ਦੁਸ਼ਮਣ ਹਨ। ਉਨ੍ਹਾਂ ਵਿਰੁੱਧ ਲੋਕ ਰਾਏ ਨੂੰ ਜਥੇਬੰਦ ਕਰ ਕੇ ਆਵਾਜ਼ ਉਠਾਣੀ ਇਸ ਸਮੇਂ ਅਤਿ ਜ਼ਰੂਰੀ ਹੋ ਗਈ ਹੈ। ਮੈਂ ਇਸ ਸਬੰਧ ਵਿਚ ਕਾਫੀ ਕੁਝ ਲਿਖਿਆ ਹੈ ਅਤੇ ਹੋਰ ਵੀ ਲਿਖ ਰਿਹਾ ਹਾਂ। ਕੀ ਤੁਸੀਂ ਕਿਸੇ ਸੰਸਥਾ ਵਲੋਂ ਉਸਨੂੰ ਟਰੈਕਟਾਂ ਦੇ ਰੂਪ ਵਿਚ ਛਪਵਾ ਸਕਦੇ ਹੋ? ਜੇ ਹੋਰ ਮੈਟਰ ਦੀ ਲੋੜ ਹੋਵੇ ਤਾਂ ਵਾਪਸੀ ਡਾਕ ਪਤਾ ਦੇਣਾ। ਇਹ ਵੀ ਦਸਣਾ ਕਿ ਅਮਨ ਦੇ ਵਿਸ਼ੇਸ਼ ਅੰਕ ਲਈ ਮੈਂ ਤੁਹਾਡੀ ਕੀ ਸਹਾਇਤਾ ਕਰ ਸਕਦਾ ਹਾਂ।

## ਮੁਹੱਬਤਨਾਮੇ

"ਸਰਬ ਸੰਸਾਰ ਅਮਨ ਵਿਸ਼ੇਸ਼ ਅੰਕ" ਜ਼ਰੂਰ ਪ੍ਰਕਾਸ਼ਤ ਕਰੋ ਅਤੇ 31 ਦਸੰਬਰ ਨੂੰ ਸਾਰੇ ਸੰਸਾਰ ਵਿਚ ਸਵੇਰੇ 3 ਵਜੇ ਤੋਂ 5 ਵਜੇ ਤੱਕ ਜੋ ਪ੍ਰਾਰਥਨਾ ਸਭਾਵਾਂ ਹੋ ਰਹੀਆਂ ਹਨ ਉਨ੍ਹਾਂ ਲਈ ਵੈਨਕੂਵਰ ਵਿਚ ਤੇ ਅਮਰੀਕਾ ਵਿਚ ਰਹਿੰਦੇ ਲੋਕਾਂ ਨੂੰ ਹਿਸਾ ਲੈਣ ਲਈ ਪ੍ਰੇਰਣਾ ਕਰੋ।

ਆਸ ਹੈ ਇਸ ਬੇਨਤੀ ਵੱਲ ਧਿਆਨ ਦਿਓਗੇ। ਗਿ: ਕੇਸਰ ਸਿੰਘ ਹੋਰਾਂ ਤੋਂ ਇਸ ਅੰਕ ਲਈ ਬਹੁਤ ਚੰਗਾ ਮੈਟਰ ਮਿਲ ਸਕਦਾ ਹੈ। ਉਤਰ ਦੀ ਉਡੀਕ ਵਿਚ।

ਜੰਗ ਸਿੰਘ ਉਰਫ ਅਮਨ ਸਿੰਘ (ਕੈਲੇਫੋਰਨੀਆ)

**ਨੋਟ : ਸ: ਜੰਗ ਸਿੰਘ ਗਿਆਨੀ ਉਰਫ਼ ਅਮਨ ਸਿੰਘ ਦੀ ਕਲਮ ਸਮੁੱਚੀ ਮਨੁੱਖਤਾ ਦੇ ਦਰਦ ਨੂੰ ਅਪਣਾ ਕੇ ਕੌਮਾਂਤਰੀ ਸਾਂਝੀਵਾਲਤਾ ਦਾ ਸੁਨੇਹਾ ਲੈ ਕੇ ਪੰਜਾਬੀ ਪਾਠਕਾਂ ਦੇ ਸਾਹਮਣੇ ਆਈ ਹੈ, ਇਹ ਮੁਬਾਰਕ ਕਦਮ ਹੈ। ਅਸੀਂ ਉਨ੍ਹਾਂ ਦੇ ਵਿਚਾਰ ਨਾਲ ਸਹਿਮਤ ਹਾਂ ਕਿ ਇਸ ਸਮੇਂ ਸੰਸਾਰ ਨੂੰ ਸਦੀਵੀ ਅਮਨ ਦੀ ਲੋੜ ਹੈ ਇਸ ਲਈ 'ਸੰਸਾਰ ਅਮਨ ਵਿਸ਼ੇਸ਼ ਅੰਕ' 'ਕੈਨੇਡਾ ਦਰਪਣ' ਜ਼ਰੂਰ ਪ੍ਰਕਾਸ਼ਤ ਕਰੇਗਾ ਪਰ ਸਮੇਂ ਦੇ ਬੰਧਨ ਕਾਰਣ ਅਸੀਂ ਫੈਸਲਾ ਕੀਤਾ ਹੈ ਕਿ ਅਪ੍ਰੈਲ ਦੇ ਅੰਤਲੇ ਸਪਤਾਹ ਜਦੋਂ ਵੈਨਕੂਵਰ ਵਿਚ ਲੱਖਾਂ ਲੋਕ 'ਅਮਨ ਮਾਰਚ' ਕਰਦੇ ਹਨ, ਉਸ ਸਮੇਂ ਇਹ ਅੰਕ ਪ੍ਰਕਾਸ਼ਤ ਕੀਤਾ ਜਾਵੇ।**

**ਅਸੀਂ ਅਮਨ ਸਿੰਘ ਅਤੇ ਸਾਰੇ ਪੰਜਾਬੀ ਲੇਖਕਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਅਮਨ ਸਬੰਧੀ ਆਪਣੇ ਲੇਖ, ਕਹਾਣੀਆਂ, ਕਵਿਤਾਵਾਂ ਸਾਡੇ ਤੱਕ ਮਾਰਚ ਦੇ ਅੰਤ ਤੱਕ ਪੁਜਦੇ ਕਰ ਦੇਣ। ਅਸੀਂ 64 ਪੰਨਿਆਂ ਦਾ 'ਸੰਸਾਰ ਅਮਨ ਵਿਸ਼ੇਸ਼ ਅੰਕ' ਅਪ੍ਰੈਲ ਵਿਚ ਜ਼ਰੂਰ ਪ੍ਰਕਾਸ਼ਤ ਕਰਾਂਗੇ।**

**—ਸੰਪਾਦਕ**

## ਤਾਮਿਲ ਗਰੁੱਪਾਂ 'ਚ ਲੜਾਈ - 50 ਬੰਦੇ ਮਰੇ

ਕੋਲੰਬੋ — ਸ੍ਰੀ ਲੰਕਾ ਦੇ ਤਾਮਿਲ ਬਹੁਗਿਣਤੀ ਵਾਲੇ ਇਲਾਕਿਆਂ 'ਚ ਸਰਦਾਰੀ ਕਾਇਮ ਕਰਨ ਲਈ ਤਾਮਿਲ ਅਤਿਵਾਦੀ ਗਰੁੱਪਾਂ 'ਚ ਗੰਭੀਰ ਝੜਪਾਂ ਹੋਣ ਦੀਆਂ ਖਬਰਾਂ ਮਿਲੀਆਂ ਹਨ ਅਤੇ 50 ਤੋਂ ਵੱਧ ਬੰਦਿਆਂ ਦੇ ਮਰਨ ਦੀ ਖਬਰ ਹੈ।

ਖਬਰ ਅਨੁਸਾਰ ਜਾਫਨਾਂ ਦੇ ਇਲਾਕੇ ਵਿਚ ਅਤਿਵਾਦੀ ਜਥੇਬੰਦੀ ਤਾਮਿਲ ਟਾਈਗਰਜ਼ ਦਾ ਹੁਣ ਪੂਰਾ ਕੰਟਰੋਲ ਹੋ ਗਿਆ ਹੈ। ਇਥੇ ਇਸ ਜਥੇਬੰਦੀ ਦਾ ਟਾਕਰਾ ਤਾਮਿਲ ਈਲਾਮ ਕਰਾਂਤੀ ਦਲ ਨਾਲ ਸੀ।

ਜਾਫਨਾ ਤੋਂ ਬਿਨਾਂ ਬਾਕੀ ਤਾਮਿਲ ਇਲਾਕਿਆਂ 'ਚ ਅਜੇ ਵੀ ਬਹੁਗਿਣਤੀ ਤਾਮਿਲ ਈਲਮ ਦੀ ਹੈ। ਖਬਰਾਂ ਅਨੁਸਾਰ ਇਨ੍ਹਾਂ ਗਰੁੱਪਾਂ 'ਚ ਅਜੇ ਵੀ ਕਈ ਥਾਈਂ ਲੜਾਈ ਜਾਰੀ ਹੈ।

ਉਧਰ ਤਾਮਿਲ ਸਮੱਸਿਆ ਦਾ ਕੋਈ ਪੱਕਾ ਹੱਲ ਲੱਭਣ ਲਈ ਭਾਰਤ ਦੇ ਦੋ ਮੰਤਰੀ ਸ੍ਰੀ ਲੰਕਾ ਗਏ ਹੋਏ ਹਨ।

## ਰਾਡੋਵਿਚ ਨੂੰ ਬੇਰੁਜ਼ਗਾਰੀ ਭੱਤੇ ਤੋਂ ਜਵਾਬ

ਵੈਨਕੂਵਰ — ਐਕਸਪੋ ਸਮੇਂ ਆਸਟਰੇਲੀਅਨ ਪੈਵਲੀਅਨ ਨਾਲ ਕੰਮ ਕਰਨ ਵਾਲੇ ਜੌਹੇ ਰਾਡੋਵਿਚ ਨੂੰ ਬੇਰੁਜ਼ਗਾਰੀ ਭੱਤੇ ਤੋਂ ਜਵਾਬ ਮਿਲ ਗਿਆ ਹੈ।

ਰਾਡੋਵਿਚ ਨੇ 27 ਅਕਤੂਬਰ ਨੂੰ ਬੇਰੁਜ਼ਗਾਰੀ ਭੱਤੇ ਲਈ ਅਪਲਾਈ ਕੀਤਾ। ਉਸ ਨੂੰ ਕਿਹਾ ਗਿਆ ਕਿ ਉਹ ਕੰਮ ਤੋਂ ਹਟਾਏ ਜਾਣ ਦਾ ਸਰਟੀਫਿਕੇਟ ਪੇਸ਼ ਕਰੇ। ਪੈਵਲੀਅਨ ਸਟਾਫ ਆਸਟਰੇਲੀਆ ਵਾਪਸ ਜਾ ਚੁੱਕਾ ਸੀ। ਫਿਰ ਵੀ ਆਸਟਰੇਲੀਅਨ ਕੌਂਸਲੇਟ ਨੇ ਜ਼ਰੂਰੀ ਪੇਪਰ ਦੇ ਦਿੱਤੇ।

7 ਹਫਤੇ ਬਾਅਦ ਰਾਡੋਵਿਚ ਨੂੰ ਸੂਚਤ ਕੀਤਾ ਗਿਆ ਕਿ ਸ਼ਾਇਦ ਉਹਨੂੰ ਭੱਤਾ ਨਾ ਮਿਲੇ ਕਿਉਂ ਕਿ ਬਦੇਸ਼ੀ ਸਰਕਾਰਾਂ ਨੂੰ ਕਿਸੇ ਕਨੇਡੀਅਨ ਸ਼ਹਿਰੀ ਨੂੰ ਨੌਕਰੀ ਦੇਣ ਤੋਂ ਪਹਿਲਾਂ ਫੈਡਰਲ ਇਂਪਲਾਈਮੈਂਟ ਕਮਿਸ਼ਨਰ ਨਾਲ ਵਿਸ਼ੇਸ਼ ਗੱਲਬਾਤ ਕਰਨੀ ਪੈਂਦੀ ਹੈ।

ਕੌਂਸਲੇਟ ਅਕਾਊਂਟੈਂਟ ਜੌਹਨ ਰੂਥਰਡੇਲ ਦਾ ਕਹਿਣਾ ਹੈ ਕਿ ਸਾਨੂੰ ਨਹੀਂ ਪਤਾ ਕੀ ਕਾਰਨ ਹੈ ਪਰ ਅਸੀਂ ਕੋਈ ਨਾ ਕੋਈ ਫੈਸਲਾ ਕਰਵਾ ਹੀ ਦਿਆਂਗੇ।

## ਅਤਿਵਾਦੀਆਂ ਦੇ ਤਬਾਦਲੇ ਲਈ ਭਾਰਤ ਤੇ ਬ੍ਰਿਟੇਨ 'ਚ ਸੰਧੀ ਦੀ ਸੰਭਾਵਨਾ

ਲੰਡਨ — ਭਾਰਤ ਤੇ ਬਰਤਾਨੀਆਂ ਵਲੋਂ 'ਹਵਾਲਗੀ ਸੰਧੀ' ਤੇ ਦਸਖਤ ਕੀਤੇ ਜਾਣ ਦੀ ਸੰਭਾਵਨਾ ਹੈ। ਇਸ ਅਨੁਸਾਰ ਦੋਹਾਂ ਦੇਸ਼ਾਂ 'ਚ ਦਹਿਸ਼ਤਵਾਦ ਦੀਆਂ ਕਾਰਵਾਈਆਂ ਕਰਨ ਵਾਲੇ ਦੋਸ਼ੀਆਂ ਨੂੰ ਸੰਬੰਧਤ ਦੇਸ਼ ਦੇ ਹਵਾਲੇ ਕਰਨਾ ਹੋਏਗਾ। ਵਿਦੇਸ਼ ਵਿਭਾਗ ਦੇ ਰਾਜ ਮੰਤਰੀ ਦੀ ਟੀਮੋਥੀ ਰੈਨਟਨ ਇਸ ਸਬੰਧ 'ਚ ਭਾਰਤ ਆ ਰਹੇ ਹਨ। ਭਰੋਸੇਯੋਗ ਸੂਤਰਾਂ ਅਨੁਸਾਰ ਸ੍ਰੀ ਰੈਨਟਨ ਦੇ ਇਸ ਦੌਰੇ ਸਮੇਂ ਦੋਹਾਂ ਦੇਸ਼ਾਂ 'ਚ 'ਹਵਾਲਗੀ ਸੰਧੀ' ਬਾਰੇ ਜੋ ਮਤਭੇਦ ਮੌਜੂਦ ਹਨ, ਉਹਨਾਂ ਨੂੰ ਦੂਰ ਕੀਤੇ ਜਾਣ ਦੀ ਸੰਭਾਵਨਾ ਹੈ। ਬਰਤਾਨਵੀ ਰਾਜ ਮੰਤਰੀ ਵਲੋਂ ਰਾਜਧਾਨੀ 'ਚ ਦੋ ਦਿਨ ਠਹਿਰਨ ਦੌਰਾਨ ਵਿਦੇਸ਼ ਰਾਜ ਮੰਤਰੀ ਸ੍ਰੀ ਨਟਵਰ ਸਿੰਘ ਨਾਲ ਦੋ ਵਾਰ ਗਲਬਾਤ ਕਰਨ ਦੀ ਸੰਭਾਵਨਾ ਹੈ। ਵਿਦੇਸ਼ ਵਿਭਾਗ ਦੇ ਨਜ਼ਦੀਕੀ ਸੂਤਰਾਂ ਨੇ ਦੱਸਿਆ ਕਿ ਬਰਤਾਨਵੀ ਤੇ ਭਾਰਤੀ ਖਰੜਿਆਂ ਵਿਚੋਂ ਹਵਾਲਗੀ ਦੇ ਪ੍ਰਸ਼ਨ ਬਾਰੇ ਸਮਝੌਤੇ ਦਾ ਖਰੜਾ ਤਿਆਰ ਕੀਤੇ ਜਾਣ ਦੀ ਆਸ ਹੈ। ਇਸ ਤੋਂ ਪਹਿਲਾਂ ਪਿਛਲੀ ਜਨਵਰੀ ਤੇ ਅਕਤੂਬਰ ਵਿਚ ਦੋਹਾਂ ਦੇਸ਼ਾਂ ਦੇ ਅਧਿਕਾਰੀਆਂ ਵਿਚ ਨਵੀਂ ਦਿੱਲੀ ਤੇ ਲੰਡਨ 'ਚ ਕਰਮਵਾਰ ਮੀਟਿੰਗਾਂ ਹੋ ਚੁਕੀਆਂ ਹਨ। ਇਸ ਸੰਧੀ ਤੇ ਅਗਲੇ ਸਾਲ ਦਸਖਤ ਹੋਣ ਦੀ ਸੰਭਾਵਨਾ ਹੈ।


ਕੁਆਲਿਟੀ ਦੀ ਵਧੀਆ ਚੋਣ ਲਈ ਹੋਰ ਕਿਤੇ ਜਾਣ ਤੋਂ ਪਹਿਲਾਂ ਸਾਡੇ ਕੋਲ ਆਓ

BODY SHOP

CERTIFIED

AUTOMOTIVE RETAILERS ASSOCIATION

**A-Class Auto Body & Paint Ltd.**

11969 - 93A Ave. DELTA, B.C. V4C 3P2

Make your car look new

- ICBC claims handled promptly
- Professional Body Work & Quality paint
- Uni-Body repairs & frame work
- Free courtesy cars
- Free estimates

**SPECIAL:**

Paint JOB from $189.00 And Up
20% Off On Body Work
Big Discounts
On Deductable or Any Work
(Limited Time Only) (Cars Outside Only)

Call: Amarjit (Sam) Samra

Off. 589-2203 Res. 594-0599





**ਜਗਦੀਸ਼ ਸਿੰਘ** ਨੋਟਰੀ ਪਬਲਿਕ (ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ **ਇਮੀਗਰੇਸ਼ਨ ਸਲਾਹਕਾਰ**

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੇਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ

**ਅਤੇ ਇਮੀਗਰੇਸ਼ਨ**

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

Off. 324-6727

Res. 324-4160

#201 - 2001 East 36th Ave. [at victoria]
Vancouver, B.C. V5P 1C9



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

# ਮੰਤਰੀਆਂ ਨੂੰ ਖਰਚੇ ਘਟਾਉਣ ਦੀ ਹਦਾਇਤ

ਨਵੀਂ ਦਿੱਲੀ — ਵਿੱਤ ਮੰਤਰੀ ਸ੍ਰੀ ਵੀ. ਪੀ. ਸਿੰਘ ਨੇ ਰਾਜ ਸਭਾ ਵਿਚ ਐਲਾਨ ਕੀਤਾ ਕਿ ਸਰਕਾਰ ਕੈਪੀਟਲ ਗੁਡਜ਼ ਇੰਡਸਟਰੀ ਨੂੰ ਮਜ਼ਬੂਤ ਕਰਨ, ਰੱਖਿਆ ਕਰਨ ਅਤੇ ਇਹਦੇ ਨਵੀਨੀਕਰਨ ਲਈ ਛੇਤੀ ਹੀ ਬਹੁਤ ਸਾਰੀਆਂ ਸਹੂਲਤਾਂ ਦਾ ਐਲਾਨ ਕਰੇਗੀ। ਦੇਸ਼ ਦੀ ਆਰਥਿਕ ਸਥਿਤੀ ਤੇ ਦੋ-ਦਿਨਾਂ ਹੋਈ ਬਹਿਸ ਦਾ ਉਤਰ ਦਿੰਦਿਆਂ ਸ੍ਰੀ ਸਿੰਘ ਨੇ ਕਿਹਾ ਕਿ ਕੈਪੀਟਲ ਗੁਡਜ਼ ਸੈਕਟਰ ਨੂੰ ਚੰਗੀ ਹਾਲਤ ਵਿਚ ਰੱਖਣਗੇ। ਉਹ ਸਨਅਤ ਮੰਤਰੀ ਦੇ ਮਸ਼ਵਰੇ ਨਾਲ ਛੇਤੀ ਹੀ ਬਹੁਤ ਸਾਰੀਆਂ ਸਹੂਲਤਾਂ ਦਾ ਐਲਾਨ ਕਰਨਗੇ। ਵਿੱਤ ਮੰਤਰੀ ਨੇ ਮੈਂਬਰਾਂ ਨੂੰ ਭਰੋਸਾ ਦਿਤਾ ਕਿ ਆਰਥਿਕ ਮੋਰਚੇ ਤੇ ਭਾਵੇਂ ਸਾਨੂੰ ਕਿੰਨੀਆਂ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਏ, ਸਰਕਾਰ ਨੂੰ ਇਹਨਾਂ ਤੇ ਕਾਬੂ ਪਾਉਣ ਦਾ ਦੇਸ਼ ਨੂੰ ਪ੍ਰਗਤੀ ਦੇ ਰਸਤੇ ਤੇ ਲਿਜਾਣ ਦਾ ਪੂਰਾ ਭਰੋਸਾ ਹੈ। ਸਰਕਾਰ ਵਿਕਾਸ ਵਿਚ ਰੁਕਾਵਟ ਨਾ ਪਾਉਣ ਲਈ ਵਚਨਬੱਧ ਹੈ। ਉਨ੍ਹਾਂ ਇਸ ਗੱਲ ਦਾ ਡਰ ਪ੍ਰਗਟ ਕੀਤਾ ਕਿ ਸਾਧਨਾਂ ਦੀ ਕਮੀ ਕਾਰਨ ਸੱਤਵੀਂ ਯੋਜਨਾ ਦੇ ਖਰਚੇ ਘਟਾਣੇ ਪੈਣਗੇ। ਕੀਮਤ ਸਥਿਤੀ ਬਾਰੇ ਸ੍ਰੀ ਸਿੰਘ ਨੇ ਕਿਹਾ ਕਿ 50 ਫੀਸਦੀ ਤੋਂ ਵੱਧ ਥੋਕ ਕੀਮਤਾਂ ਦੇ ਸੂਚਕ ਅੰਕ ਦਾ ਨਿਰਭਰ ਜ਼ਰਾਇਤੀ ਵਸਤਾਂ ਤੇ ਹੈ। ਉਨ੍ਹਾਂ ਕਿਹਾ ਕਿ ਕੀਮਤਾਂ ਨੂੰ ਕਾਬੂ ਰਖਣ ਲਈ ਜਿਨ੍ਹਾਂ ਵਸਤਾਂ ਦੀ ਬੁੜ ਪਾਈ ਜਾਂਦੀ ਹੈ, ਉਨ੍ਹਾਂ ਦਾ ਉਤਪਾਦਨ ਵਧਾਇਆ ਜਾਏ। ਇਸ ਦੌਰਾਨ ਪ੍ਰਸ਼ਨਾਂ ਦੀ ਬੁਛਾੜ ਦਾ ਉਤਰ ਦਿੰਦਿਆਂ ਵਿੱਤ ਮੰਤਰੀ ਨੇ ਇਸ ਗੱਲ ਨਾਲ ਸਹਿਮਤੀ ਪ੍ਰਗਟਾਈ ਕਿ ਜ਼ਮੀਨੀ ਸੁਧਾਰ ਦੀ ਅਤੇ ਜਨਤਕ ਵੰਡ ਪ੍ਰਣਾਲੀ 'ਚ ਸੁਧਾਰ ਕਰਨ ਦੀ ਸਖਤ ਲੋੜ ਹੈ। ਸ੍ਰੀ ਸਿੰਘ ਨੇ ਹਾਊਸ ਨੂੰ ਭਰੋਸਾ ਦਿੱਤਾ ਕਿ ਗੈਰ ਯੋਜਨਾ ਖਰਚੇ ਨੂੰ ਘਟਾਉਣ ਲਈ ਯਤਨ ਜਾਰੀ ਹਨ। ਇਸ ਵਿਸ਼ੇ ਤੇ ਬਹਿਸ ਦੌਰਾਨ ਆਪੋਜ਼ੀਸ਼ਨ ਮੈਂਬਰਾਂ ਨੇ ਸਖਤ ਆਲੋਚਨਾ ਕੀਤੀ ਸੀ। ਉਨ੍ਹਾਂ ਕਿਹਾ ਕਿ ਸਾਰੇ ਮੰਤਰੀਆਂ ਨੂੰ ਇਹ ਕਿਹਾ ਗਿਆ ਹੈ ਕਿ ਉਹ ਆਪਣੇ ਖਰਚਿਆਂ ਵਿਚ 5 ਫੀਸਦੀ ਦੀ ਕਮੀ ਕਰਨ। ਉਹਨਾਂ ਦੱਸਿਆ ਕਿ ਇਸ ਸਾਲ ਦਾ ਖਰਚਾ ਪਿਛਲੇ ਸਾਲ ਦੇ ਪੱਧਰ ਤੇ ਸਥਿਰ ਰਹੇਗਾ। ਅਗਲੇ ਸਾਲ ਦੇ ਰੱਖਿਆ ਖਰਚੇ ਵਿਚ ਕੀਤੇ ਗਏ ਵਾਧੇ ਦੀ ਹਮਾਇਤ ਕਰਦਿਆਂ ਮੰਤਰੀ ਨੇ ਕਿਹਾ ਕਿ ਦੇਸ਼ ਦੀ ਅਖੰਡਤਾ ਨੂੰ ਖਤਰੇ ਵਿਚ ਨਹੀਂ ਪਾਇਆ ਜਾ ਸਕਦਾ। ਸੁਰੱਖਿਆ ਤੋਂ ਬਿਨਾਂ ਵਿਕਾਸ ਦਾ ਕੋਈ ਕੰਮ ਨਹੀਂ ਹੋ ਸਕਦਾ। ਦੋਹਾਂ ਨੂੰ ਇਕ ਦੂਜੇ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਸ੍ਰੀ ਸਿੰਘ ਨੇ ਕਿਹਾ ਕਿ ਰੱਖਿਆ ਤੇ ਕੀਤੇ ਜਾ ਰਹੇ ਖਰਚੇ ਗੈਰ ਯੋਜਨਾ ਖਰਚ ਨਹੀਂ ਕਰਾਰ ਦਿਤਾ ਜਾ ਸਕਦਾ। ਮੰਤਰੀ ਨੇ ਇਸ ਗੱਲ ਤੇ ਆਲੋਚਨਾ ਨੂੰ ਗਲਤ ਦੱਸਿਆ ਕਿ ਉਦਾਰਤਾ ਦੀ ਨੀਤੀ ਕਾਰਨ ਦਰਾਮਦਾਂ ਵਿਚ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਚਾਲੂ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ ਦਰਾਮਦ ਕੇਵਲ 11 ਫੀਸਦੀ ਵਧੀ ਹੈ ਜਦ ਕਿ ਬਰਾਮਦ ਨੂੰ ਹੁਲਾਰਾ ਮਿਲਿਆ ਹੈ ਪਰ ਉਨ੍ਹਾਂ ਕਿਹਾ ਕਿ ਸਰਕਾਰ ਗੈਰ-ਜ਼ਰੂਰੀ ਦਰਾਮਦ ਉਤੇ ਰੋਕ ਲਗਾਏਗੀ। ਵਿੱਤ ਮੰਤਰੀ ਨੇ ਹੋਰ ਕਿਹਾ ਕਿ ਸਰਕਾਰ ਖੇਤੀਬਾੜੀ ਨਾਲ ਪਹਿਲ ਦੇ ਆਧਾਰ ਤੇ ਨਿਪਟ ਰਹੀ ਹੈ। 1986-87 ਵਿਚ ਖੇਤੀਬਾੜੀ ਲਈ ਪਿਛਲੇ ਸਾਲ ਨਾਲੋਂ 28.75 ਫੀਸਦੀ ਵੱਧ ਰਾਸ਼ੀ ਰੱਖੀ ਗਈ ਹੈ।

# ਸੈਕੂਲਰ ਤਾਕਤਾਂ ਦੇ ਹੱਥ ਮਜ਼ਬੂਤ ਕਰਨ ਦੀ ਲੋੜ 'ਤੇ ਜ਼ੋਰ

ਜੰਮੂ — ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਫਾਰੂਖ ਅਬਦੁੱਲਾ ਨੇ ਦੋਸ਼ ਲਾਇਆ ਹੈ ਕਿ ਨੈਸ਼ਨਲ ਕਾਨਫਰੰਸ ਅਤੇ ਕਾਂਗਰਸ ਦੇ ਕੁਝ ਬੰਦੇ ਸਾਡੇ ਲਈ ਉਲਝਣਾਂ ਪੈਦਾ ਕਰ ਰਹੇ ਹਨ।

ਫਾਰੂਖ ਨੇ ਕਿਹਾ ਕਿ ਜਿਨ੍ਹਾਂ ਨੂੰ ਇਹ ਸਮਝੌਤਾ ਪਸੰਦ ਨਹੀਂ ਉਹਨਾਂ ਨੂੰ ਟਿਕਟ ਨਹੀਂ ਦਿੱਤੇ ਜਾਣਗੇ। ਇਹ ਨਰਾਜ਼ ਵਿਅਕਤੀ ਕਸ਼ਮੀਰੀ ਲੋਕਾਂ ਨੂੰ ਗੁਮਰਾਹ ਕਰ ਰਹੇ ਹਨ।

ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵੀ ਜੰਮੂ ਕਸ਼ਮੀਰ ਦਾ ਚਾਰ ਰੋਜ਼ਾ ਦੌਰਾ ਕੀਤਾ ਹੈ। ਸੰਜੇ ਗਾਂਧੀ ਦੇ ਜਨਮ ਦਿਨ 'ਤੇ ਇਕ ਜਲਸੇ ਨੂੰ ਸੰਬੋਧਨ ਕਰਦਿਆਂ ਰਾਜੀਵ ਗਾਂਧੀ ਨੇ ਕਿਹਾ ਕਿ ਸੈਕੂਲਰ ਤਾਕਤਾਂ ਦੇ ਹੱਥ ਮਜ਼ਬੂਤ ਕਰਨ ਦੀ ਬਹੁਤ ਲੋੜ ਹੈ।

ਵਿਦੇਸ਼ੀ ਤਾਕਤਾਂ ਦਾ ਜ਼ਿਕਰ ਕਰਦਿਆਂ ਪ੍ਰਧਾਨ ਮੰਤਰੀ ਨੇ ਇਲਜ਼ਾਮ ਲਾਇਆ ਕਿ ਪਾਕਿਸਤਾਨ ਸਿੱਖ ਅਤਿਵਾਦੀਆਂ ਨੂੰ ਟਰੇਨਿੰਗ ਦੇ ਕੇ ਭਾਰਤ ਭੇਜ ਰਿਹਾ ਹੈ। ਭਾਰਤ ਨੇ ਪਾਕਿਸਤਾਨ ਨਾਲ ਸਬੰਧ ਸੁਧਾਰਨ ਦੀ ਕੋਸ਼ਿਸ਼ ਕੀਤੀ ਪਰ ਪਾਕਿਸਤਾਨ ਨੇ ਕੋਈ ਹੁੰਗਾਰਾ ਨਹੀਂ ਭਰਿਆ।

# ਅਦੀਬ

ਮਾਰਕ ਟਵੇਨ ਅਮਰੀਕਾ ਦੇ ਅਮਰ ਸਾਹਿਤਕਾਰਾਂ ਵਿਚੋਂ ਇਕ ਹਨ। ਉਨ੍ਹਾਂ ਦੀਆ ਹਾਸ ਰਚਨਾਵਾਂ ਕਈ ਭਾਸ਼ਾਵਾਂ ਵਿਚ ਅਨੁਵਾਦਿਤ ਹੋ ਚੁੱਕੀਆਂ ਹਨ ਅਤੇ ਅੱਜ ਵੀ ਆਦਰ ਨਾਲ ਪੜ੍ਹੀਆਂ ਜਾਂਦੀਆਂ ਹਨ। ਕਹਿਣ ਨੂੰ ਤਾਂ ਉਹ ਬਹੁਤ ਗੰਭੀਰ ਸੁਭਾਅ ਦੇ ਸਨ ਪਰ ਮੌਕਾ ਪੈਣ 'ਤੇ ਬੇਜੋੜ ਮਜ਼ਾਕ ਕਰਨ ਤੋਂ ਪਿੱਛੇ ਨਹੀਂ ਸਨ ਰਹਿੰਦੇ। ਉਨ੍ਹਾਂ ਦੀ ਵਿਨੋਦੀ ਸੂਝ ਬੂਝ ਦੀਆਂ ਅਨੇਕ ਕਹਾਣੀਆਂ ਸੁਣਨ ਵਿਚ ਆਉਂਦੀਆਂ ਹਨ।

ਕਹਿੰਦੇ ਹਨ- ਇਕ ਵਾਰ ਮਾਰਕ ਟਵੇਨ ਕਿਸੇ ਕਸਬੇ ਦੇ ਗਿਰਜਾਘਰ ਵਿਚ ਪ੍ਰਾਰਥਨਾ ਲਈ ਗਏ। ਗਿਰਜੇ ਦੇ ਪਾਦਰੀ ਨੇ ਉਨ੍ਹਾਂ ਦੀ ਪ੍ਰਤਿਭਾ ਬਾਰੇ ਪਹਿਲਾਂ ਹੀ ਸੁਣਿਆ ਹੋਇਆ ਸੀ। ਇਸ ਲਈ ਉਸ ਨੇ ਲੇਖਕ ਨੂੰ ਪ੍ਰਭਾਵਿਤ ਕਰਨ ਲਈ ਉਸ ਦਿਨ ਦੇ ਆਪਣੇ ਉਪਦੇਸ਼ ਵਿਚ ਸਾਰੀ ਟਿੱਲ ਲਾ ਦਿੱਤੀ। ਮਾਰਕ ਨੂੰ ਵੀ ਇਹ ਤਾੜਦਿਆਂ ਦੇਰ ਨਹੀਂ ਲੱਗੀ ਕਿ ਪਾਦਰੀ ਕਿਉਂ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ। ਅਚਾਨਕ ਉਸ ਨੂੰ ਸੁੱਝੀ ਕਿ ਪਾਦਰੀ ਨਾਲ ਮਜ਼ਾਕ ਕੀਤਾ ਜਾਵੇ।

ਉਪਦੇਸ਼ ਖਤਮ ਹੋਣ ਤੋਂ ਬਾਅਦ ਜਿਉਂ ਹੀ ਪਾਦਰੀ ਨੇ ਮਾਰਕ ਟਵੇਨ ਨੂੰ ਪੁੱਛਿਆ ਕਿ ਉਪਦੇਸ਼ ਚੰਗਾ ਲੱਗਾ ਜਾਂ ਨਹੀਂ, ਉਹ ਆਸ ਪਾਸ ਦੇ ਲੋਕਾਂ ਨੂੰ ਸੁਣਾਉਂਦਿਆਂ ਬੋਲੇ, "ਉਪਦੇਸ਼ ਹੈ ਤਾਂ ਚੰਗਾ ਸੀ ਪਰ ਉਸ ਦਾ ਹਰੇਕ ਸ਼ਬਦ ਇਕ ਕਿਤਾਬ ਵਿਚੋਂ ਲਿਆ ਗਿਆ ਹੈ।"

ਪਾਦਰੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਕਿਉਂਕਿ ਅਸਲ ਵਿਚ ਉਸ ਨੇ ਉਪਦੇਸ਼ ਲਈ ਕਿਸੇ ਕਿਤਾਬ ਦੀ ਸਹਾਇਤਾ ਨਹੀਂ ਸੀ ਲਈ। ਉਧਰ ਉਸ ਦੀ ਇੱਜ਼ਤ ਖਤਰੇ ਵਿਚ ਸੀ ਕਿਉਂਕਿ ਸੁਣਨ ਵਾਲੇ ਇਹੋ ਖਿਆਲ ਬਣਾ ਸਕਦੇ ਸਨ ਕਿ ਪਾਦਰੀ ਨੂੰ ਸਾਹਿਤਕ ਚੋਰੀ ਦੀ ਆਦਤ ਹੈ। ਇਸ ਲਈ ਉਸ ਨੇ ਸਖਤ ਸ਼ਬਦਾਂ ਵਿਚ ਮਾਰਕ ਟਵੇਨ ਨੂੰ ਕਿਹਾ ਕਿ ਆਪਣੇ ਇਲਜ਼ਾਮ ਦੇ ਪੱਖ ਵਿਚ ਸਬੂਤ ਪੇਸ਼ ਕਰੋ। ਮਾਰਕ ਟਵੇਨ ਨੇ ਵਾਅਦਾ ਕੀਤਾ ਕਿ ਘਰ ਵਾਪਸ ਆਉਂਦਿਆਂ ਹੀ ਉਹ ਕਿਤਾਬ ਵਾਪਸ ਭੇਜ ਦੇਣਗੇ ਜਿਸ ਵਿਚ ਪਾਦਰੀ ਦੇ ਉਪਦੇਸ਼ ਦਾ ਹਰ ਸ਼ਬਦ ਮੌਜੂਦ ਹੈ। ਘਰ ਪਹੁੰਚ ਕੇ ਉਨ੍ਹਾਂ ਨੇ ਵਾਅਦਾ ਜ਼ਰੂਰ ਪੂਰਾ ਕੀਤਾ ਪਰ ਪਾਦਰੀ ਨੂੰ ਸਿਰਫ ਇਕ ਡਿਕਸ਼ਨਰੀ ਭੇਜ ਦੋ।





## Business Financial Planning



How can I ensure that in the future my estate will have the necessary liquidity to meet outstanding debts, taxes, etc.?

Estate Analysis

**Taking Care of Your Family and Business**



What about a basic benefits package for my employees?

Group Insurance

**Recruiting and Retaining Key Employees**



How can I increase my retirement benefits?

Registered Retirement Savings Plan

**Affordable Retirement Packages for You and Your Employees**

**Find Out More About The Plan(s) That Interest You Call Your Financial Planner and Complete Brokerage Service:**



**Sudesh Kalia**

**Bus: (604) 685-9335**

**Res: (604) 254-5837**

ASSURING BRIGHT FINANCIAL FUTURES

NORTH AMERICAN LIFE

#320 - 815 W. Hastings Street
VANCOUVER, B.C. V6C 2W1

# ਜਿੰਦਾ ਪੰਜਾਬ ਵਿਚ ਮੌਜੂਦ ?

ਜਲੰਧਰ — ਹਰਜਿੰਦਰ ਸਿੰਘ ਜਿੰਦਾ ਜਿਸ ਦੇ ਸਿਰ ਦਾ ਸਰਕਾਰ ਨੇ ਇਕ ਲੱਖ ਰੁਪਏ ਇਨਾਮ ਰੱਖਿਆ ਹੋਇਆ ਹੈ, ਉਹ ਅਜੇ ਵੀ ਪੰਜਾਬ ਦੀਆਂ ਵੱਖ ਵੱਖ ਥਾਵਾਂ ਤੇ ਘੁੰਮ ਰਿਹਾ ਹੈ ਅਤੇ ਉਹ ਦਿੱਲੀ ਨਹੀਂ ਪੁੱਜਾ। ਇਸ ਗੱਲ ਦਾ ਪ੍ਰਮਾਣ ਹਰਜਿੰਦਰ ਸਿੰਘ ਜਿੰਦਾ ਦੇ ਦਸਤਖਤਾਂ ਨਾਲ ਜਾਰੀ ਇਕ ਪ੍ਰੈਸ ਨੋਟ ਤੋਂ ਮਿਲਿਆ ਜਿਸ ਉਤੇ ਮੋਗਾ ਡੇਟ ਲਾਈਨ ਤੇ 3 ਦਸੰਬਰ ਤਾਰੀਖ ਪਾਈ ਹੋਈ ਹੈ। ਇਹ ਪ੍ਰੈਸ ਨੋਟ ਪੰਜ ਮੈਂਬਰੀ ਪੰਥਕ ਕਮੇਟੀ ਅਤੇ ਦਮਦਮੀ ਟਕਸਾਲ ਵੱਲੋਂ ਸਾਂਝੇ ਰੂਪ ਵਿਚ ਜਾਰੀ ਕੀਤਾ ਗਿਆ ਹੈ। ਪ੍ਰੈਸ ਨੋਟ ਵਿਚ ਹਰਜਿੰਦਰ ਸਿੰਘ ਜਿੰਦਾ ਨੇ ਗਦਾਰਾਂ ਨੂੰ ਤਾੜਨਾ ਕੀਤੀ ਹੈ ਕਿ ਪੰਜ ਮੈਂਬਰੀ ਪੰਥਕ ਕਮੇਟੀ, ਦਮਦਮੀ ਟਕਸਾਲ, ਖਾਲਿਸਤਾਨ ਕਮਾਂਡੋ ਫੋਰਸ ਦੇ ਕਿਸੇ ਜੁਝਾਰੂ ਸਿੰਘ ਨੂੰ ਜੇ ਆਪਣੇ ਨਿੱਜੀ ਹਿਤਾਂ ਖਾਤਰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਹਸ਼ਰ ਕੁੱਤੇ ਦੀ ਲਾਸ਼ ਵਰਗਾ ਹੋਵੇਗਾ। ਉਹਨਾਂ ਦੀ ਵਿਰੋਧਤਾ ਕਰਨ ਵਾਲੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਪ੍ਰੈਸ ਨੋਟ ਵਿਚ ਬਰਨਾਲਾ ਸਰਕਾਰ ਨੂੰ ਤਾੜਨਾ ਕੀਤੀ ਕਿ ਉਹ ਸਿੱਖ ਨੌਜਵਾਨਾਂ ਦੇ ਝੂਠੇ ਮੁਕਾਬਲੇ ਫੌਰਨ ਬੰਦ ਕਰ ਦੇਵੇ ਨਹੀਂ ਤਾਂ ਉਸ ਦੀ ਹਸ਼ਰ ਵੀ ਜ: ਵੈਦਿਆ ਵਰਗਾ ਹੋਵੇਗਾ। ਉਹਨਾਂ ਪੁਲਸ ਅਫਸਰਾਂ ਨੂੰ ਵੀ ਚਿਤਾਵਨੀ ਦਿੱਤੀ ਕਿ ਆਪਣੀਆਂ ਫੀਤੀਆਂ ਖਾਤਰ ਨੌਜਵਾਨਾਂ ਨੂੰ ਨੁਕਸਾਨ ਪਹੁੰਚਾਇਆ ਤਾਂ ਉਹਨਾਂ ਨੂੰ ਅਤੇ ਉਹਨਾਂ ਦੇ ਪਰਿਵਾਰ ਨੂੰ ਬਖਸ਼ਿਆ ਨਹੀਂ ਜਾਏਗਾ।

# ਦੂਸਰੇ ਰਾਜਾਂ ਤੋਂ ਆਏ ਸਿੱਖਾਂ ਨੂੰ 576 ਪਲਾਟ ਦੇਣ ਦਾ ਫੈਸਲਾ

ਚੰਡੀਗੜ੍ਹ — ਪੰਜਾਬ ਸਰਕਾਰ ਨੇ ਦੂਸਰੇ ਰਾਜਾਂ ਤੋਂ ਹਿਜਰਤ ਕਰਕੇ ਆਏ ਯੋਗ ਸਿੱਖਾਂ ਨੂੰ ਰਿਜ਼ਰਵ ਕੀਮਤ ਤੇ ਲਾਟਰੀ ਰਾਹੀਂ 576 ਵਪਾਰਕ ਪਲਾਟ ਅਲਾਟ ਕਰਨ ਦਾ ਫੈਸਲਾ ਕੀਤਾ ਹੈ। ਇਹ ਪਲਾਟ ਉਨ੍ਹਾਂ ਨੂੰ ਦਿੱਤੇ ਜਾਣਗੇ ਜਿਨ੍ਹਾਂ ਨੂੰ ਕੋਈ ਰਿਹਾਇਸ਼ੀ, ਵਪਾਰਕ ਜਾਂ ਐਲ ਆਈ ਜੀ ਮਕਾਨ ਨਹੀਂ ਮਿਲਿਆ। ਇਹ ਫੈਸਲਾ ਸ੍ਰੀ ਤੇਜਿੰਦਰ ਖੰਨਾ ਆਈ ਏ ਐਸ ਵਿਤ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਕੀਤਾ ਗਿਆ। ਫਿਰੋਜ਼ਪੁਰ ਅਤੇ ਸੰਗਰੂਰ ਵਿਚ ਵਪਾਰਕ ਪਲਾਟਾਂ ਦੀ ਅਣਹੋਂਦ ਅਤੇ ਜ਼ਿਲਾ ਫਰੀਦਕੋਟ ਤੇ ਹੁਸ਼ਿਆਰਪੁਰ ਵਿਚ ਬਹੁਤ ਥੋੜ੍ਹੇ ਪਲਾਟ ਹੋਣ ਦੇ ਕਾਰਨ ਡਿਪਟੀ ਕਮਿਸ਼ਨਰਾਂ ਨੂੰ ਦੂਸਰੇ ਰਾਜਾਂ ਤੋਂ ਆਏ ਸਿੱਖਾਂ ਦੀਆਂ ਸੂਚੀਆਂ ਭੇਜਣ ਲਈ ਕਿਹਾ ਗਿਆ ਹੈ। ਪਟਿਆਲਾ ਵਿਚ 120, ਬਠਿੰਡਾ ਵਿਚ 55, ਫਰੀਦਕੋਟ ਵਿਚ 11, ਰੋਪੜ ਵਿਚ 183, ਹੁਸ਼ਿਆਰਪੁਰ ਵਿਚ 2, ਕਪੂਰਥਲਾ ਵਿਚ 127, ਜਲੰਧਰ ਵਿਚ 22, ਗੁਰਦਾਸਪੁਰ ਵਿਚ 14 ਅਤੇ ਲੁਧਿਆਣਾ ਵਿਚ 142 ਪਲਾਟ ਉਪਲਬਧ ਹਨ। ਇਹ ਯਕੀਨੀ ਬਣਾਉਣ ਲਈ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਸਾਰੇ ਯੋਗ ਸਿੱਖਾਂ ਦੇ ਨਾਂ ਡਰਾਅ ਵਿਚ ਸ਼ਾਮਲ ਕੀਤੇ ਜਾਣ।

# ਅਤਿਵਾਦ ਨਾਲ ਨਿਪਟਣ ਲਈ ਪੁਲੀਸ ਨੂੰ ਹੋਰ ਅਧਿਕਾਰ

ਨਵੀਂ ਦਿੱਲੀ — ਅਤਿਵਾਦ ਵਿਰੋਧੀ ਕਾਨੂੰਨ 1985 ਅਧੀਨ ਅਤਿਵਾਦ ਦਾ ਮੁਕਾਬਲਾ ਕਰਨ ਲਈ ਸਰਕਾਰ ਨੂੰ ਬੇਪਨਾਹ ਅਧਿਕਾਰ ਪ੍ਰਾਪਤ ਹੋ ਗਏ ਹਨ। ਕੇਂਦਰੀ ਸਰਕਾਰ ਵਲੋਂ ਇਸ ਐਕਟ ਦੀ ਸੈਕਸ਼ਨ 5 ਅਧੀਨ ਅਧਿਕਾਰਾਂ ਅਧੀਨ ਬਣਾਏ ਨਿਯਮ ਤੁਰੰਤ ਲਾਗੂ ਹੋ ਗਏ ਹਨ। ਇਸ ਸਬੰਧੀ ਗਜ਼ਟ ਨੋਟੀਫਿਕੇਸ਼ਨ ਦੀ ਇਕ ਕਾਪੀ ਸੰਸਦ ਵਿਚ ਪੇਸ਼ ਕੀਤੀ ਗਈ। ਇਨ੍ਹਾਂ ਨਿਯਮਾਂ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਬਿਨਾਂ ਆਗਿਆ ਤੋਂ ਕਿਸੇ ਵੀ ਵਰਜਿਤ ਖੇਤਰ ਵਿਚ ਦਾਖਲ ਹੋਣ ਜਾਂ ਘੁੰਮਣ ਫਿਰਨ ਦੀ ਆਗਿਆ ਨਹੀਂ ਹੋਵੇਗੀ। ਕਿਸੇ ਵੀ ਵਿਅਕਤੀ ਦੀ ਜੋ ਵਰਜਿਤ ਖੇਤਰ ਵਿਚ ਦਾਖਲ ਹੋਣਾ ਚਾਹੇਗਾ, ਉਸ ਦੀ ਪੁਲਸ ਅਫਸਰ ਜਾਂ ਰਾਜ ਜਾਂ ਕੇਂਦਰ ਦੇ ਅਧਿਕਾਰੀ ਨੂੰ ਤਲਾਸ਼ੀ ਲੈਣ ਦਾ ਅਧਿਕਾਰ ਹੋਵੇਗਾ। ਇਹ ਗੱਲ ਦਾਖਲ ਹੋਣ ਵਾਲੇ ਵਹੀਕਲਾਂ ਤੇ ਵੀ ਲਾਗੂ ਹੋਵੇਗੀ ਇਨ੍ਹਾਂ ਅਧਿਕਾਰੀਆਂ ਨੂੰ ਤਲਾਸ਼ੀ ਲੈਣ ਦੇ ਉਦੇਸ਼ ਨਾਲ ਸਬੰਧਤ ਵਿਅਕਤੀ ਜਾਂ ਵਹੀਕਲਾਂ ਨੂੰ ਰੋਕ ਰਖਣ ਦਾ ਅਧਿਕਾਰ ਹੋਵੇਗਾ। ਕਿਸੇ ਵੀ ਔਰਤ ਦੀ ਤਲਾਸ਼ੀ ਇਸ ਨਿਯਮ ਅਧੀਨ ਕੇਵਲ ਔਰਤ ਹੀ ਲੈ ਸਕੇਗੀ।

# ਕਾਂਗਰਸ ਦਾ ਪੁਨਰਗਠਨ ਕਰਨ ਵਾਰੇ ਰਾਜੀਵ ਦੋਚਿੱਤੀ 'ਚ

ਨਵੀਂ ਦਿੱਲੀ — ਇੰਕਾ ਪ੍ਰਧਾਨ ਰਾਜੀਵ ਗਾਂਧੀ ਨੇ ਆਲ ਇੰਡੀਆ ਕਾਂਗਰਸ ਕਮੇਟੀ (ਆਈ) ਦੇ ਸੰਗਠਨ ਨੂੰ ਨਵਾਂ ਰੂਪ ਦੇਣ ਦੀਆਂ ਜਿਹੜੀਆਂ ਯੋਜਨਾਵਾਂ ਬਣਾਈਆਂ ਸਨ ਉਹ ਸਭ ਖਟਾਈ ਵਿਚ ਪੈ ਗਈਆਂ ਹਨ। ਇਸ ਦਾ ਕਾਰਨ ਇਹ ਦੱਸਿਆ ਗਿਆ ਹੈ ਕਿ ਸ੍ਰੀ ਰਾਜੀਵ ਗਾਂਧੀ ਕੋਲੋਂ ਇਹ ਤੈਅ ਨਹੀਂ ਹੋ ਰਿਹਾ ਹੈ ਕਿ ਪਾਰਟੀ ਦਾ ਨਵਾਂ ਰੂਪ ਕਿਹੋ ਜਿਹਾ ਹੋਵੇ। ਸ੍ਰੀ ਗਾਂਧੀ ਨੇ ਪਿਛਲੇ ਮਹੀਨੇ ਆਪਣੀ ਪਾਰਟੀ ਦੇ ਸਾਰੇ ਜਨਰਲ ਸਕੱਤਰਾਂ, ਸੰਯੁਕਤ ਸਕੱਤਰਾਂ ਅਤੇ ਗੈਰ ਵਿਧਾਨਕ ਤੌਰ ਤੇ ਨਿਯੁਕਤ ਮੀਤ ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਕੋਲੋਂ ਅਸਤੀਫੇ ਮੰਗ ਲਏ ਸਨ। ਇਸ ਪਿਛੋਂ ਉਨ੍ਹਾਂ ਦਾ ਇਰਾਦਾ ਪਾਰਟੀ ਦੇ ਜਥੇਬੰਦਕ ਰੂਪ ਵਿਚ ਜ਼ਬਰਦਸਤ ਰੱਦੋ-ਬਦਲ ਕਰਨ ਦਾ ਸੀ। ਸ੍ਰੀ ਗਾਂਧੀ ਨੇ ਪਾਰਟੀ ਵਿਚ ਨਵੀਂ ਜਾਨ ਪਾਉਣ ਲਈ ਪਿਛਲੇ ਚਾਰ ਹਫਤਿਆਂ ਦੌਰਾਨ ਪਾਰਟੀ ਦੇ ਕਈ ਆਗੂਆਂ ਨਾਲ ਗਲਬਾਤ ਕੀਤੀ। ਉਨ੍ਹਾਂ ਨੂੰ ਕਈ ਸੁਝਾਅ ਦਿਤੇ ਗਏ ਜਿਨ੍ਹਾਂ ਵਿਚੋਂ ਕੁਝ ਲਿਖਤੀ ਸਨ ਪਰ ਉਹ ਅਜੇ ਤਕ ਉਨ੍ਹਾਂ ਬਾਰੇ ਕੁਝ ਨਹੀਂ ਕਰ ਸਕੇ। ਇੰਕਾ ਸੂਤਰਾਂ ਅਨੁਸਾਰ ਇਸ ਦੇਰੀ ਦਾ ਕਾਰਨ ਇਹ ਹੈ ਕਿ ਸ਼ਰਦ ਪਵਾਰ ਦੀ ਪਾਰਟੀ ਸੰਭਵ ਤੌਰ ਤੇ ਇੰਕਾ ਵਿਚ ਮਿਲ ਰਹੀ ਹੈ। ਫੈਸਲਾ ਨਾ ਹੋ ਸਕਣ ਕਾਰਨ ਆਲ ਇੰਡੀਆ ਇੰਕਾ ਕਮੇਟੀ ਦਾ ਕੰਮ ਠੱਪ ਹੋ ਗਿਆ ਹੈ। ਜਨਰਲ ਸਕੱਤਰਾਂ ਵਿਚੋਂ ਕੇਵਲ ਦੋ ਜੀ ਕੇ ਮੂਪਨਾਰ ਅਤੇ ਏ ਕੇ ਐਨਟੋਨੀ ਅਜੇ ਵੀ ਨਿਸਚੇ ਨਾਲ ਕੰਮ ਕਰ ਰਹੇ ਹਨ। ਦੂਜੇ ਅਹੁਦੇਦਾਰਾਂ ਨੂੰ ਆਪਣਾ ਭਵਿਖ ਅਨਿਸਚਤ ਲਗ ਰਿਹਾ ਹੈ। ਰਾਜਾਂ ਵਿਚੋਂ ਬਾਗੀਆਂ ਨੇ ਦਿੱਲੀ ਭੱਜਣਾ ਬੰਦ ਕਰ ਦਿੱਤਾ ਹੈ ਕਿਉਂਕਿ ਉਨ੍ਹਾਂ ਨੂੰ ਪਤਾ ਨਹੀਂ ਕਿ ਇਹ ਆਪਣੀਆਂ ਸ਼ਕਾਇਤਾਂ ਲੈ ਕੇ ਕਿਸ ਕੋਲ ਪੁਜਣ। ਅਨਿਸਚਤਾ ਦੇ ਇਸ ਦੌਰ ਵਿਚ ਸਮਝਿਆ ਜਾ ਰਿਹਾ ਹੈ ਕਿ ਸ੍ਰੀ ਗਾਂਧੀ ਨੇ ਪਾਰਟੀ ਦੇ ਕੁਝ ਆਗੂਆਂ ਨੂੰ ਕਿਹਾ ਹੈ ਕਿ ਪਾਰਟੀ ਸਕੱਤਰੇਤ ਹੇਠਲੀਆਂ ਇਕਾਈਆਂ ਨੂੰ ਸਹੀ ਦਿਸ਼ਾ ਦੇਣ 'ਚ ਅਸਮਰਥ ਹੈ, ਹੇਠਲੀਆਂ ਇਕਾਈਆਂ ਦੇ ਸਰਗਰਮ ਨਾ ਹੋਣ ਦਾ ਕਾਰਨ ਵੀ ਇਹੋ ਦੱਸਿਆ ਜਾ ਰਿਹਾ ਹੈ। ਉਨ੍ਹਾਂ ਧਿਆਨ ਦਿਵਾਇਆ ਕਿ ਇਸ ਦੇਰੀ ਕਾਰਨ ਹੀ ਕੁਝ ਅਹਿਮ ਫੈਸਲਿਆਂ ਤੇ ਅਮਲ ਨਹੀਂ ਹੋ ਸਕਿਆ।

## ਹਿੰਦੂ ਵਿਧਾਇਕਾਂ ਨੂੰ ਚੂੜੀਆਂ ਭੇਜੀਆਂ ਗਈਆਂ

ਫਗਵਾੜਾ, -ਪੰਜਾਬ ਹਿੰਦੂ ਸ਼ਿਵ ਸੈਨਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ 4 ਹਿੰਦੂ ਪੰਜਾਬ ਦੇ ਵਿਧਾਇਕਾਂ ਨੂੰ ਕਚ ਦੀਆਂ ਚੂੜੀਆਂ ਭੇਜੀਆਂ ਹਨ ਤੇ ਜ਼ੋਰ ਦਿਤਾ ਹੈ ਕਿ ਉਹ ਮੁਸਤਫੀ ਹੋ ਜਾਣ ਤੇ ਵਿਧਾਨ ਸਭਾ ਦੇ ਇਜਲਾਸ ਵਿਚ ਸ਼ਾਮਲ ਨਾ ਹੋਣ


# ਜਰਨੈਲ ਸਿੰਘ ਭੰਡਾਲ ਅਤੇ ਸਾਥੀਆਂ ਵੱਲੋਂ

# ਸੰਗਤਾਂ ਦਾ ਧੰਨਵਾਦ

ਅਸੀਂ ਸੰਗਤਾਂ ਦੇ ਉਤਸ਼ਾਹ ਨਾਲ ਰੌਸ ਸਟਰੀਟ ਗੁਰੂ ਘਰ ਦੀਆਂ ਚੋਣਾਂ ਵਿਚ ਭਾਗ ਲਿਆ ਸੀ। ਅਸੀਂ ਸਭ ਭੈਣ ਭਰਾਵਾਂ ਤੇ ਬਜ਼ੁਰਗਾਂ ਦੇ ਤਹਿਦਿਲ ਤੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਆਪਣਾ ਕੀਮਤੀ ਸਮਾਂ ਕੱਢ ਕੇ ਸਾਨੂੰ ਸਹਿਯੋਗ ਦਿੱਤਾ ਅਸੀਂ ਹਰ ਉਸ ਲੀਡਰ ਨੂੰ ਜੋ ਇੰਡੋ-ਕੈਨੇਡੀਅਨ ਕਮਿਊਨਿਟੀ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਦੀ ਭਲਾਈ ਲਈ ਕੰਮ ਕਰੇਗਾ ਉਸ ਨਾਲ ਸਹਿਯੋਗ ਦੇਵਾਂਗੇ। ਗੁਰੂ ਮਹਾਰਾਜ ਸਿੱਖ ਭਾਈਚਾਰੇ ਨੂੰ ਏਕਤਾ ਦਾ ਬਲ ਬਖਸ਼ੇ ਤੇ ਚੜ੍ਹਦੀ ਕਲਾ ਵਿਚ ਰੱਖੇ।

**ਜਰਨੈਲ ਸਿੰਘ ਭੰਡਾਲ ਤੇ ਸਾਥੀ**



# 'ਉਚੀਆਂ ਖੂਹੀਆਂ 'ਤੇ ਡੋਲ ਖੜਕਦੇ...'

—ਹਰਬਿੰਦਰ ਸਿਘ ਸੰਧੂ—

ਅੱਜ ਜਦੋਂ ਅਸੀਂ ਸਵੇਰੇ ਉਠਦੇ ਹਾਂ ਤਾਂ ਸਾਡੇ ਚਿਹਰੇ 'ਤੇ ਬਹੁਤੀ ਖੁਸ਼ੀ ਨਹੀਂ ਹੁੰਦੀ. ਸਗੋਂ ਰਾਤ ਦੀਆਂ ਸੋਚਾਂ ਤੋਂ ਬਾਅਦ ਕੁਝ ਅਧੂਰੇ ਚਿੰਤਾ ਦੇ ਚਿੰਨ੍ਹ ਸਾਡੇ ਚਿਹਰਿਆਂ ਤੇ ਦਿਖਾਈ ਦਿੰਦੇ ਹਨ। ਇਸ ਤਰ੍ਹਾਂ ਮਹਿਸੂਸ ਹੋਣ ਲਗਦਾ ਹੈ ਜਿਵੇਂ ਜ਼ਿੰਦਗੀ ਦਾ ਅਨੰਦ ਹੀ ਗੁਆਚ ਗਿਆ ਹੋਵੇ। ਦਿਨੋਂ ਦਿਨ ਨਿਘਰਦੀ ਆਰਥਿਕ ਹਾਲਤ ਕਾਰਨ ਹੀ ਸਵੇਰੇ ਸੁੱਤੇ ਉਠਦਿਆਂ ਦੇ ਚਿਹਰੇ ਬਹੁਤੇ ਖੁਸ਼ ਨਹੀਂ ਹੁੰਦੇ, ਸਗੋਂ ਨਵੀਂ ਸਵੇਰ ਸੂਰਜ ਦੀ ਚੜ੍ਹਦੀ ਟਿੱਕੀ ਦੇ ਨਾਲ ਸਾਡੇ ਮਨਾਂ ਤੇ ਹੋਰ ਸੋਚਾਂ ਭਾਰੂ ਹੋਣ ਲਗਦੀਆਂ ਹਨ। ਬੇਸ਼ਕ ਸਾਇੰਸ ਨੇ ਬਹੁਤ ਤਰੱਕੀ ਕੀਤੀ ਹੈ, ਪਰ ਇਸ ਵੱਧ ਰਹੇ ਮਸ਼ੀਨੀ ਯੁੱਗ ਨੇ ਸਾਡਾ ਮਨ ਦਾ ਚੈਨ ਖੋਹ ਲਿਆ ਹੈ ਤੇ ਸਾਨੂੰ ਬੇਚੈਨੀ ਦੇ ਭੰਡਾਰ ਦੇ ਦਿਤੇ ਹਨ। ਸਵੀਡਨ ਇਕ ਅਜਿਹਾ ਮੁਲਕ ਹੈ, ਜਿਥੇ ਹਰ ਪ੍ਰੀਵਾਰ ਦੇ ਹਰੇਕ ਵਿਅਕਤੀ ਕੋਲ ਇਕ-ਇਕ ਕਾਰ ਤੇ ਰਹਿਣ ਲਈ ਦੋ-ਦੋ ਮਕਾਨ ਹਨ ਪਰ ਤੁਸੀਂ ਹੈਰਾਨ ਹੋਵੋਗੇ ਕਿ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਆਤਮ-ਹਤਿਆ ਸਵੀਡਨ ਦੇ ਲੋਕ ਕਰਦੇ ਹਨ। ਇਤਨੇ ਖੁਸ਼ਹਾਲ ਲੋਕ ਆਖਰ ਆਤਮ-ਹਤਿਆ ਵੱਲ ਕਿਉਂ ਆਉਂਦੇ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਅਸੀਂ ਮਸ਼ੀਨੀ ਯੁੱਗ ਨੂੰ ਅਪਣਾ ਕੇ ਕੁਦਰਤ ਤੇ ਕੁਦਰਤੀ ਸਾਧਨਾਂ ਨਾਲੋਂ ਆਪਣਾ ਨਾਤਾ ਤੋੜ ਲਿਆ ਹੈ। ਇਸ ਮਸ਼ੀਨੀ ਯੁੱਗ ਨੇ ਸਾਡੇ ਪੇਂਡੂ ਸਭਿਆਚਾਰ ਨੂੰ ਤਾਂ ਬਹੁਤ ਕਰਾਰੀ ਸੱਟ ਮਾਰੀ ਹੈ। ਅੱਜ ਤੋਂ 15 ਜਾਂ 20 ਸਾਲ ਪਹਿਲਾਂ ਗੁਜ਼ਾਰੇ ਆਪਣੇ ਦਿਨਾਂ ਵੱਲ ਝਾਤ ਮਾਰੋ। ਤੁਹਾਡੇ ਅੰਦਰੋਂ ਹੌਕਾ ਨਿਕਲੇਗਾ। ਤੁਹਾਨੂੰ ਆਪਣਾ ਪੇਂਡੂ ਸਭਿਆਚਾਰ ਯਾਦ ਆਵੇਗਾ। ਕਦੇ ਸਮਾਂ ਹੁੰਦਾ ਸੀ, ਜਦੋਂ ਮੂੰਹ-ਹਨੇਰੇ ਖੂਹਾਂ ਉਤੇ ਡੋਲ ਖੜਕਦੇ ਸਨ। ਖੂਹਾਂ ਤੇ ਪੇਂਡੂ ਜ਼ਨਾਨੀਆਂ ਦਾ ਹਾਸਾ ਠੱਠਾ ਭੀ ਸੁਣਾਈ ਦਿੰਦਾ ਸੀ। ਲੋਕ ਬੜੇ ਚਾਅ ਤੇ ਸਧਰਾਂ ਲੈ ਕੇ ਤੜਕੇ ਉਠਦੇ ਸਨ ਤੇ ਆਪਣੇ ਖੇਤਾਂ ਵੱਲ ਜਾ ਕੇ ਕੁਦਰਤ ਦਾ ਅਨੰਦ ਮਾਣਦੇ ਸਨ। ਉਸ ਸਮੇਂ ਖੂਹ ਤੋਂ ਪਾਣੀ ਭਰਨਾ ਪੇਂਡੂ ਲੋਕਾਂ ਲਈ ਇਕ ਵੱਡਾ ਕੰਮ ਗਿਣਿਆ ਜਾਂਦਾ ਸੀ। ਮੁਟਿਆਰਾਂ ਪਾਣੀ ਦੇ ਘੜੇ ਭਰ ਕੇ ਦਿਨ ਦਾ ਪਹਿਲਾ ਕੰਮ ਮੁਕਾਉਂਦੀਆਂ ਸਨ। ਤਦ ਹੀ ਤਾਂ ਇਕ ਗਭਰੂ ਨੇ ਪਾਣੀ ਤੋਂ ਵਾਂਝਿਆਂ ਰਹਿਣ ਦੇ ਡਰੋਂ ਸਾਗ ਤੋੜਨ ਚੱਲੀ ਆਪਣੀ ਭਾਬੀ ਨੂੰ ਇਹ ਕਹਿ ਕੇ ਰੋਕਿਆ ਹੋਵੇਗਾ:

'ਉੱਚੀਆਂ ਖੂਹੀਆਂ ਤੇ ਡੋਲ ਖੜਕਦੇ,
ਪਾਣੀ ਦਿਆਂ ਘੜਿਆਂ ਨੂੰ ਕੌਣ ਢੋਊਗਾ।
ਭਾਬੀ ਸਾਗ ਨੂੰ ਜਾਈਂ,
ਤੇਰਾ ਮੁੰਡਾ ਰੋਊਗਾ।'

ਘਰੋਂ ਖੂਹ ਤੋਂ ਪਾਣੀ ਭਰਨ ਗਈਆਂ ਮੁਟਿਆਰਾਂ ਨੂੰ ਇਕ ਦੂਜੇ ਨਾਲ ਦਿਲ ਖੋਹਲਣ ਅਤੇ ਗਿਲੇ ਸ਼ਿਕਵੇ ਕਰਨ ਦਾ ਸ਼ਾਇਦ ਇਥੇ ਹੀ ਮੌਕਾ ਲੱਗਦਾ ਸੀ। ਖੂਹਾਂ ਤੇ ਪਾਣੀ ਭਰਨ ਗਈਆਂ ਕੁੜੀਆਂ ਆਨੇ ਬਹਾਨੇ ਆਪਣੇ ਪ੍ਰੇਮੀਆਂ ਨੂੰ ਭੀ ਮਿਲ ਲੈਂਦੀਆਂ ਸਨ। ਸਮੇਂ ਦੀ ਰਫਤਾਰ ਨਾਲ ਹੁਣ ਵਾਟਰ ਵਰਕਸ ਬਣ ਗਏ, ਘਰ-ਘਰ ਟੂਟੀਆਂ ਨਲਕੇ ਲਗ ਗਏ। ਪਿੰਡਾਂ ਵਿਚ ਜੋ ਵੱਡੇ ਟੋਭੇ ਹੁੰਦੇ ਸਨ, ਉਹ ਭੀ ਪੂਰੇ ਗਏ। ਇਹਨਾਂ ਟੋਭਿਆਂ ਤੇ ਪਿੰਡਾਂ ਦੀਆਂ ਔਰਤਾਂ ਗਰੁੱਪ ਬਣਾ ਕੇ ਕਪੜੇ ਆਦਿ ਧੋਇਆ ਕਰਦੀਆ ਸਨ ਤੇ ਆਪੋ ਆਪਣੇ ਮਨਾਂ ਦੇ ਦੁਖ ਰਲ ਬਹਿ ਕੇ ਫੋਲਦੀਆਂ ਸਨ। ਪੁਰਾਣੀ ਯਾਦ ਨੂੰ ਤਾਜ਼ਾ ਕਰਕੇ ਇਕ ਮਾਯੂਸ ਮਾਸ਼ੂਕ ਨੇ ਹੌਕਾ ਲੈ ਕੇ ਆਖਿਆ ਹੋਵੇਗਾ:

'ਖੂਹ ਟੋਭਿਆਂ ਤੇ ਮਿਲਣੋਂ ਰਹਿ ਗਏ,
ਘਰ-ਘਰ ਲਵਾ ਲਏ ਨਲਕੇ।'

ਪੇਂਡੂ ਸਾਹਿਤ ਨੂੰ ਕਲਾਕਾਰਾਂ ਨੇ ਭੀ ਬਹੁਤ ਗਾਇਆ ਹੈ। ਖੂਹ ਦੀਆਂ ਟਿੰਡਾਂ ਬਾਰੇ ਯਮਲਾ ਗਾਉਂਦਾ ਹੈ:

'ਆਰ ਦਾਂਗਾ ਪਾਰ ਦਾਂਗਾ
ਵਿਚ ਟੱਲਮ ਟੱਲੀਆਂ,
ਆਉਣ ਕੂੰਜਾਂ ਦੇਣ ਬੱਚੇ
ਨਦੀ ਨ੍ਹਾਵਣ ਚੱਲੀਆਂ।'

ਪੁਰਾਣੇ ਕਿਸਿਆਂ ਅਨੁਸਾਰ ਜਦ ਮਲਕੀ ਨੇ ਡੋਲ ਖੂਹ ਵਿਚ ਸੁਟ ਕੇ ਪਾਣੀ ਖਿਚਿਆ ਤਾਂ ਨਾਲ ਕੀਮੇ ਦਾ ਦਿਲ ਭੀ ਖਿੱਚ ਲਿਆ। ਖੂਹ ਤੋਂ ਪਾਣੀ ਪੀਂਦਿਆਂ ਕੀਮੇ-ਮਲਕੀ ਦੇ ਪਿਆਰ ਦੀ ਮੁਲਾਕਾਤ ਇਸ ਭਾਗਾਂ ਭਰੇ ਖੂਹ ਤੇ ਹੋਈ ਸੀ। ਜੇ ਉਸ ਸਮੇਂ ਨਲਕਾ ਲੱਗਾ ਹੁੰਦਾ ਤਾਂ ਕੀਮਾ ਦੋ ਪੰਪ ਮਾਰਦਾ ਤੇ ਪਾਣੀ ਪੀ ਕੇ ਤੁਰਦਾ ਬਣਦਾ। ਖੇੜਿਆਂ ਵਿਚ ਫਿਰਦੇ ਰਾਂਝੇ ਨੇ ਭੀ ਖੂਹ ਤੋਂ ਪਾਣੀ ਭਰਦੀਆਂ ਮੁਟਿਆਰਾਂ ਤੋਂ ਪਾਣੀ ਪੀਤਾ ਤੇ ਆਪਣੇ ਇਸ਼ਕ ਦੀ ਦਾਸਤਾਨ ਨੂੰ ਅਗੇ ਤੋਰਿਆ।

ਅੱਜ ਸਾਇੰਸ ਦੀ ਤਰੱਕੀ ਨੇ ਖੂਹਾਂ ਦੀ ਸ਼ਕਲ ਹੀ ਗੁਆ ਦਿਤੀ ਹੈ। ਖੇਤਾਂ ਵਿਚ ਬੰਬੀਆਂ ਟਿਊਬਵੈੱਲ ਚਲਦੇ ਹਨ। ਪਿਛਲੇ ਸਮੇਂ ਖੂਹ ਦੇ ਪਾਣੀ ਨਾਲ ਸਿੰਜਾਈ ਕੀਤੀ ਜਾਂਦੀ ਸੀ। ਜੱਟ ਖੂਹ ਦੀ ਗਾਧੀ ਤੇ ਬੈਠਾ ਮਿਰਜਾ ਜਾਂ ਹੀਰ ਗਾਉਂਦਾ ਸੀ ਤੇ ਖੂਹ ਦੀ ਆਪਣੀ ਚਾਲ ਹੁੰਦੀ ਸੀ।

'ਟਿੱਕ ਟਿੱਕ ਜੀ ਕੋ ਖੂਹ ਕਰਦਾ,
ਨੱਕੋ ਨੱਕ ਨੱਕਿਆਂ ਨੂੰ ਜਾਵੇ ਭਰਦਾ।'

ਆਓ! ਆਪ ਵੀ ਮਾਨਸਿਕ ਸ਼ਾਂਤੀ ਨੂੰ ਠੀਕ ਰਖਣ ਲਈ ਕੁਦਰਤ ਤੇ ਕੁਦਰਤ ਦੇ ਸਾਧਨਾਂ ਨਾਲ ਜਿੰਨਾ ਹੋ ਸਕੇ ਆਪਣਾ ਨਾਤਾ ਜੋੜੀਏ।

ਅੱਜ ਭੀ ਕੋਸ਼ਿਸ਼ ਕਰੋ ਤਾਂ ਸਵੇਰ ਵੇਲੇ ਤੁਸੀਂ ਸੈਰ ਸਮੇਂ ਕੁਝ ਨਾ ਕੁਝ ਕੁਦਰਤ ਦਾ ਨਜ਼ਾਰਾ ਮਾਣ ਕੇ ਅਨੰਦ ਪ੍ਰਾਪਤ ਕਰ ਸਕਦੇ ਹੋ।


## BLOCK BROS. REALTY LTD.

9360 - 120 St. SURREY, B.C. V3V 4B9

ਆਪਣਾ ਘਰ ਖ੍ਰੀਦਣ ਜਾਂ ਵੇਚਣ ਲਈ, ਕਮਰਸ਼ਲ ਜਾਂ ਇੰਡਸਟਰੀਅਲ ਪ੍ਰਾਪਰਟੀਆਂ ਦੀਆਂ ਲੋੜਾਂ ਲਈ ਜੇ ਤੁਹਾਨੂੰ ਪ੍ਰੋਫੈਸ਼ਨਲ ਮੱਦਦ ਦੀ ਲੋੜ ਹੈ ਤਾਂ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਬੇਅੰਤ ਸੇਖੋਂ**

ਪ੍ਰਾਪਰਟੀ ਬਾਰੇ ਕਿਸੇ ਕਿਸਮ ਦੀ ਜਾਣਕਾਰੀ ਲਈ ਅੱਜ ਹੀ ਫੋਨ ਕਰੋ

**Bus. (604) 581-4601**

**Res. (604) 591-1354 ਜਾਂ 588-0749**



BEANT SEKHON
Res. 591-1354
or
588-0749



## TICKETS TO ANYWHERE

# GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

**6612, MAIN ST. VANCOUVER, B. C.**

**Phone 324-3336**

# ਨਿੱਤ ਉਭਰਦੀਆਂ ਸੈਨਾਵਾਂ ਖਤਰੇ ਦਾ ਸੰਕੇਤ

—ਰਾਜੀਵ ਸ਼ੁਕਲ—

ਜੇਕਰ ਸਰਕਾਰ ਨੇ ਦਿੱਲੀ ਵਿਚ ਬਣ ਰਹੀ ਤ੍ਰਿਸ਼ੂਲ ਸੈਨਾ, ਹਿੰਦੂ ਰਖਿਆ ਸੰਮਤੀ, ਆਦਮ ਸੈਨਾ ਅਤੇ ਅਲੀ ਸੈਨਾ ਤੇ ਰੋਕ ਨਾ ਲਾਈ ਤਾਂ ਦੇਸ਼ ਦੀ ਰਾਜਧਾਨੀ ਕਿਸੇ ਦਿਨ ਫਿਰਕੂਪਣੇ ਦੀ ਅੱਗ ਦੀਆਂ ਲਪਟਾਂ ਵਿਚ ਸੜਦੀ ਹੋਈ ਨਜ਼ਰ ਆਏਗੀ।

ਬੀਤੀ 26 ਜੁਲਾਈ ਨੂੰ ਹੋਏ ਦੰਗਿਆਂ ਦਾ ਸਭ ਤੋਂ ਖਤਰਨਾਕ ਪਹਿਲੂ ਤਾਂ ਇਹ ਹੈ ਕਿ ਇਨ੍ਹਾਂ ਦੀ ਸ਼ੁਰੂਆਤ ਤਾਂ ਹਿੰਦੂ ਅਤੇ ਸਿੱਖਾਂ ਵਿਚਾਲੇ ਹੋਈ ਸੀ ਪਰ ਉਸੇ ਰਾਤ ਜਾਮਾ ਮਸਜਿਦ ਅਤੇ ਹੌਜ਼ ਕਾਜ਼ੀ ਇਲਾਕਿਆਂ ਵਿਚ ਕੁਝ ਤੱਤਾਂ ਨੇ ਹਿੰਦੂ ਅਤੇ ਮੁਸਲਮਾਨਾਂ ਵਿਚਾਲੇ ਬਿਨਾਂ ਕਿਸੇ ਗੱਲ ਦੇ ਟਕਰਾਓ ਕਰਾ ਦਿਤਾ। ਇਹੀ ਕਾਰਨ ਸੀ ਕਿ 31 ਜੁਲਾਈ ਤਕ ਤਿਲਕ ਨਗਰ ਆਦਿ ਸਿੱਖ ਬਹੁ-ਗਿਣਤੀ ਇਲਾਕਿਆਂ ਵਿਚ ਸ਼ਾਂਤੀ ਹੋ ਗਈ ਸੀ ਪਰ ਕੁਝ ਹਿੰਦੂ-ਮੁਸਲਮਾਨ ਇਲਾਕਿਆਂ ਵਿਚ ਕਰਫਿਊ ਲਾਗੂ ਸੀ। ਤਣਾਊ ਤੇ ਰਾਤ ਨੂੰ ਹੋਣ ਵਾਲੇ ਪਥਰਾਓ ਕਾਰਨ ਅਜਮੇਰੀ ਗੇਟ ਅਤੇ ਕਮਲਾ ਮਾਰਕਿਟ ਵਰਗੇ ਵਪਾਰਕ ਇਲਾਕਿਆਂ ਵਿਚ ਕਰਫਿਊ ਲਾਉਣਾ ਪਿਆ। ਇਹ ਇਲਾਕੇ ਤੁਰਕਮਾਨਗੇਟ ਨਾਲ ਮਿਲੇ ਹੋਏ ਹਨ।



ਕੀ ਇਹ ਤ੍ਰਿਸ਼ੂਲ ਦੇਸ਼ ਦੀ ਰੱਖਿਆ ਲਈ ਹਨ ਜਾਂ ਦੇਸ਼ ਨੂੰ ਤਬਾਹ ਕਰਨ ਲਈ?

ਦਿੱਲੀ ਦੇ ਘਟਗਿਣਤੀ ਫਿਰਕੇ ਦੇ ਲੋਕਾਂ ਵਿਚ ਤ੍ਰਿਸ਼ੂਲ ਸੈਨਾ ਦੀ ਜ਼ਬਰਦਸਤ ਚਰਚਾ ਹੈ। ਉਹ ਇਸ ਨੂੰ ਆਪਣੀ ਮੌਤ ਦੀ ਘੰਟੀ ਸਮਝਦੇ ਹਨ। ਤਿੰਨ ਧਾਰ ਨੋਕੀਲੇ ਲੋਹੇ ਵਾਲੇ ਅਜਿਹੇ 40 ਹਜ਼ਾਰ ਤ੍ਰਿਸ਼ੂਲ ਹੁਣ ਤਕ ਵੰਡੇ ਜਾ ਚੁੱਕੇ ਹਨ। ਤ੍ਰਿਸ਼ੂਲਧਾਰੀਆਂ ਨੂੰ ਟਰੇਨਿੰਗ ਦਿਤੀ ਗਈ ਹੈ ਕਿ ਜੇਕਰ ਤ੍ਰਿਸ਼ੂਲ ਨੂੰ ਢਿੱਡ ਵਿਚ ਖੋਭ ਕੇ ਘੁਮਾ ਦਿਤਾ ਜਾਏ, ਤਾਂ ਵਿਰੋਧੀ ਨੂੰ ਕੋਈ ਡਾਕਟਰ ਬਚਾ ਨਹੀਂ ਸਕੇਗਾ। ਗਾਜ਼ੀਆਬਾਦ ਦੀ ਇਕ ਫੈਕਟਰੀ ਵਿਚ ਬਣ ਰਹੇ ਇਹ ਤ੍ਰਿਸ਼ੂਲ ਛੇ ਇੰਚ ਤੋਂ ਵੱਧ ਲੰਮੇ ਨਹੀਂ ਹਨ। ਇਸ ਲਈ ਕਾਨੂੰਨੀ ਤੌਰ ਤੇ ਪੁਲਸ ਦੇ ਹੱਥ ਬੱਝੇ ਹੋਏ ਹਨ। ਦੂਜੇ ਪਾਸੇ ਜਾਮਾ ਮਸਜਿਦ ਦੇ ਕੰਪਲੈਕਸ ਵਿਚ ਖੁੱਲ੍ਹੇਆਮ ਤੰਬੂ ਲਗਾਕੇ ਆਦਮ ਸੈਨਾ ਦੀ ਭਰਤੀ ਚਲ ਰਹੀ ਹੈ। ਫਾਰਮ ਵੰਡੇ ਜਾ ਰਹੇ ਹਨ। ਪੱਛਮੀ ਉਤਰ ਪ੍ਰਦੇਸ਼ ਤੋਂ ਬੱਸ ਰਾਹੀਂ ਇਥੇ ਆਕੇ ਆਦਮ ਸੈਨਾ ਵਿਚ ਭਰਤੀ ਹੋ ਰਹੇ ਹਨ। ਇਨ੍ਹਾਂ ਨੂੰ ਇਥੇ ਇਹ ਦੱਸਿਆ ਜਾ ਰਿਹਾ ਹੈ ਕਿ ਰਾਮਪੁਰੀ ਛੁਰੇ ਦਾ ਵਾਰ ਕਿਸ ਤਰ੍ਹਾਂ ਕੀਤਾ ਜਾਏ। ਜਿਸ ਨਾਲ ਆਦਮੀ ਬਚ ਨਾ ਸਕੇ। ਜਾਮਾ ਮਸਜਿਦ ਦੇ ਸ਼ਾਹੀ ਇਮਾਮ ਅਬਦੁੱਲਾ ਬੁਖਾਰੀ ਦਾ ਲੜਕਾ ਇਸ ਆਦਮ ਸੈਨਾ ਦਾ ਆਗੂ ਹੈ। ਇਸੇ ਤਰ੍ਹਾਂ ਇਕ ਹੋਰ ਨਵੀਂ ਅਲੀ ਸੈਨਾ ਬਣਾਈ ਗਈ ਹੈ।

ਅਜੇ ਤਕ ਇਨ੍ਹਾਂ ਗੈਰ ਕਾਨੂੰਨੀ ਸੰਗਠਨਾਂ ਤੇ ਰੋਕ ਲਾਉਣ ਜਾਂ ਤ੍ਰਿਸ਼ੂਲ ਫੈਕਟਰੀ ਨੂੰ ਬੰਦ ਕਰਾਉਣ ਲਈ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ। ਸਿਰਫ ਖੁਫੀਆ ਅਧਿਕਾਰੀਆਂ ਤੋਂ ਰਿਪੋਰਟ ਹੀ ਮੰਗੀ ਗਈ ਹੈ ਅਤੇ ਇਸ ਰਿਪੋਰਟ ਦਾ ਕੇਂਦਰੀ ਗ੍ਰਹਿ ਮੰਤਰੀ, ਦਿੱਲੀ ਦੇ ਉਪ ਰਾਜਪਾਲ ਐਚ.ਐਲ. ਕਪੂਰ. ਅਤੇ ਪੁਲਸ ਕਮਿਸ਼ਨਰ ਵੇਦ ਮਰਵਾਹਾ ਅਜੇ ਤਕ ਅਧਿਐਨ ਕਰ ਰਹੇ ਹਨ। ਕਿਸੇ ਤਰ੍ਹਾਂ ਦੀ ਕੋਈ ਕਾਰਵਾਈ ਨਹੀਂ ਕੀਤੀ ਗਈ।

ਜੇਕਰ ਤ੍ਰਿਸ਼ੂਲ ਸੈਨਾ ਵਾਲਿਆਂ ਤੋਂ ਪੁਛੋ ਤਾਂ ਉਹ ਇਹੀ ਜਵਾਬ ਦਿੰਦੇ ਹਨ ਕਿ ਜੇਕਰ ਸਰਕਾਰ ਸਾਡੀ ਰੱਖਿਆ ਨਹੀਂ ਕਰ ਸਕਦੀ ਤਾਂ ਆਪਣੀ ਰਖਿਆ ਸਾਨੂੰ ਖੁਦ ਹੀ ਕਰਨੀ ਪਵੇਗੀ। ਆਦਮ ਸੈਨਾ ਦੇ ਸੈਨਾਪਤੀ ਅਤੇ ਸ਼ਾਹੀ ਇਮਾਮ ਦੇ ਪੁੱਤਰ ਦਾ ਕਹਿਣਾ ਹੈ ਕਿ ਇਹ ਕੋਈ ਫਿਰਕੂ ਸੰਗਠਨ ਨਹੀਂ ਹੈ। ਇਸ ਸੈਨਾ ਦਾ ਗਠਨ ਹਿੰਦੂ-ਮੁਸਲਿਮ ਸਦਭਾਵਨਾ ਨੂੰ ਵਧਾਉਣ ਲਈ ਹੋਇਆ ਹੈ ਪਰ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਕਿ ਇਸ ਸਦਭਾਵਨਾ ਵਿਚਾਲੇ ਰਾਮਪੁਰੀ ਚਾਕੂ ਦਾ ਕੀ ਕੰਮ ਹੈ।

26 ਜੁਲਾਈ ਨੂੰ ਹੋਈ ਦੁਰਘਟਨਾ ਵਿਚ ਤਿਲਕ ਨਗਰ, ਮੋਤੀ ਨਗਰ, ਸ਼ੁਭਾਸ ਨਗਰ ਆਦਿ ਇਲਾਕਿਆਂ ਦਾ ਦੌਰਾ ਕਰਨ ਤੇ ਬਹੁਤ ਸਾਰੀਆਂ ਨਵੀਆਂ ਗੱਲਾਂ ਦਾ ਪਤਾ ਲੱਗਿਆ। ਇਕ ਤਾਂ ਇਹ ਕਿ ਜੇਕਰ ਪੁਲਸ ਪਹਿਲਾਂ ਤੋਂ ਹੀ ਚੁਸਤੀ ਵਰਤਦੀ ਤਾਂ ਅਜਿਹੀ ਘਟਨਾ ਨਾ ਹੋ ਸਕਦੀ। ਪਹਿਲੀ ਗੱਲ ਤਾਂ ਇਹੀ ਹੋਈ ਕਿ ਪੰਜਾਬ ਤੋਂ ਦੌੜ ਕੇ ਦਿੱਲੀ ਆਉਣ ਵਾਲੇ ਹਿੰਦੂ ਪਰਿਵਾਰਾਂ ਨੂੰ ਪੁਲਸ ਨੇ ਇਨ੍ਹਾਂ ਇਲਾਕਿਆਂ ਵਿਚ ਠਹਿਰਾਇਆ ਜਦਕਿ ਇਹ ਸਭ ਨੂੰ ਪਤਾ ਹੈ ਕਿ ਨਵੰਬਰ 1984 ਦੇ ਦੰਗਿਆਂ ਵਿਚ ਸਭ ਤੋਂ ਵੱਧ ਤਣਾਓ ਇਸੇ ਇਲਾਕੇ ਵਿਚ ਰਿਹਾ ਸੀ। ਖੂਬ ਵੱਢ-ਟੁੱਕ ਹੋਈ ਸੀ। ਛੋਟੀਆਂ ਛੋਟੀਆਂ ਗੱਲਾਂ ਤੇ ਇਥੇ ਅਕਸਰ ਹਿੰਦੂ-ਸਿੱਖਾਂ ਵਿਚ ਤਣਾਅ ਹੋ ਜਾਂਦਾ ਸੀ। ਇਹ ਖੇਤਰ ਜਨਸੰਘ ਬਹੁਗਿਣਤੀ ਵਾਲਾ ਇਲਾਕਾ ਰਿਹਾ ਹੈ ਅਤੇ ਬਲਰਾਮ ਮਧੋਕ ਵਰਗੇ ਲੋਕਾਂ ਦਾ ਕਾਫੀ ਪ੍ਰਭਾਵ ਹੈ। ਇਹੋ ਹੀ ਨਹੀਂ 1984 ਦੇ ਦੰਗਿਆਂ ਵਿਚ ਜੋ ਸਿੱਖ ਪਰਿਵਾਰ ਜਮਨਾ ਪਾਰ ਜਾਂ ਹੋਰ ਇਲਾਕਿਆਂ ਵਿਚੋਂ ਉਜੜੇ ਸਨ, ਉਨ੍ਹਾਂ ਨੂੰ ਵੀ ਇਸੇ ਖੇਤਰ ਵਿਚ ਵਸਾਇਆ ਗਿਆ ਹੈ।

25 ਜੁਲਾਈ ਨੂੰ ਮੁਕਤਸਰ ਬੱਸ ਕਾਂਡ ਦੀ ਖਬਰ ਸ਼ਾਮ ਦੇ ਇਕ ਰੋਜ਼ਾਨਾ ਅਖਬਾਰ ਰਾਹੀਂ ਜਿਉਂ ਹੀ ਇਨ੍ਹਾਂ ਸ਼ਰਨਾਰਥੀ ਕੈਂਪਾਂ ਵਿਚ ਪੁੱਜੀ, ਉਥੇ ਸਿਆਪਾ (ਰੋਣਾ-ਪਿੱਟਣਾ) ਸ਼ੁਰੂ ਹੋ ਗਿਆ। ਇਹ ਸਿਲਸਲਾ ਸਾਰੀ ਰਾਤ ਚਲਦਾ ਰਿਹਾ ਤੇ ਉਥੇ ਸ਼ਿਵ ਸੈਨਾ ਸਹਿਤ ਇਸ ਤਰ੍ਹਾਂ ਦੇ ਲੋਕ ਰਾਤ ਭਰ ਜਮ੍ਹਾਂ ਹੁੰਦੇ ਰਹੇ। ਪੰਜਾਬ ਵਿਚੋਂ ਆਏ 244 ਪਰਿਵਾਰਾਂ ਨੂੰ ਤਿਲਕ ਨਗਰ, 140 ਪਰਿਵਾਰਾਂ ਉਤਮ ਨਗਰ,85 ਪਰਿਵਾਰਾਂ ਨੂੰ ਸੁਭਾਸ ਨਗਰ ਵਿਚ ਠਹਿਰਾਇਆ ਗਿਆ। ਤਣਾਅ ਤਿਲਕ ਨਗਰ, ਕੈਂਪ ਤੋਂ ਹੀ ਸ਼ੁਰੂ ਹੋਇਆ। 26 ਜੁਲਾਈ ਨੂੰ ਸਵੇਰੇ 8 ਵਜੇ ਤਕ ਉਥੇ ਹਜ਼ਾਰਾਂ ਲੋਕਾਂ ਦੀ ਭੀੜ ਜਮ੍ਹਾਂ ਹੋ ਚੁੱਕੀ ਸੀ ਜੋ ਤ੍ਰਿਸ਼ੂਲ ਆਦਿ ਲੈ ਕੇ 'ਖੂਨ ਕਾ ਬਦਲਾ ਖੂਨ ਸੇ ਲੇਂਗੇ' ਵਰਗੇ ਨਾਅਰੇ ਲਾਉਂਦੇ ਹੋਏ ਨਿਕਲੇ ਅਤੇ ਫਲਾਈ ਓਵਰ ਦੇ ਕੋਲ ਉਨ੍ਹਾਂ ਇਕ ਸਿੱਖ ਨੂੰ ਮਾਰਦਿਤਾ। ਦੂਜੇ ਪਾਸੇ ਗੁਰਦੁਆਰੇ ਵਿਚ ਵੀ ਭੀੜ ਜਮ੍ਹਾਂ ਹੋ ਰਹੀ ਸੀ। ਇਸ ਜਵਾਬੀ ਨਾਅਰੇਬਾਜ਼ੀ ਹੋਣ ਲੱਗੀ। ਸਿੱਖਾਂ ਨੇ ਦੁਕਾਨਾਂ ਬੰਦ ਕਰਨ ਤੋਂ ਇਨਕਾਰ ਕਰ ਦਿੱਤਾ। ਇਨ੍ਹਾਂ ਇਲਾਕਿਆਂ ਵਿਚ ਸਿੱਖ ਵੀ ਕਾਫੀ ਗਿਣਤੀ ਵਿਚ ਰਹਿੰਦੇ ਹਨ। ਦੋਵੇਂ ਪਾਸਿਆਂ ਤੋਂ ਪਥਰਾਓ ਹੋਣ ਲੱਗਾ। ਭੀੜ ਨੇ ਗੁਰਦੁਆਰੇ ਦੀ ਲਾਇਬਰੇਰੀ ਸਾੜ ਦਿਤੀ। ਜਦ ਇਹ ਸਭ ਕੁਝ ਹੋ ਚੁੱਕਾ ਸੀ ਤਾਂ ਬਾਦ ਵਿਚ ਪੁਲਸ ਆਈ। ਪੁਲਸ ਨੇ ਆਉਂਦਿਆਂ ਹੀ ਫਾਇਰਿੰਗ ਸ਼ੁਰੂ ਕਰ ਦਿਤੀ, ਜਿਸ ਵਿਚ ਤਿੰਨ ਆਦਮੀ ਮੌਕੇ ਤੇ ਹੀ ਮਾਰੇ ਗਏ ਤੇ ਬਾਕੀ ਦੋ ਨੇ ਹਸਪਤਾਲ ਜਾ ਕੇ ਦਮ ਤੋੜਿਆ। ਮਰਨ ਵਾਲਿਆਂ ਵਿਚ ਦੋਵੇਂ ਫਿਰਕਿਆਂ ਦੇ ਆਦਮੀ ਸ਼ਾਮਲ ਸਨ। ਪੁਲਸ ਗੋਲੀ ਨਾਲ ਦੋ ਅਜਿਹੇ ਵਿਅਕਤੀ ਵੀ ਮਰੇ, ਜੋ ਇਸ ਖੂਨੀ ਸੰਘਰਸ਼ ਨੂੰ ਘਰਾਂ ਦੀਆਂ ਛੱਤਾਂ ਉਪਰ ਖੜੇ ਦੇਖ ਰਹੇ ਹਨ।

ਸ਼ਾਮ ਤਕ ਇਸੇ ਤਰ੍ਹਾਂ ਮਾਰ ਧਾੜ ਹੁੰਦੀ ਰਹੀ। ਹਾਲਤ ਕਾਬੂ ਵਿਚ ਕਰਨ ਲਈ ਕਰਫਿਊ ਲਗਾਉਣਾ ਪਿਆ। ਹਾਲਾਂ ਕਿ ਤਣਾਅ ਤੀਜੇ ਦਿਨ ਤਕ ਕਾਇਮ ਰਿਹਾ। ਕਾਰਨ ਇਹ ਸੀ ਕਿ ਦੋ ਸ਼ਰਾਬੀ ਦੋਸਤ ਤਿਲਕ ਨਗਰ ਵਿਚ ਦਾਰੂ ਪੀ ਕੇ ਆਪਸ ਵਿਚ ਲੜ ਪਏ ਸਨ। ਇਨ੍ਹਾਂ ਵਿਚੋਂ ਇਕ ਸਿੱਖ ਅਤੇ ਦੂਸਰਾ ਹਿੰਦੂ ਸੀ। ਬੱਸ ਇਸੇ ਗੱਲ ਤੇ ਪਥਰਾਓ ਸ਼ੁਰੂ ਹੋ ਗਿਆ। ਬਾਅਦ ਵਿਚ ਜਦ ਦੋਵਾਂ ਨੇ ਇਕ ਦੂਜੇ ਨੂੰ ਦੋਸਤ ਦੱਸਿਆ ਤਾਂ ਜਾ ਕੇ ਲੋਕ ਸ਼ਾਂਤ ਹੋਏ ਪੁਲਸ ਵਲੋਂ ਸ਼ਾਮ ਤੱਕ ਕੋਈ ਵੀ ਜ਼ਰੂਰੀ ਸੂਚਨਾ ਰੇਡੀਓ ਜਾਂ ਟੈਲੀਵੀਜ਼ਨ ਤੇ ਨਾ ਦੇਣ ਕਾਰਨ ਵੀ ਅਫਵਾਹਾਂ ਦਾ ਬਾਜ਼ਾਰ ਗਰਮ ਰਿਹਾ ਜਿਸ ਨਾਲ ਕਈ ਦੂਜੇ ਇਲਾਕਿਆਂ ਵਿਚ ਵੀ ਤਣਾਅ ਵਧ ਗਿਆ।

ਰਾਤ ਨੂੰ ਅਚਾਨਕ ਮੁਸਲਿਮ ਇਲਾਕਿਆਂ, ਹੌਜ਼ ਕਾਜ਼ੀ ਅਤੇ ਜਾਮਾ ਮਸਜਿਦ ਵਿਚ ਹਿੰਦੂ ਅਤੇ ਮੁਸਲਮਾਨਾਂ ਦਰਮਿਆਨ ਪਥਰਾਓ ਸ਼ੁਰੂ ਹੋ ਗਿਆ ਤੇ ਨੌਬਤ ਕਰਫਿਊ ਲਾਉਣ ਦੀ ਆਈ ਜੋ ਕਈ ਦਿਨ ਤਕ ਚਲਦਾ ਰਿਹਾ। ਇਸ ਵਿਚ ਆਦਮ ਸੈਨਾ ਦਾ ਵੀ ਪੂਰਾ ਹੱਥ ਸੀ।

ਤਿਲਕ ਨਗਰ ਦੇ ਸ਼ਾਹਪੁਰ ਇਲਾਕੇ ਵਿਚ 80 ਫੀਸਦੀ ਸਿੱਖ ਹਨ ਅਤੇ ਇਸੇ ਦੇ ਨੇੜੇ ਤਿਲਕ ਵਿਹਾਰ ਕਾਲੋਨੀ ਹੈ, ਜਿਥੇ 1984 ਦੇ ਦੰਗਿਆਂ ਦੀਆਂ ਸਿੱਖ ਵਿਧਵਾਵਾਂ ਨੂੰ ਵਸਾਇਆ ਗਿਆ ਹੈ। ਇਸ ਦੇ ਸਾਹਮਣੇ ਹਰੀਜਨਾਂ ਦੀ ਕਾਲੋਨੀ ਹੈ ਜਿਨ੍ਹਾਂ ਦਾ ਇਨ੍ਹਾਂ ਸਿੱਖਾਂ ਨਾਲ ਬਰਾਬਰ ਦਾ ਝਗੜਾ ਚਲਦਾ ਹੈ। ਸਰਕਾਰਨੇ ਇਨ੍ਹਾਂ ਪਰਿਵਾਰਾਂ ਦੇ ਲਈ ਇਕ ਹੋਰ ਕਾਲੋਨੀ ਬਣਾਈ ਹੈ ਜਿਸ ਉਤੇ ਇਹ ਹਰੀਜਨ ਕਬਜ਼ਾ ਕਰਨਾ ਚਾਹੁੰਦੇ ਹਨ।

26 ਅਤੇ27 ਜੁਲਾਈ ਦੇ ਦੰਗਿਆਂ ਵਿਚ ਇਸ ਕਾਲੋਨੀ ਦੇ ਝਗੜੇ ਦੀ ਬਹੁਤ ਵੱਡੀ ਭੂਮਿਕਾ ਸੀ। ਜਿਨ੍ਹਾਂ ਇਲਾਕਿਆਂ ਵਿਚ ਇਹ ਦੰਗੇ ਭੜਕੇ ਉਨ੍ਹਾਂ ਵਿਚ ਰਵੀ ਨਗਰ, ਵਿਸ਼ਨੂੰ ਗਾਰਡਨ, ਖਿਆਲਾ, ਸੰਤ ਨਗਰ, ਕ੍ਰਿਸ਼ਨ ਪੁਰੀ, ਮਹਾਂਵੀਰ ਨਗਰ, ਚੌਖੰਡੀ, ਫਤਹਿ ਨਗਰ, ਵੀਰੇਂਦਰ ਨਗਰ, ਸ਼ਿਵ ਨਗਰ, ਜਨਕਪੁਰੀ ਦੇ ਬੀ ਬਲਾਕ, ਰਘਬੀਰ ਨਗਰ, ਮੋਤੀ ਨਗਰ ਅਤੇ ਨਟਰਾਜ ਸਿਨੇਮਾ ਤੋਂ ਲੈ ਕੇ ਇਡੀਅਨ ਆਕਸੀਜਨ ਫੈਕਟਰੀ ਤਕ ਦਾ ਇਲਾਕਾ ਸ਼ਾਮਲ ਹੈ। ਇਥੇ ਕਰਫਿਊ ਵੀ ਲਾਇਆ ਗਿਆ।

ਪ੍ਰਸ਼ਾਸ਼ਨ ਵਲੋਂ ਫੌਰੀ ਤੌਰ ਤੇ ਫੌਜ ਸੱਦਣ ਬਾਰੇ ਵੀ ਕਾਫੀ ਕੁਝ ਕਿਹਾ ਜਾ ਰਿਹਾ ਹੈ। ਪੁਲਸ ਸੂਤਰਾਂ ਦਾ ਕਹਿਣਾ ਹੈ ਕਿ ਦਿੱਲੀ ਦੇ ਉਪ-ਰਾਜਪਾਲ ਸ੍ਰੀ ਕਪੂਰ ਨੇ ਪੁਲਸ ਕਮਿਸ਼ਨਰ ਸ੍ਰੀ ਮਰਵਾਹਾ ਨੂੰ ਪੁੱਛੇ ਤੋਂ ਬਿਨਾਂ ਰਾਜੀਵ ਗਾਂਧੀ ਤੋਂ ਸਿੱਧੀ ਆਗਿਆ ਲੈ ਕੇ ਫੌਜ ਸੱਦ ਲਈ ਜਦਕਿ ਤਰੀਕਾ ਇਹ ਹੈਕਿ ਪੁਲਸ ਕਮਿਸ਼ਨਰ, ਫੌਜ ਲਈ ਰਾਜਪਾਲ ਨੂੰ ਬੇਨਤੀ ਕਰਦਾ ਹੈ। ਬਾਅਦ ਵਿਚ ਖੇਤਰ ਨੂੰ ਫੌਜ ਦੇ ਹਵਾਲੇ ਕਰਨ ਲਈ ਪੁਲਸ ਹੀ ਫਾਰਮ ਭਰ ਕੇ ਫੌਜ ਦੇ ਅਧਿਕਾਰੀ ਨੂੰ ਦਿੰਦੀ ਹੈ। ਬਾਦ ਵਿਚ ਹਾਲਾਤ ਸੁਧਾਰਨ ਤੇ ਫੌਜ ਵਲੋਂ ਇਹ ਫਾਰਮ ਪੁਲਸ ਨੂੰ ਵਾਪਸ ਕਰ ਦਿਤੇ ਜਾਂਦੇ ਹਨ। 26 ਜੁਲਾਈ ਨੂੰ ਜਦ ਫੌਜ ਘਟਨਾ ਵਾਲੀ ਥਾਂ ਤੇ ਪੁੱਜੀ ਤਾਂ ਉਥੇ ਮੌਜੂਦ ਪੁਲਸ ਦੇ ਅਧਿਕਾਰੀ ਸ਼ਸ਼ੋਪੰਜ ਵਿਚ ਪੈ ਗਏ।

ਇਸ ਵਾਰ ਦੇ ਦੰਗਿਆਂ ਵਿਚ ਦਿੱਲੀ ਦੇ ਨਾਗਰਿਕਾਂ ਅਤੇ ਜਮਨਾ ਪਾਰ ਦੇ ਲੋਕਾਂ ਦੀ ਤਾਰੀਫ ਕਰਨੀ ਹੋਵੇਗੀ ਕਿ ਉਨ੍ਹਾਂ ਨੇ ਇਸ ਵਾਰ ਅੱਗ ਨੂੰ ਨਹੀਂ ਭੜਕਣ ਦਿੱਤਾ। ਪਿਛਲੀ ਵਾਰ ਸੱਭ ਤੋਂ ਵਧੇਰੇ ਕਤਲੇਆਮ ਜਮਨਾ ਪਾਰ ਹੀ ਹੋਇਆ ਸੀ।


DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S PLUMBING & ELECTRICAL SUPPLY



4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS



NORTH AMERICAN LIFE ASSURANCE COMPANY

NORTH AMERICAN LIFE



- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167

# ਖੇਡਾਂ ਦੇਸ਼ ਦੀਆਂ



## ਝੰਡੀ ਪੁੱਟ ਲਈ ਪੰਜਾਬਣਾਂ ਨੇ .....

ਇਸ ਵਾਰ ਭਾਰਤ ਭਰ ਦੀਆਂ ਖਿਡਾਰਨਾਂ ਦੇ ਝੰਡੀ ਜਿੱਤਣ ਲਈ ਆਪਸੀ ਮੁਕਾਬਲੇ ਚੰਡੀਗੜ੍ਹ ਵਿਚ ਹੋਏ। ਇਸ ਮੇਲੇ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਸ਼ਾਮਲ ਹੋਈਆਂ, ਰੰਗ ਬਰੰਗੀਆਂ ਪੁਸ਼ਾਕਾਂ ਪਹਿਨੀ ਭਾਰਤ ਦੇ ਬਹੁ ਕੌਮੀ ਦ੍ਰਿਸ਼ ਨੂੰ ਰੂਪਮਾਨ ਕਰ ਰਹੀਆਂ ਕੁੜੀਆਂ ਨੇ ਆਪਣੇ ਤਾਕਤ ਦੇ ਜੌਹਰ ਵਿਖਾਉਂਦਿਆਂ ਰੌਣਕਾਂ ਲਾਈ ਰੱਖੀਆਂ। ਵੰਨ-ਸੁਵੰਨੇ ਟਰੈਕ ਸੂਟ ਤੇ ਭਿੰਨ-ਭਿੰਨ ਦੀਆਂ ਆਵਾਜ਼ਾਂ ਪਰ ਅੱਖਾਂ ਵਿਚ ਆਪਸੀ ਭਾਈਚਾਰੇ ਦਾ ਸੁਮੇਲ ਬਣੀਆਂ ਇਨ੍ਹਾਂ ਕੁੜੀਆਂ ਦੇ ਮੇਲੇ ਦਾ ਉਦਘਾਟਨ ਪੰਜਾਬ ਦੇ ਗਵਰਨਰ ਸ੍ਰੀ ਸਿਧਾਰਥ ਸ਼ੰਕਰ ਰੇਅ ਨੇ ਕੀਤਾ। ਇਸ ਮੇਲੇ ਵਿਚ ਭਾਰਤ ਦੇ 18 ਰਾਜਾਂ ਦੀਆਂ ਲਗਪਗ 2000 ਕੁੜੀਆਂ ਨੇ ਭਾਗ ਲਿਆ।

ਅਜੋਕੇ ਸਮੇਂ ਜਦੋਂ ਅਸੀਂ ਮਰਦਾਂ ਦੀਆਂ ਖੇਡਾਂ ਵਿਚ ਪਿਛਲਖੁਰੀ ਹਟ ਰਹੇ ਹਾਂ, ਭਾਰਤ ਦੀਆਂ ਕੁੜੀਆਂ ਚੰਗੇ ਹੰਭਲੇ ਮਾਰ ਰਹੀਆਂ ਹਨ। ਇਸ ਮੇਲੇ ਵਿਚ ਦਰਸ਼ਕਾਂ ਨੂੰ ਕਾਫੀ ਉਮੀਦ ਸੀ ਕਿ ਸਿਉਲ-86 ਅਤੇ ਜਕਾਰਤਾ-85 ਦੀਆਂ ਸੋਨ-ਕੁੜੀਆਂ ਪੀ ਟੀ ਊਸ਼ਾ, ਸ਼ਾਇਨੀ ਇਬਰਾਹੀਮ ਅਤੇ ਵਲਸੰਮਾ ਵਗੈਰਾ ਚੰਡੀਗੜ੍ਹ ਦੀਆਂ ਰੌਣਕਾਂ ਵਧਾਉਣਗੀਆਂ ਪਰ ਕੋਈ ਵਿਸ਼ੇਸ਼ ਕਾਰਨ ਹੀ ਸ਼ਾਇਦ ਅੜਚਣ ਬਣ ਗਿਆ ਤੇ ਕੇਰਲਾ ਵਾਲੀਆਂ ਕੁੜੀਆਂ ਇਥੇ ਆ ਨਾ ਸਕੀਆਂ। ਮੇਲੇ ਦੇ ਉਦਘਾਟਨ ਸਮੇਂ 1500 ਮੀਟਰ ਦੀ ਦੌੜ ਦਾ ਆਪਸੀ ਮੁਕਾਬਲਾ ਪੁਰਾਣੀਆਂ ਵਿਰੋਧੀ ਹਿਮਾਚਲ ਦੀ ਸੁਮਨ ਰਾਵਤ (ਏਸ਼ਿਆਈ ਕਾਂਸੀ ਪਦਕ ਜੇਤੂ) ਅਤੇ ਸੁਰਜੀਤ ਕੌਰ (ਮਾਰੀਸ਼ਸ 'ਚੋਂ ਦੋ ਸੋਨ ਤਮਗੇ ਜੇਤੂ) ਵਿਚਕਾਰ ਸੀ, ਜੋ ਸੁਮਨ-ਰਾਵਤ ਨੇ ਜਿਤਿਆ। ਸੁਰਜੀਤ ਕੌਰ ਨੇ ਸਰੀਰਕ ਪੱਖੋਂ ਠੀਕ ਨਾ ਹੋਣ ਕਰਕੇ ਸਿਰਫ ਚਾਂਦੀ ਦੇ ਤਗਮੇ ਤੇ ਹੀ ਸਬਰ ਕੀਤਾ ਫਿਰ ਬਾਕੀ ਦੇ ਦਿਨੀਂ ਵੀ ਸੁਮਨ ਰਾਵਤ ਨੇ 800 ਮੀਟਰ ਦੌੜ ਅਤੇ 3000 ਮੀਟਰ ਦੀਆਂ ਦੌੜਾਂ ਬੜੀ ਆਸਾਨੀ ਨਾਲ ਹੀ ਜਿੱਤ ਲਈਆਂ। ਤੈਰਾਕੀ ਵਿਚ ਸਿਉਲ-86 ਵਿਚ ਭਾਰਤ ਦੀ ਪ੍ਰਤੀਨਿਧਤਾ ਕਰਨ ਵਾਲੀ ਕਰਨਾਟਕਾ ਦੀ ਲਾਰੇਨ ਵਰਗੀਸ ਨੇ ਸੱਤ ਸੋਨ ਤਗਮੇ ਜਿੱਤ ਕੇ ਕਰਨਾਟਕਾ ਦੀ ਝੋਲੀ ਭਰ ਦਿੱਤੀ, ਭਾਵੇਂ ਉਸਨੇ ਆਪਣੇ ਰਿਕਾਰਡਾਂ ਨਾਲ ਤਾਂ ਕੋਈ ਛੇੜ ਛਾੜ ਨਾ ਕੀਤੀ ਪਰ ਉਸ ਦੇ ਜਿੱਤੇ ਤਗਮਿਆਂ ਦੀ ਗਿਣਤੀ ਜ਼ਰੂਰ ਚਰਚਾ ਯੋਗ ਹੈ।

ਗੁਜਰਾਤ ਦੀ ਰਜ਼ੀਆ ਸ਼ੇਖ ਨੇ ਜੈਵਲਿਨ ਥਰੋ ਵਿਚ ਆਪਣਾ ਪੁਰਾਣਾ ਰਿਕਾਰਡ ਤੋੜਿਆ ਅਤੇ 41.10 ਮੀਟਰ ਦਾ ਨਵਾਂ ਰਿਕਾਰਡ ਰੱਖਿਆ। ਇਹ ਕੁੜੀ ਵੀ ਏਸ਼ੀਅਨ ਖੇਡਾਂ ਵਿਚ ਭਾਰਤ ਦੀ ਪ੍ਰਤੀਨਿਧਤਾ ਕਰ ਚੁੱਕੀ ਹੈ। ਪੰਜਾਬਣ ਕੁੜੀਆਂ ਵਿਚੋਂ ਪਰਮਜੀਤ ਕੌਰ ਦਾ ਨਾਮ ਵਿਸ਼ੇਸ਼ ਤੌਰ ਤੇ ਚਮਕਿਆ, ਕਿਉਂਕਿ ਉਸ ਨੇ ਡਿਸਕਸ-ਥਰੋ ਵਿਚ ਸੋਨ ਤਗਮਾ ਜਿੱਤ ਕੇ ਆਪਣੀ ਸ਼ਕਤੀ ਦੀ ਧਾਂਕ ਬਿਠਾਈ। ਸਭਰਾਵਾਂ ਵਾਲੀ ਗੁਰਮੀਤ ਕੌਰ ਦੀ ਗੈਰਹਾਜ਼ਰੀ ਕਾਫੀ ਰੜਕਦੀ ਰਹੀ। ਉਸ ਦੀ ਸਾਥਣ ਸਿਮਰਨਜੀਤ ਕੌਰ ਨੇ ਡਿਸਕਸ ਦਾ ਕਾਂਸੀ ਪਦਕ ਜਿੱਤਿਆ। ਤਾਮਿਲਨਾਡੂ ਦੀ ਐਲਜ਼ਬੈਥ ਬਸੰਤਾ ਕੁਮਾਰੀ ਨੇ 400 ਮੀਟਰ ਅੜਿੱਕਾ ਦੌੜ ਦਾ ਕੋਇੰਬਟੂਰ ਵਿਖੇ ਰਖਿਆ ਇਕ ਸਾਲ ਪੁਰਾਦਾ ਰਿਕਾਰਡ ਤੋੜ ਕੇ ਆਪਣੇ ਨਾਮ ਲਿਖਾਇਆ। ਤਾਮਿਲਨਾਡੂ ਦੀ ਹੀ ਜੋਮਾ ਜੋਸਫ ਇਸ ਮੁਕਾਬਲੇ ਦੀ ਸਭ ਤੋਂ ਤੇਜ਼ ਦੌੜਾਕ ਮੰਨੀ ਗਈ। ਉਸ ਨੇ 100 ਮੀਟਰ ਦੀ ਦੌੜ 12.5 ਸੈਕਿੰਡ ਵਿਚ ਪੰਜਾਬ ਦੀ ਕੁਲਜੀਤ ਕੌਰ ਨੂੰ ਫੋਟੋ ਫਿਨਿਸ਼ ਰਾਹੀਂ ਹਰਾ ਕੇ ਜਿੱਤੀ। ਐਥਲੈਟਿਕਸ ਵਿਚ ਸਮੁੱਚੀ ਜਿੱਤ ਪ੍ਰਾਪਤ ਕਰਨ ਵਿਚ ਤਾਮਿਲਨਾਡੂ ਕਾਮਯਾਬ ਰਿਹਾ, ਕਿਉਂਕਿ ਉਥੋਂ ਦੀ ਟੀਮ ਵਿਚ ਮੇਰੀ ਸਾਲੀਨਾ ਪਰਾਈਨ ਵਰਗੀਆਂ ਉਡਣੀਆਂ ਕੁੜੀਆਂ ਸ਼ਾਮਲ ਸਨ, ਜਿਸ ਨੇ ਇਕੱਲੀ ਨੇ ਹੀ ਤਿੰਨ ਗੋਲਡ ਮੈਡਲ ਝਪਟ ਲਏ। ਪੰਜਾਬ ਦੀਆਂ ਕੁੜੀਆਂ ਵਿਚੋਂ ਰਾਜਵਿੰਦਰ ਕੌਰ ਨੇ ਗੋਲੇ ਵਿਚ ਸੋਨ ਤਗਮਾ ਜਿੱਤ ਕੇ ਨਵਾਂ ਰਿਕਾਰਡ ਤੋੜਿਆ ਜੋ ਸੱਤ ਸਾਲ ਪੁਰਾਣਾ ਸੀ, ਜੋ ਉਸ ਨੇ 12.39 ਤੋਂ 13.71 ਮੀਟਰ ਤਕ ਕੀਤਾ। ਤਾਮਿਲਨਾਡੂ ਨੇ ਸੱਤ ਗੋਲਡ ਮੈਡਲ ਜਿੱਤੇ ਤੇ ਐਥਲੈਟਿਕਸ ਦੀ ਸਰਦਾਰੀ ਕੁੱਟ ਲਈ ਪੰਜਾਬ ਦੂਜੇ ਨੰਬਰ ਤੇ ਰਿਹਾ।



ਪੰਜਾਬ ਦੀਆਂ ਕੁੜੀਆਂ, ਜਿਨ੍ਹਾਂ 11ਵੀਂਆਂ ਕੌਮੀ ਮਹਿਲਾ ਖੇਡਾਂ ਵਿਚ ਓਵਰਆਲ ਟਰਾਫੀ ਜਿੱਤੀ

ਹਾਕੀ :— ਹਾਕੀ ਨੂੰ ਵਿਸ਼ੇਸ਼ ਰੂਪ ਵਿਚ ਪੰਜਾਬ ਦੀ ਖੇਡ ਮੰਨਿਆ ਜਾਂਦਾ-ਹੈ ਤੇ ਇਸ ਗੱਲ ਦਾ ਪ੍ਰਗਟਾਵਾ ਸਿਰਫ ਮੈਂ ਹੀ ਨਹੀਂ ਸਮੁੱਚੇ ਹਾਕੀ ਪ੍ਰੇਮੀ ਕਰਦੇ ਹਨ। ਇਸ ਲੋਕ-ਭਾਖਿਆ ਨੂੰ ਸਹੀ ਸਾਬਤ ਕਰਦਿਆਂ ਪੰਜਾਬਣ ਕੁੜੀਆਂ ਫਾਈਨਲ ਮੈਚ ਵਿਚ ਹਿਮਾਚਲ ਪ੍ਰਦੇਸ਼ ਦੀਆਂ ਪਹਾੜਣਾਂ ਨੂੰ 7-1 ਤੇ ਹਰਾ ਕੇ ਸੋਨ-ਤਗਮੇ ਦੀਆਂ ਜੇਤੂ ਬਣੀਆਂ। ਪੰਜਾਬ ਦੀ ਸੋਨ ਕੁੜੀ ਰਾਜਬੀਰ ਕੌਰ, ਨੀਰੂ, ਰਾਜਵਿੰਦਰ, ਸਰੋਜ ਬਾਲਾ ਦੀਆਂ ਮਰਦਾਵੀਆਂ ਹਿੱਟਾਂ ਅਤੇ ਕਲਾਸੀਕਲ ਡਰਿਬਲਿੰਗ ਸਾਹਮਣੇ ਹਿਮਾਚਲ ਦੀਆਂ ਕੁੜੀਆਂ ਦੀ ਕੋਈ ਪੇਸ਼ ਨਾ ਚੱਲੀ।

ਬਾਸਕਟਬਾਲ — ਬਾਸਕਟਬਾਲ 'ਚ ਪਿਛਲੇ ਕਈਆਂ ਸਾਲਾਂ ਤੋਂ ਪੰਜਾਬਣ ਕੁੜੀਆਂ ਆਪਣੀ ਧਾਂਕ ਜਮਾ ਚੁੱਕੀਆਂ ਹਨ। ਕੁਝ ਦਿਨ ਪਹਿਲਾਂ ਦਿੱਲੀ ਵਿਖੇ ਹੋਏ ਪੰਜ ਦੇਸ਼ਾਂ ਦੇ ਅੰਤਰਰਾਸ਼ਟਰੀ ਮੁਕਾਬਲੇ ਵਿਚ ਭਾਰਤ ਨੂੰ ਕਾਂਸੀ ਪਦਕ ਦੁਆਉਣ ਵਾਲੀ ਕਮਲਜੀਤ ਬਾਠ ਨੇ ਚੰਡੀਗੜ੍ਹ ਵਿਚ ਆਪਣੀ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕੀਤਾ। ਕਮਲਜੀਤ ਬਾਠ ਅੰਮ੍ਰਿਤਸਰ ਦੇ ਡੀ. ਏ. ਵੀ. ਕਾਲਜ ਦੀ ਵਿਦਿਆਰਥਣ ਹੈ। ਫਾਈਨਲ ਮੈਚ ਵਿਚ ਪੰਜਾਬਣਾਂ ਨੇ ਚੰਡੀਗੜ੍ਹ ਨੂੰ




ਹਿਮਾਚਲ ਦੀ ਸੁਮਨ ਰਾਵਤ, ਜਿਸ ਨੇ 800 ਮੀਟਰ ਦੌੜ ਵਿਚ ਸੋਨ ਤਮਗਾ ਜਿੱਤਿਆ

TOGETHER WE ARE STRONGER
NORTH AMERICAN LIFE



Rupinder S. Azad

Ph. (604) 853-0134

Looking for
**The Right Kind of Life Insurance?**
**YES!**
**Choice is Yours :**
Traditional VS Universal [Smokers & Non Smokers]
For Details & Free Consulation

ਹੁਣ ਜ਼ਿੰਦਗੀ ਭਰ ਲਈ ਇਨਸ਼ੋਰੈਂਸ ਪਾਲਸੀ ਲਉ। ਕੇਵਲ ਤਿੰਨ, ਚਾਰ ਜਾਂ ਪੰਜ ਸਾਲ ਹੀ ਕਿਸ਼ਤਾਂ ਦੇਣ ਦੀ ਲੋੜ ਹੈ ਜਾਂ ਕਿੰਨੇ ਵੀ ਸਾਲਾਂ ਵਿਚ ਆਪਣੀ ਮਰਜ਼ੀ ਮੁਤਾਬਕ ਦੇ ਸਕਦੇ ਹੋ

**Toll Free Line (in B.C.)**
**1—800—242—8044**

ਹੋਰ ਜਾਣਕਾਰੀ ਲਈ ਫੋਨ ਕਰੋ :
**Contact:**
**Rupinder S. Azad**
**AZAD INSURANCE AGENCIES**
#1 - 2619 - Cedar Park Pl. Clearbrook, B.C.

ਪੰਨਾ 18 ਦੀ ਬਾਕੀ

78-51 ਤੇ ਹਰਾ ਕੇ ਸੋਨ-ਤਗਮਾ ਜਿੱਤਿਆ। ਪੰਜਾਬ ਦੀ ਟੀਮ ਵਿਚ ਕਮਲਜੀਤ ਬਾਠ, ਬਲਜੀਤ ਕੌਰ, ਰਾਜਿੰਦਰ ਕੌਰ ਅਤੇ ਨੀਤਾ ਮਹਾਜਨ ਦਾ ਵਿਸ਼ੇਸ਼ ਚਰਚਾ ਸੀ। ਚੰਡੀਗੜ੍ਹ ਨੂੰ ਸਿਲਵਰ ਮੈਡਲ ਅਤੇ ਤਾਮਿਲਨਾਡੂ ਨੂੰ ਕਾਂਸੀ ਦਾ ਤਮਗਾ ਮਿਲਿਆ।

**ਟੇਬਲ ਟੈਨਿਸ** — ਹੁਣ ਤੱਕ ਸਮਝਿਆ ਜਾਂਦਾ ਸੀ ਕਿ ਟੇਬਲ ਟੈਨਿਸ ਵਰਗੀ ਜ਼ੋਰ ਵਿਹੂਣੀ ਤਕਨੀਕੀ ਗੇਮ ਪੰਜਾਬੀ ਸੁਭਾਅ ਦੇ ਉਲਟ ਹੈ ਪਰ ਕੰਚਨ ਧਵਨ ਨੇ, ਜੋ ਬਰਨਾਲੇ ਵਿਖੇ ਵੀ ਸਰਵ-ਉਤਮ ਰਹੀ ਸੀ, ਇਥੇ ਆਪਣੀ ਅਕਲ ਅਤੇ ਸ਼ਕਤੀ ਦਾ ਦਬਦਬਾ ਕਾਇਮ ਕਰ ਲਿਆ। ਕੰਚਨ ਨੇ ਸਿੰਗਲਜ਼ ਅਤੇ ਡਬਲਜ਼ ਦੇ ਦੋਨੋਂ ਸੋਨ ਤਮਗੇ (ਰਜਨੀ ਨਾਲ) ਪੰਜਾਬੀ ਦੀ ਝੋਲੀ ਵਿਚ ਪਾਏ। ਉਸ ਨੇ ਸਿੰਗਲਜ਼ ਵਿਚ ਰਜਨੀ ਨੂੰ 21-13, 21-15, 21-19 ਨਾਲ ਸਿੱਧੀਆਂ ਗੇਮਾਂ ਵਿਚ ਹਰਾਇਆ ਅਤੇ ਫਿਰ ਕੰਚਨ ਅਤੇ ਰਜਨੀ ਨੇ ਮਿਲ ਕੇ ਦਿੱਲੀ ਦੀਆਂ ਲਾਜਪਾਲ ਕੌਰ ਅਤੇ ਚੰਦਰਕਲਾ ਨੂੰ ਡਬਲਜ਼ ਮੁਕਾਬਲੇ ਵਿਚ 21-14, 21-16 ਨਾਲ ਹਾਰ ਦਿੱਤੀ।

**ਕਬੱਡੀ**:- ਕਬੱਡੀ, ਜੋ ਆਮ ਤੌਰ ਤੇ ਪੰਜਾਬੀਆਂ ਦੀ ਹਰਮਨ ਖੇਡ ਹੈ, ਵਿਚ ਇਸ ਵਾਰ ਤਾਮਿਲਨਾਡੂ ਦੀਆਂ ਤੇਜ਼ ਤਰਾਰ ਕੁੜੀਆਂ 50-38 ਤੇ ਪੰਜਾਬਣਾਂ ਨੂੰ ਹਰਾ ਗਈਆਂ ਤੇ ਪੰਜਾਬਣਾਂ ਨੂੰ ਚਾਂਦੀ ਦੇ ਤਮਗੇ ਤੇ ਹੀ ਸਬਰ ਕਰਨਾ ਪਿਆ।

**ਖੋ-ਖੋ** :— ਖੋ-ਖੋ ਵਿਚ ਕਰਨਾਟਕ ਦੀਆਂ ਕੁੜੀਆਂ ਦੀਆਂ ਝਪਟਾਂ ਦਾ ਕੋਈ ਮੁਕਾਬਲਾ ਨਹੀਂ ਸੀ। ਉਹ ਜਿਸਮਾਨੀ ਪੱਖੋਂ ਫੁਰਤੀਲੀਆਂ ਤੇ ਤੇਜ਼ ਸਨ ਤੇ ਫਾਈਨਲ ਵਿਚ ਉਨ੍ਹਾਂ ਚੰਡੀਗੜ੍ਹ ਦੀਆਂ ਕੁੜੀਆਂ ਨੂੰ ਰੋਲ ਕੇ ਰੱਖ ਦਿੱਤਾ। ਪਿਛਲੇ ਸਾਲ ਦਾ ਵਿਜੇਤਾ ਮਹਾਂਰਾਸ਼ਟਰ ਤੀਜੇ ਨੰਬਰ ਤੇ ਰਿਹਾ।



ਹਾਕੀ ਦੀ ਚੈਂਪੀਅਨ ਪੰਜਾਬ ਦੀ ਟੀਮ ਦਾ ਹਿਮਾਚਲ ਦੀ ਟੀਮ ਨਾਲ ਭੇੜ ਦਾ ਇਕ ਦ੍ਰਿਸ਼

**ਹੈਂਡਬਾਲ** :— ਹੈਂਡਬਾਲ ਵਿਚ ਮਹਾਂਰਾਸ਼ਟਜ ਨੇ ਫਾਈਨਲ ਵਿਚ ਚੰਡੀਗੜ੍ਹ ਨੂੰ ਹਰਾ ਕੇ ਟਰਾਫੀ ਤੇ ਕਬਜ਼ਾ ਕੀਤਾ ਅਤੇ ਮਨੀਪੁਰ ਦੀਆਂ ਕੁੜੀਆਂ ਤੀਜੇ ਨੰਬਰ ਤੇ ਰਹੀਆਂ। ਪੰਜਾਬ ਦੀਆਂ ਕੁੜੀਆਂ ਦਾ ਪ੍ਰਦਰਸ਼ਨ ਕਾਫੀ ਨਿਰਾਸ਼ਾਜਨਕ ਸੀ। ਵਾਲੀਬਾਲ ਵਿਚ ਪੰਜਾਬ ਦੀਆਂ ਕੁੜੀਆਂ ਜੇਤੂ ਰਹੀਆਂ।

ਸਮੁੱਚੇ ਰੂਪ ਵਿਚ ਇਹ ਮੇਲਾ ਚੰਡੀਗੜ੍ਹ ਦੇ ਲੋਕਾਂ ਲਈ ਖੇਡ-ਪ੍ਰੇਮ ਜਗਾਉਣ ਵਿਚ ਕਾਫੀ ਕਾਮਯਾਬ ਰਹੇਗਾ। ਇਸ ਮੇਲੇ ਦੀ ਝੰਡੀ ਪੰਜਾਬਣ ਕੁੜੀਆਂ ਨੇ ਪੈਂਤੀ ਨੰਬਰ ਪ੍ਰਾਪਤ ਕਰਕੇ ਜਿੱਤੀ। ਚੰਡੀਗੜ੍ਹ 23.5 ਨਾਲ ਦੂਜੇ ਨੰਬਰ ਉਤੇ ਆਏ ਤਾਮਿਲਨਾਡੂ 23 ਨੰਬਰਾਂ ਨਾਲ ਤੀਜੇ ਨੰਬਰ ਤੇ ਰਿਹਾ।

ਮੇਲੇ ਦੀ ਸਮੁੱਚੀ ਜ਼ਿਮੇਵਾਰੀ ਪ੍ਰਸਿੱਧ ਵਾਲੀਬਾਲ ਖਿਡਾਰਣ ਨਿਰਮਲ ਮਿਲਖਾ ਸਿੰਘ ਨੇ ਸੰਭਾਲੀ। ਇਨਾਮ ਵੰਡਣ ਦੀ ਰਸਮ ਕੇ ਬਨਰਜੀ ਚੰਡੀਗੜ੍ਹ ਦੇ ਮੁਖ ਪ੍ਰਬੰਧਕ ਦੀ ਪਤਨੀ ਨੇ ਨਿਭਾਈ।

**ਲਾਭ ਸਿੰਘ ਸੰਧੂ**



ਪੰਜਾਬ ਅਤੇ ਕਰਨਾਟਕ ਦੀਆਂ ਲੜਕੀਆਂ ਵਿਚ ਖੇਡੇ ਗਏ ਹੈਂਡਬਾਲ ਮੈਚ ਵਿਚ ਪੰਜਾਬ ਦੀਆਂ ਖਿਡਾਰਨਾਂ ਗੋਲ ਕਰਨ ਦੀ ਕੋਸ਼ਿਸ਼ ਵਿਚ। ਅਜੀਤ ਫੋਟੋਆਂ : ਟੀ ਐੱਸ ਬੇਦੀ



ਪੰਜਾਬ ਦੀ ਰਾਜਵਿੰਦਰ ਕਰ, ਗੋਲਾ ਸੁੱਟਣ ਵਿਚ ਨਵਾਂ ਰੀਕਾਰਡ


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਬਾਦਲ-ਟੌਹੜਾ ਦਾ ਰਾਹ ਕੀ ਸਹੀ ਹੈ ?

**ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜੇ ਦੀ ਸਿਆਸਤ ਵਾਰੇ ਪੰਜਾਬ ਦੇ ਆਮ ਨੌਜਵਾਨ ਕੀ ਰਾਏ ਰੱਖਦੇ ਹਨ, ਇਸ ਵਾਰੇ ਅਸੀਂ ਪੰਜਾਬੀ ਟ੍ਰਿਬਿਊਨ 'ਚ ਛਪੇ ਪੰਜਾਬੀਆਂ ਦੇ ਵਿਚਾਰ ਆਪਣੇ ਪੇਪਰ 'ਚ ਦੇ ਰਹੇ ਹਾਂ। ਇਸ ਨਾਲ 'ਕੈਨੇਡਾ ਦਰਪਣ' ਦੇ ਪਾਠਕਾਂ ਨੂੰ ਪੰਜਾਬੀ ਨੌਜਵਾਨਾਂ ਦੀ ਮਾਨਸਿਕ ਅਵਸਥਾ ਸਮਝਣ 'ਚ ਮੱਦਦ ਮਿਲੇਗੀ।**





ਜਿਸ ਮੁੱਦੇ 'ਤੇ ਬਾਦਲ ਟੌਹੜਾ ਵਲੋਂ ਚੁਣੇ ਰਾਹ ਨੂੰ ਜ਼ਿਆਦਾ ਬਦਨਾਮੀ ਮਿਲੀ ਉਹ ਅਤਿਵਾਦੀਆਂ ਦੀ ਹਮਾਇਤ ਬਾਰੇ ਹੈ। ਪਰ ਇਸ ਮੋਰਚੇ 'ਤੇ ਵੀ ਬਰਨਾਲਾ ਸਾਹਿਬ ਉਨ੍ਹਾਂ ਨੂੰ ਪੂਰੀ ਤਰ੍ਹਾਂ ਗਲਤ ਸਾਬਤ ਕਰ ਕੇ ਆਪ ਜ਼ਿਆਦਾ ਨੇਕ-ਨਾਮੀ ਨਾ ਲੈ ਸਕੇ ਕਿਉਂਕਿ ਬਹੁਤ ਨੌਜਵਾਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਹਨ।

**ਮਹਿਮਾ ਸਿੰਘ (34)**
**ਹਲਵਾਰਾ (ਜ਼ਿਲਾ ਲੁਧਿਆਣਾ)।**

## ਇਹ ਰਾਹ ਮਾਯੂਸੀ ਦਾ ਹੈ :

ਅਕਾਲੀ ਦਲ ਵਿਚ ਬਾਗੀ ਰਸਤਾ ਅਖਤਿਆਰ ਕਰਨ ਵਾਲੇ ਪ੍ਰਮੁਖ ਲੀਡਰਾਂ ਦੇ ਇਸ ਫੈਸਲੇ ਪਿਛੇ ਕਾਰਨ ਵੱਖ ਵੱਖ ਹਨ। ਟੌਹੜਾ ਸਾਹਿਬ ਆਪਣੇ ਉਤੇ ਲੱਗੇ ਨੀਲਾ ਤਾਰਾ ਕਾਰਵਾਈ ਸਮੇਂ ਦੇ ਦਾਗ ਧੋ ਕੇ ਜਜ਼ਬਾਤੀ ਨੌਜਵਾਨਾਂ ਤੋਂ ਆਪਣੀ ਨਿੱਜੀ ਸੁਰੱਖਿਆ ਅਤੇ ਆਪਣੀ ਰਵਾਇਤੀ ਸਿਆਸੀ ਅਹਿਮੀਅਤ ਬਣਾਈ ਰੱਖਣਾ ਚਾਹੁੰਦੇ ਹਨ ਅਤੇ ਕਾਫੀ ਹੱਦ ਤੱਕ ਕਾਮਯਾਬ ਵੀ ਹੋਏ ਹਨ। ਬਾਦਲ ਸਾਹਿਬ ਆਪਣਾ ਪੁਰਾਣਾ ਰੁਤਬਾ ਨਾ ਮਿਲਣ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਹਨ। ਉਨ੍ਹਾਂ ਵਿਚ ਬਾਗੀ ਦ੍ਰਿਸ਼ਟੀਕੋਣ ਉਦੋਂ ਉਤਪੰਨ ਹੋਇਆ ਜਦੋਂ ਬਰਨਾਲਾ ਸਾਹਿਬ ਪੰਜਾਬ ਸਮਝੌਤੇ ਵਿਚ ਸੰਤ ਲੌਂਗੋਵਾਲ ਨਾਲ ਮੋਢਾ ਡਾਹ ਕੇ ਅੱਗੇ ਲੰਘਦੇ ਪ੍ਰਤੀਤ ਹੋਏ। ਬਾਦਲ ਸਾਹਿਬ ਨੇ ਨਵਾਂ ਰਾਹ ਅਪਣਾ ਕੇ ਪੰਜਾਬ ਨੂੰ ਜਾਂ ਅਕਾਲੀ ਦਲ ਨੂੰ ਹੀ ਨਹੀਂ ਸਗੋਂ ਆਪਣੇ ਆਪ ਨੂੰ ਵੀ ਨਾਜ਼ੁਕ ਸਿਆਸੀ ਸਥਿਤੀ ਵੱਲ ਵਧਾਇਆ ਹੈ। ਹਿੰਦੂ ਭਰਾਵਾਂ ਦਾ ਮਕਬੂਲ ਅਕਾਲੀ ਆਗੂ ਉਸ ਵਰਗ ਤੋਂ ਕੋਹਾਂ ਦੂਰ ਜਾਣ ਦੇ ਰਸਤੇ ਪੈ ਗਿਆ ਹੈ।

ਅਨੁਸ਼ਾਸਨਬੱਧ ਜੱਥੇਬੰਦੀਆਂ ਵਿਚ ਜੇ ਕਿਸੇ ਮੈਂਬਰ ਦੀ ਗੱਲ ਨਹੀਂ ਸੁਣੀ ਜਾਂਦੀ ਤਾਂ ਇਹ ਇਕ ਮਾਤਰ ਅਤੇ ਮੁਨਾਸਿਬ ਹੱਲ ਨਹੀਂ ਕਿ ਬਾਗੀ ਹੋ ਕੇ ਨਵੀਂ ਪਾਰਟੀ ਬਣਾ ਲਓ। ਜੋ ਤਾਣ ਨਵੀਂ ਪਾਰਟੀ ਜਥੇਬੰਦ ਕਰਨ 'ਤੇ ਲਾਉਣਾ ਹੈ ਉਹ ਆਪਣੀ ਪਾਰਟੀ ਵਿਚ ਆਪਣੀ ਰਾਏ ਨੂੰ ਦਲੀਲ ਨਾਲ ਸਮਝਾ ਕੇ ਸਾਥੀ ਮੈਂਬਰਾਂ ਨੂੰ ਰਜ਼ਾਮੰਦ ਕਰਨ 'ਤੇ ਲਾਇਆ ਜਾਵੇ ਤਾਂ ਜਥੇਬੰਦੀ ਦੀਆਂ ਲੋਕਤਾਂਤਰਿਕ ਜੜ੍ਹਾਂ ਮਜ਼ਬੂਤ ਹੋ ਜਾਦੀਆਂ ਹਨ। ਬਾਦਲ ਸਾਹਿਬ ਵਲੋਂ ਆਨੰਦਪੁਰ ਸਾਹਿਬ ਵਿਖੇ ਸਰਬਤ ਖਾਲਸਾ ਕਨਵੈਨਸ਼ਨ ਦੀ ਸਟੇਜ ਤੋਂ ਹਰਿਮੰਦਰ ਸਾਹਿਬ ਵਿਚ ਪੁਲੀਸ ਦਾਖਲੇ ਵਿਰੁੱਧ ਸਰਕਾਰ ਨੂੰ ਤਾੜਨਾ ਕਰਨ ਜਾਂ ਉਸ ਤੋਂ ਪਿਛੋਂ ਅਸਤੀਫੇ ਦੀ ਪੇਸ਼ਕਸ਼ ਕਰਨ (ਜਿਵੇਂ ਕਿ ਟੌਹੜਾ ਸਾਹਿਬ ਨੇ ਕੀਤਾ) ਨਾਲ ਗੱਲ ਨਹੀਂ ਮੁੱਕ ਜਾਂਦੀ। ਚਾਹੀਦਾ ਹੈ ਕਿ ਜਥੇਬੰਦੀ ਨੂੰ ਸੰਕਟ ਵਿਚੋਂ ਕੱਢਣ ਲਈ ਸੁਝਾਅ ਦਿੱਤੇ ਜਾਣ।

ਧਾਰਮਿਕ ਅਸਥਾਨਾਂ ਵਿਚ ਕਦੇ ਵੀ ਪੁਲਿਸ ਦਾਖਲ ਹੋਣ ਦੀ ਨੌਬਤ ਨਾ ਆਵੇ। ਕੀ ਅਜਿਹਾ ਕੋਈ ਕਾਰਗਰ ਪ੍ਰੋਗਰਾਮ ਉਨ੍ਹਾਂ ਨੇਤਾਵਾਂ ਕੋਲ ਹੈ ?

**ਅਮਰਜੀਤ ਸਿੰਘ ਸਰਪੰਚ, (33 ਸਾਲ)**
**ਪਿੰਡ ਸਿਹੌੜਾ, ਜ਼ਿਲਾ ਲੁਧਿਆਣਾ।**

## ਹੋਰ ਕਿਹੜਾ ਰਾਹ ਬਚਿਆ ਸੀ ?

ਬਾਦਲ ਵੱਲੋਂ ਅਪਣਾਇਆ ਰਸਤਾ ਭਾਵੇਂ ਮੁਕੰਮਲ ਤੌਰ 'ਤੇ ਠੀਕ ਨਾ ਵੀ ਹੋਵੇ, ਪਰ ਹੋਰ ਕਿਹੜਾ ਰਸਤਾ ਉਨ੍ਹਾਂ ਅੱਗੇ ਰਹਿ ਗਿਆ ਸੀ ? ਭਾਵੇਂ ਬਾਦਲ ਹੁਰਾਂ ਨੂੰ ਕੁਰਸੀ ਦਾ ਕਿੰਨਾ ਵੀ ਕਿਉਂ ਲਾਲਚ ਰਿਹਾ ਹੋਵੇ ਪਰ ਉਨ੍ਹਾਂ ਨੇ ਬੜੇ ਸੱਭਿਅ ਤਰੀਕੇ ਨਾਲ ਆਪਣੀ ਇੱਛਾ ਉਪਰ ਪਰਦਾ ਪਾਈ ਰੱਖਿਆ ਜਦੋਂ ਕਿ ਬਰਨਾਲਾ ਸਾਹਿਬ ਨੇ ਓਨੀ ਹੀ ਸ਼ਿੱਦਤ ਨਾਲ ਕੁਰਸੀ ਨੂੰ ਘੁੱਟ ਕੇ ਫੜੀ ਰੱਖਿਆ ਹੈ।

ਹਰਿਆਣਾ ਨੂੰ 75 ਹਜ਼ਾਰ ਏਕੜ ਰਕਬਾ ਦੇਣ ਤੋਂ ਵੀ ਬਾਦਲ-ਟੌਹੜਾ ਦੇ ਸਟੈਂਡ ਨੇ ਹੀ ਬਰਨਾਲਾ ਸਾਹਿਬ ਨੂੰ ਵਰਜਿਆ। ਟੌਹੜਾ ਸਾਹਿਬ ਤੋਂ ਤਾਂ ਮਸਾਂ ਹੀ ਝਕਾਨੀ ਮਾਰ ਕੇ ਬਰਨਾਲਾ ਹੁਰਾਂ ਨੇ ਖਹਿੜਾ ਛੁਡਾਇਆ ਸੀ। ਸੋ ਬਾਅਦ ਵਿਚ ਵੀ ਟੌਹੜਾ ਸਾਹਿਬ ਦਾ ਕੋਈ ਵੀ ਤੁਰਪ ਦਾ ਪੱਤਾ ਜਦ ਨਾ ਚਲਿਆ ਤਾਂ ਉਹ ਵੀ ਲੰਗੋਟਾ ਕੱਸ ਕੇ ਬਾਦਲ ਗਰੁੱਪ ਦੀ ਹਮਾਇਤ 'ਤੇ ਉਤਰ ਆਏ। ਸੋ ਟੌਹੜਾ ਸਾਹਿਬ ਦੀਆਂ ਖੁਨਾਮੀਆਂ ਤੇ ਬਦਨਾਮੀਆਂ ਵੀ ਬਾਦਲ ਗਰੁੱਪ ਦੇ ਨਾਲ ਆ ਰਲੀਆਂ।

## ਸਮੱਸਿਆਵਾਂ ਵੱਲ ਧਿਆਨ ਹੀ ਕਿਹਦਾ ਹੈ ?

ਸਮੇਂ ਦੀ ਬੇਲਿਹਾਜ਼ੀ ਦੁਆਰਾ 1947 ਵਿਚ ਅੰਗਹੀਣ ਹੋਈ ਪੰਜਾਬ ਦੀ ਧਰਤੀ 'ਤੇ ਅੱਜ ਫਿਰ ਫਿਰਕੂ ਨਫਰਤ ਵਧ ਫੁੱਲ ਰਹੀ ਹੈ ਅਤੇ ਇਥੋਂ ਦੇ ਵਸਨੀਕਾਂ ਨੂੰ ਇਕ ਦੂਜੇ ਦੇ ਖੂਨ ਦੇ ਪਿਆਸੇ ਬਣਾਉਣ ਲਈ ਸਮਾਂ ਫਿਰ ਬੇਲਿਹਾਜ਼ ਹੁੰਦਾ ਜਾ ਰਿਹਾ ਹੈ। ਪੰਜਾਬ ਦੇ ਅੰਦਰ ਮੋਨੇ ਅਤੇ ਪੰਜਾਬ ਤੋਂ ਬਾਹਰ ਕੇਸਾਧਾਰੀ ਪੰਜਾਬੀ ਕਤਲ ਕੀਤੇ ਜਾਣ ਦੇ ਬਾਵਜੂਦ ਵੀ ਪੰਜਾਬ ਦੀ ਧਰਤੀ 'ਤੇ ਜਨਤਕ ਹਿੰਸਾ ਨਹੀਂ ਫੈਲੀ। ਪੰਜਾਬੀਅਤ ਦਾ ਸਬਰ ਸ਼ਲਾਘਾਯੋਗ ਹੈ। ਪਰ ਬਾਦਲ-ਟੌਹੜਾ ਨੇ ਪੰਜਾਬੀਅਤ ਦੇ ਇਸ ਨਰੋਏ ਸੁਭਾਅ ਦੇ ਹੱਕ ਵਿਚ ਖੜ੍ਹਨ ਦਾ ਯਤਨ ਤਾਂ ਕੀ ਕਰਨਾ ਸੀ, ਸਗੋਂ ਇਸ ਨਰੋਏ ਰੁਝਾਨ ਦੇ ਕਾਤਲਾਂ ਦੀ ਹੌਂਸਲਾ-ਅਫਜ਼ਾਈ ਕਰਨ ਦਾ ਢੰਗ ਨਾਲ ਵਿਚਰਦੇ ਰਹੇ।

ਸਥਾਪਿਤ ਰਾਜ ਪ੍ਰਬੰਧ ਵਿਚ ਲੋਕਾਂ ਨਾਲ ਲਗਾਤਾਰ ਹੁੰਦੇ ਅਨਿਆਂ ਨੂੰ ਕੁਝ ਲੋਕਾਂ ਵੱਲੋਂ, ਪੰਜਾਬ ਵਿਚ ਸਿੱਖਾਂ ਨਾਲ ਹੁੰਦੇ ਧੱਕੇ ਦਾ ਨਾਂ ਦੇ ਕੇ ਪੰਜਾਬ ਦੇ ਨੌਜਵਾਨਾਂ (ਵਿਸ਼ੇਸ਼ ਕਰਕੇ ਸਿੱਖਾਂ) ਨੂੰ ਵੱਖਰਾ ਰਾਜ ਕਾਇਮ ਕਰਨ ਲਈ ਪ੍ਰੇਰਿਆ ਗਿਆ। ਭਾਰਤ ਸਰਕਾਰ ਵਲੋਂ ਆਪਣੀ ਗੱਦੀ ਕਾਇਮ ਰੱਖਣ ਦੀ ਲਾਲਸਾ ਅਧੀਨ ਇਸ ਅਤਿ ਦੀ ਗੰਭੀਰ ਸਥਿਤੀ ਵਿਚ ਵੀ ਨੌਜਵਾਨਾਂ ਨੂੰ ਮੋੜਨ ਦਾ ਠੋਸ ਰਵੱਈਆ ਅਖਤਿਆਰ ਕਰਨ ਦੀ ਬਜਾਏ ਆਪਣੀ ਸਰਕਾਰ ਨੂੰ ਕਾਇਮ ਰੱਖਣ ਦੇ ਲਈ ਕੰਮ-ਚਲਾਊ ਢੰਗ ਤਰੀਕੇ ਹੀ ਵਰਤੇ ਗਏ। ਬਾਦਲ-ਟੌਹੜਾ ਨੇ ਵੀ ਉਨ੍ਹਾਂ ਨੌਜਵਾਨਾਂ ਨੂੰ ਆਪਣੀ ਗੱਦੀ ਲਈ ਸ਼ਤਰੰਜ ਦੇ ਮੋਹਰੇ ਬਣਾ ਕੇ ਹੀ ਮੌਕਾਪ੍ਰਸਤ ਰਾਜਨੀਤਕ ਚਾਲਾਂ ਚਲੀਆਂ।

**ਜਸਬੀਰ ਸਿੰਘ ਸਵਾੜਾ (32 ਸਾਲ)**
**ਪਿੰਡ ਸਵਾੜਾ (ਜ਼ਿਲਾ ਰੋਪੜ)**

## ਅੱਗ ਨਾਲ ਖੇਡਣਾ ਠੀਕ ਨਹੀਂ

ਕੀ ਅੱਗ ਨਾਲ ਅੱਗ ਨੂੰ ਬੁਝਾਇਆ ਜਾ ਸਕਦਾ ਹੈ ? ਨਹੀਂ। ਨਾ ਹੀ ਇਹ ਜਾਇਜ਼ ਹੈ। ਜੇ ਮੁਜਰਿਮਾਨਾਂ ਕਾਰਵਾਈਆਂ ਰਾਹੀਂ ਸੱਤਾ ਹਥਿਆਉਣ ਦਾ ਇਹ ਰੁਝਾਨ ਜਾਰੀ ਰਹਿੰਦਾ ਹੈ ਤਾਂ ਇਕ ਦਿਨ ਸਾਡਾ ਵਿਨਾਸ਼ ਹੋ ਜਾਵੇਗਾ। ਕੇਵਲ ਫਿਰਕਾ, ਫਿਰਕੇ ਨਾਲ ਹੀ ਨਹੀਂ ਲੜੇਗਾ ਸਗੋਂ ਕਬੀਲਾ ਕਬੀਲੇ ਦੇ ਨਾਲ ਰਹਿਣ ਨੂੰ ਵੀ ਤਿਆਰ ਨਹੀਂ ਹੋਵੇਗਾ।

ਅਸੀਂ ਚਾਹੁੰਦੇ ਹਾਂ ਕਿ ਸੱਤਾ ਦਾ ਬਟਵਾਰਾ ਹੋਣਾ ਚਾਹੀਦਾ ਸੀ, ਨਹੀਂ ਹੋਇਆ। ਪਰ ਇਸ ਲਈ ਅੱਗ-ਬਗੂਲੇ ਹੋਣ ਦੀ ਕੀ ਲੋੜ ਹੈ ? ਟੌਹੜਾ ਨੇ ਜੋ ਸੰਕਟ ਪੈਦਾ ਕਰ ਦਿੱਤਾ ਹੈ ਉਸ ਕਾਰਨ ਆਰਥਿਕ ਮੰਗਾਂ ਦੀ ਪ੍ਰਾਪਤੀ ਤਾਂ ਦੂਰ ਰਹੀ, ਨਵੀਂ ਹਿੰਸਾ ਭੜਕ ਪਈ ਹੈ।

ਰਾਜਨੀਤੀ ਵਿਚ ਸੰਕਟ ਖੁਦ ਲੀਡਰਸ਼ਿਪ ਨੇ ਪੈਦਾ ਕੀਤਾ ਹੈ। ਪਰ ਇਸ ਦੇ ਨਤੀਜੇ ਸਭ ਨੂੰ ਭੁਗਤਣੇ ਪੈਣਗੇ।

**ਸੁਖਦੇਵ ਸਿੰਘ 'ਮਾਨ' (26)**
**ਪਿੰਡ ਮੌੜ ਕਲਾਂ (ਬਠਿੰਡਾ)**

* * * *

ਬਾਦਲ-ਟੌਹੜਾ ਨੇ ਸਮੁੱਚੇ ਪੰਜਾਬੀਆਂ (ਹਿੰਦੂ ਅਤੇ ਸਿੱਖਾਂ) ਦੀ ਮਾਨਸਿਕ ਅਵਸਥਾ ਸਮਝ ਕੇ, ਸਮੁੱਚੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਲੜਨ ਦੀ ਬਜਾਏ ਆਪਣੇ ਆਪ ਨੂੰ ਸਿੱਖਾਂ ਦੇ ਨਿੱਕੇ ਜਿਹੇ ਹਿੱਸੇ ਤੱਕ ਸੁੰਗੜਾ ਲਿਆ ਹੈ। ਕੇਂਦਰ ਦੀ ਸੱਤਾਵਾਦੀ ਹਕੂਮਤ ਦੇ ਖਿਲਾਫ ਪੰਜਾਬ ਦੀਆਂ ਸਮੁੱਚੀਆਂ ਪਾਰਟੀਆਂ ਅਤੇ ਜਨਤਾ ਨੂੰ ਲਾਮਬੰਦ ਕਰਨ ਦੀ ਬਜਾਏ ਆਪਣੀ ਹੀ ਪਾਰਟੀ ਅਕਾਲੀ ਦਲ ਵਿਚ ਵੀ ਫੁੱਟ ਪਾ ਦਿੱਤੀ ਹੈ। ਲੋਕਾਂ ਦੇ ਇਸ ਵਿਸ਼ਵਾਸ ਕਿ 'ਅਕਾਲੀ ਸਿਰਫ ਲੜ ਸਕਦੇ ਹਨ, ਮਿਲ ਕੇ ਰਾਜ ਨਹੀਂ ਕਰ ਸਕਦੇ' ਨੂੰ ਮਜ਼ਬੂਤ ਕੀਤਾ ਹੈ। ਕਾਂਗਰਸ ਪਾਰਟੀ ਦੀ ਇਹ ਚਾਲ ਕਿ 'ਸਿਰਫ ਕਾਂਗਰਸ ਪਾਰਟੀ ਹੀ ਦੇਸ਼ ਜਾਂ ਪੰਜਾਬ ਵਿਚ ਹਕੂਮਤ ਚਲਾ ਸਕਦੀ ਹੈ' ਨੂੰ ਸਮੂਰਤ ਬਣਾਉਣ ਲਈ ਆਧਾਰ ਤਿਆਰ ਕੀਤਾ ਹੈ। ਮਜ਼ਲੂਮ ਅਤੇ ਨਿਹੱਥੇ ਲੋਕਾਂ ਦੇ ਕਾਤਲਾਂ ਦੇ ਭੋਗ ਸਮਾਗਮਾਂ ਉਤੇ ਜਾ ਕੇ ਦਹਿਸ਼ਤਪਸੰਦਾਂ ਨੂੰ ਇਖਲਾਕੀ ਸ਼ਕਤੀ ਪ੍ਰਦਾਨ ਕੀਤੀ ਹੈ।

ਇਕ ਰਾਜਸੀ ਆਗੂ ਤੋਂ ਮੰਗ ਕੀਤੀ ਜਾਂਦੀ ਹੈ ਕਿ ਉਹ ਜਿਸ ਜਨਤਾ ਦੀ ਨੁਮਾਇੰਦਗੀ ਕਰਦਾ ਹੈ ਉਸਦੇ ਹਿਤਾਂ ਦੀ ਰਾਖੀ ਵੀ ਕਰੇ ਬਾਦਲ-ਟੌਹੜਾ ਪੰਜਾਬੀ ਅਤੇ ਖਾਸ ਕਰਕੇ ਸਿੱਖ ਜਨਤਾ ਦੇ ਹਿੱਤਾਂ ਦੀ ਰਾਖੀ ਕਰਨ ਵਿਚ ਨਾਕਾਮ ਹੀ ਨਹੀਂ ਸਗੋਂ ਇਨ੍ਹਾਂ ਦੇ ਵਿਰੁੱਧ ਭੁਗਤੇ ਹਨ ਉਹ ਬਰਨਾਲਾ ਹਕੂਮਤ ਦੇ ਮੁਕਾਬਲੇ ਕਿਸੇ ਪਾਸਿਉਂ ਵੀ ਠੋਸ ਬਦਲ ਪ੍ਰਦਾਨ ਕਰਨ ਦਾ ਭਰੋਸਾ ਨਹੀਂ ਦੇ ਸਕੇ। ਉਨ੍ਹਾਂ ਦਾ ਰੋਸ ਕੁਰਸੀ ਨਾਲੋਂ ਵਿਯੋਗੇ ਹੋਏ ਨੇਤਾਵਾਂ ਦਾ ਰੋਸ ਹੈ। ਉਨ੍ਹਾਂ ਵੱਲੋਂ ਚੁਣਿਆ ਰਾਹ ਉਨ੍ਹਾਂ ਦੀ ਵਿਅਕਤੀਗਤ ਹਉਮੈ ਨੂੰ ਤਾਂ ਸੰਤੁਸ਼ਟ ਕਰ ਸਕਦਾ ਹੈ ਪ੍ਰੰਤੂ ਇਹ ਆਮ ਪੰਜਾਬੀ ਜਨਤਾ ਲਈ ਮਾਰੂ ਸਾਬਤ ਹੋਵੇਗਾ।

**ਰੂਪ ਬਰਸਟ (26)**
**ਪਿੰਡ ਬਰਸਟ (ਪਟਿਆਲਾ)**

* * * *

ਅਸਲੀਅਤ ਇਹ ਹੈ ਕਿ ਟੌਹੜਾ-ਬਾਦਲ ਦਾ ਰਾਹ ਵੀ ਉਹੋ ਰਾਹ ਹੈ ਜਿਸ ਉਪਰੋਂ ਕਾਂਗਰਸ ਤੇ ਅਕਾਲੀ ਦਲ (ਲੌਂਗੋਵਾਲ) ਨੂੰ ਡੰਗ ਵੱਜੇ ਹਨ। ਉਹ ਰਾਹ ਹੈ, ਲੋਕਾਂ ਦੀਆਂ ਮੁਸ਼ਕਿਲਾਂ ਨੂੰ ਧਰਮ ਦੀ ਆੜ ਵਿਚ ਗਲਤ ਰੁਖ ਦੇਣ ਦਾ। ਰਾਜਨੀਤਕ ਸਿਧਾਂਤ ਇਹ ਸਿੱਧ ਕਰਦਾ ਹੈ ਕਿ ਉਹ ਦਿਨ ਦੂਰ ਨਹੀਂ ਜਦੋਂ ਬਾਦਲ-ਟੌਹੜਾ ਧੜੇ ਨੂੰ ਵੀ ਇਸ ਜ਼ਹਿਰੀਲੇ ਸੱਪ ਦਾ ਡੰਗ ਖਾਣਾ ਪਵੇਗਾ। ਸਿੱਖ ਜਾਂ ਹਿੰਦੂ ਜਾਂ ਆਮ ਲੋਕ ਅਤਿਵਾਦੀ ਨਹੀਂ ਹੁੰਦੇ ਤੇ ਨਾ ਹੀ ਹਨ। ਸਿਰਫ ਉਨ੍ਹਾਂ ਨੂੰ ਵਰਤਣ ਵਾਲੀਆਂ ਰਾਜ ਸ਼ਕਤੀਆਂ ਅਤਿਵਾਦੀ ਪੈਦਾ ਕਰਦੀਆਂ ਹਨ। ਇਹ ਸ਼ਕਤੀਆਂ ਦੇਸ਼ ਦੇ ਅੰਦਰ ਵੀ ਹਨ ਅਤੇ ਦੇਸ਼ ਦੇ ਬਾਹਰ ਵੀ।

ਸਿੱਖ ਹਿਰਦਿਆਂ ਨੂੰ ਜੋ ਸੱਟਾਂ ਲੱਗੀਆਂ ਹਨ, ਹਰ ਸੱਚੇ ਭਾਰਤੀ ਨੂੰ ਉਸ ਦਾ ਦੁਖ ਹੈ। ਹੁਣ ਇਨ੍ਹਾਂ ਜ਼ਖਮਾਂ ਨੂੰ ਮਲ੍ਹਮਾਂ ਲਾਉਣ ਵਾਲੇ ਆਪਣੇ ਤੇ ਬੇਗਾਨੇ ਗਲਤ ਦਵਾਈਆਂ ਵਰਤ ਰਹੇ ਹਨ। ਜਿਸ ਅੰਗ ਨੂੰ ਬਚਾਇਆ ਜਾ ਸਕਦਾ ਹੈ, ਉਸ ਦੀ ਚੀਰ ਫਾੜ ਚਾਕੂ ਛੁਰੀ ਰਾਹੀਂ ਕਰ ਕੇ ਬਾਕੀ ਸਰੀਰ ਨਾਲੋਂ ਅੱਡ ਕਰਨ ਵੱਲ ਵਧਿਆ ਜਾ ਰਿਹਾ ਹੈ, ਜੋ ਨਾ ਸਰੀਰ ਅਤੇ ਨਾ ਹੀ ਅੰਗ ਦੇ ਹੱਕ ਵਿਚ ਜਾਂਦਾ ਹੈ।

**ਡਾ. ਗੁਰਪ੍ਰੀਤ ਸਿੰਘ ਸਿੱਧਰਾ, ਮੁਹਾਲੀ।**

* * * *

ਹਾਲੀ ਤੱਕ ਬਰਨਾਲਾ ਸਰਕਾਰ ਭਾਵੇਂ ਆਪਣਾ ਕੋਈ ਵੀ ਚੋਣ ਵਚਨ ਪੂਰਾ ਨਹੀਂ ਕਰ ਸਕੀ। ਬਹੁਤੇ ਮੰਤਰੀ ਭਾਵੇਂ ਨਿੱਜੀ ਲਾਭ ਲਈ ਹੀ ਇਕੱਠੇ ਹਨ ਪਰ ਬਾਦਲ-ਟੌਹੜਾ ਦਾ 'ਬਰਨਾਲਾ-ਹਟਾਓ' ਇਕ ਸੂਤਰੀ ਪ੍ਰੋਗਰਾਮ ਪੰਜਾਬ ਨੂੰ ਕਿਸੇ ਕਿਨਾਰੇ ਲਗਾਉਂਦਾ ਨਹੀਂ ਲਗਦਾ। ਮੌਜੂਦਾ ਅਕਾਲੀ ਮੋਰਚਾ ਕਪੂਰੀ ਪਿੰਡ ਤੋਂ ਸਤਲੁਜ-ਯਮਨਾ ਲਿੰਕ ਨਹਿਰ ਨਾ ਪੁੱਟਣ ਲਈ ਆਰੰਭ ਹੋਇਆ ਸੀ। ਇਸੇ ਨਹਿਰ ਨੂੰ ਪੁੱਟਣ ਲਈ ਬਾਦਲ ਸਾਹਿਬ ਆਪਣੇ ਮੁੱਖ ਮੰਤਰੀ ਦੇ ਕਾਰਜ ਕਾਲ ਸਮੇਂ ਪ੍ਰਵਾਨਗੀ ਦੇ ਚੁੱਕੇ ਸਨ। ਇਸੇ ਨਹਿਰ ਨੂੰ ਹੁਣ ਮੁੱਖ ਮੰਤਰੀ ਬਰਨਾਲਾ ਸਾਹਿਬ ਪੁਟਵਾ ਰਹੇ ਹਨ ਹਮਾਮ ਵਿਚ ਕੱਜਣ ਕਿਸ ਉਤੇ ਹੈ ?

ਪੰਜਾਬ ਦੀ ਸਮੱਸਿਆ ਦਾ ਹੱਲ ਸਾਨੂੰ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਦੀ ਅਪਣੱਤ ਵਿਚੋਂ ਪੰਜਾਬ ਦੀਆਂ ਯੋਗ ਮੰਗਾਂ ਨਾਲ ਇਕਸੁਰਤਾ ਵਿਚੋਂ ਅਤੇ ਕੇਂਦਰ ਦੀਆਂ ਵਧੀਕੀਆਂ ਵਿਰੁੱਧ ਸਾਂਝੇ ਸੰਘਰਸ਼ ਵਿਚੋਂ ਢੂੰਡਣਾ ਪਵੇਗਾ। ਬਾਦਲ-ਟੌਹੜਾ ਦਾ ਚੁਣਿਆ ਰਾਹ ਸਾਨੂੰ ਸੰਗਮ ਵੱਲ ਨਹੀਂ, ਸਗੋਂ ਤਿੱਖੇ ਵਿਰੋਧਾਂ ਵੱਲ ਲੈ ਕੇ ਜਾਂਦਾ ਹੈ।

**ਨਵਕਵਿਤਾ ਸਵੇਰ (23)**
**ਸਮਰਾਲਾ — 141114**

# ਇਹੋ ਰਾਹ ਨਿਆਂ ਦਾ ਹੈ

ਗੁਰੂ ਗ੍ਰੰਥ ਸਾਹਿਬ ਦੀ ਇਕ ਤੁਕ ਹੈ, "ਸਚੈ ਮਾਰਗ ਚਲਦਿਆਂ ਉਸਤੁਤ ਕਰੇ ਜਹਾਨ ।" ਉਹ ਸਮਾਂ ਦੂਰ ਨਹੀਂ ਜਦੋਂ ਪੂਰਾ ਸਿੱਖ ਪੰਥ ਬਾਦਲ-ਟੌਹੜਾ ਦੇ ਰਾਹ ਦੀ ਉਸਤਤ ਕਰੇਗਾ ।

**ਨਰਿੰਦਰ ਸਿੰਘ ਸਿੱਧੂ (19 ਸਾਲ)**
**ਪਿੰਡ ਮਨਸੂਰਪੁਰ (ਜਲੰਧਰ)**

* * * *

ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਵਾਲੇ ਨੂੰ ਕੋਈ ਵੀ ਸਿੱਖ ਮੁਆਫ ਨਹੀਂ ਕਰ ਸਕਦਾ। ਭਲਾਂ ਬਾਦਲ-ਟੌਹੜਾ ਅਜਿਹਾ ਕਿਵੇਂ ਕਰ ਸਕਦੇ ਸਨ ?

**ਲਖਬੀਰ ਸਿੰਘ (20)**
**ਪਿੰਡ ਕੱਖਾਂਵਾਲੀ (ਫਰੀਦਕੋਟ)**

* * * *

ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਾਉਣ, ਪੰਜਾਬ ਦਾ ਦਰਿਆਈ ਪਾਣੀ ਹੋਰਨਾਂ ਰਾਜਾਂ ਵਿਚ ਜਾਣ ਤੋਂ ਰੋਕਣ ਅਤੇ ਗੁਰਧਾਮਾਂ ਦੀ ਪਵਿੱਤਰਤਾ ਦੀ ਰਾਖੀ ਲਈ ਸੰਘਰਸ਼ ਦਾ ਰਾਹ ਗਲਤ ਕਿਵੇਂ ਕਿਹਾ ਜਾ ਸਕਦਾ ਹੈ ?

**ਹਰਿੰਦਰਪਾਲ ਸਿੰਘ (16)**
**ਥਰਮਲ ਕਾਲੋਨੀ, ਬਠਿੰਡਾ)**

* * * *

ਬਾਦਲ ਸਾਹਿਬ ਨਿਹਾਇਤ ਸ਼ਰੀਫ ਇਨਸਾਨ ਹਨ ਜਦੋਂ ਕਿ ਟੌਹੜਾ ਸਾਹਿਬ ਚੋਟੀ ਦੇ ਸਿਆਸਤਦਾਨ। ਬਾਦਲ ਸਾਹਿਬ ਦਾ ਰਾਹ ਤਾਂ ਠੀਕ ਹੈ, ਪਰ ਟੌਹੜਾ ਸਾਹਿਬ ਤਾਂ ਤਕੜਾ ਪਾਸਾ ਵੇਖ ਕੇ ਪਲਟਾ ਖਾਣਾ ਜਾਣਦੇ ਹਨ ।

**ਗੁਰਵਿੰਦਰ ਸਿੰਘ (20)**
**ਪਟਿਆਲਾ ।**

* * * *

ਬਾਦਲ ਤੇ ਟੌਹੜਾ ਨੂੰ ਪਾਸੇ ਕਰਕੇ ਕੇਂਦਰ ਬਰਨਾਲਾ ਦੇ ਮੋਢੇ ਤੋਂ ਬੰਦੂਕ ਚਲਾ ਗਿਆ । ਬਾਦਲ ਸਾਹਿਬ ਦੀ ਸ਼ਖਸੀਅਤ ਤੋਂ ਕੇਂਦਰ ਯਰਕਦਾ ਸੀ। ਉਹ ਅੱਜ ਵੀ ਪੰਜਾਬ ਦੀ ਕਿਰਸਾਣੀ ਦੇ ਆਗੂ ਹਨ। ਲੋਕ ਕਹਿੰਦੇ ਸੁਣੇ ਨੇ "ਜੇ ਅੱਜ ਬਾਦਲ ਮੁੱਖ ਮੰਤਰੀ ਹੁੰਦਾ ਤਾਂ ਵਪਾਰੀ ਨਰਮਾ ਤਿੰਨ ਸੌ ਰੁਪਏ ਕੁਇੰਟਲ ਨਾ ਚੁੱਕਦਾ ।"

**ਜਗਰੂਪ ਸਿੰਘ ਦਾਤੇਵਾਸ (30)**
**ਪਟਿਆਲਾ ।**

* * * *

ਸੂਝਵਾਨ ਲੀਡਰ ਉਹੀ ਹੁੰਦੇ ਹਨ ਜੋ ਸਮੇਂ ਦੀ ਨਬਜ਼ ਪਕੜ ਸਕਦੇ ਹਨ। ਬਾਦਲ ਤੇ ਟੌਹੜਾ ਅੱਜ ਪੰਜਾਬ ਦੇ ਸਿੱਖਾਂ ਦੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕਰ ਰਹੇ ਹਨ ।

**ਹਰਜਿੰਦਰ ਸਿੰਘ (27)**
**ਚੰਡੀਗੜ੍ਹ ।**

* * * *

ਬਾਦਲ ਦਾ ਰਸਤਾ ਤਾਂ ਸਮੇਂ ਦੀ ਲੋੜ ਮੁਤਾਬਿਕ ਨਹੀਂ ਹੈ, ਪਰ ਟੌਹੜਾ ਸਾਹਿਬ ਬਾਰੇ ਕੁਝ ਕਹਿਣਾ ਮੁਨਾਸਿਬ ਨਹੀਂ । ਉਹ ਤਾਂ ਹਮੇਸ਼ਾਂ ਝੁਕਦੇ ਪਲੜੇ ਦੇ ਨਾਲ ਰਹੇ ਹਨ ।

**ਰਾਜ ਦੇਵਿੰਦਰ ਸਿੰਘ ਸਿੱਧੂ (23)**
**ਮਾਨਸਾ ।**

* * * *

ਜੇਕਰ ਦੋਹਾਂ ਆਗੂਆਂ ਨੇ ਬਰਨਾਲਾ ਸਾਹਿਬ ਦੇ ਅਸਤੀਫੇ ਦੀ ਮੰਗ ਕੀਤੀ ਤਾਂ ਇਸ ਦਾ ਮਕਸਦ ਵਿਧਾਇਕਾਂ ਦੀਆਂ ਭਾਵਨਾਵਾਂ ਦੀ ਕਦਰ ਵਧਾਉਣਾ ਸੀ । ਜੇ ਕਰ ਦੋਵੇਂ ਨੇਤਾ ਖਾੜਕੂ ਜਥੇਬੰਦੀਆਂ ਨਾਲ ਗੱਲਬਾਤ 'ਤੇ ਜ਼ੋਰ ਦੇ ਰਹੇ ਹਨ ਤਾਂ ਦੋਹਾਂ ਦਾ ਮਨੋਰਥ ਪੰਜਾਬ ਨੂੰ ਹੋਰ ਖੂਨਖਰਾਬੇ ਤੋਂ ਬਚਾਉਣਾ ਹੈ ਕਿਉਂਕਿ ਦੋਵੇਂ ਆਗੂ ਜਾਣਦੇ ਹਨ ਕਿ ਰਿਬੇਰੋ ਜਾਂ ਰਿਬੇਰੋ-ਵਿਰੋਧੀਆਂ ਦੀਆਂ ਗੋਲੀਆਂ ਨਾਲ ਪੰਜਾਬ ਮਸਲਾ ਹੱਲ ਨਹੀਂ ਹੋਣ ਵਾਲਾ ।

**ਅਰਸ਼ਦ ਮਹਿਮੂਦ 'ਨੰਦਨ' (22)**
**ਮਲੇਰਕੋਟਲਾ ।**

* * * *

ਕੇਂਦਰ ਸਰਕਾਰ ਦੀਆਂ ਮੌਕਾਪ੍ਰਸਤ ਨੀਤੀਆਂ ਤੋਂ ਅੱਕ ਕੇ ਸਮੁੱਚੀ ਸਿੱਖ ਸੋਚ ਕੌਮੀ ਮੁਖ ਧਾਰਾ ਨਾਲੋਂ ਟੁੱਟ ਜਾਂਦੀ। ਪਰ ਬਾਦਲ-ਟੌਹੜਾ ਨੇ ਸਰਕਾਰ ਦੇ ਵਿਰੁੱਧ ਆਵਾਜ਼ ਉਠਾ ਕੇ ਸਿੱਖਾਂ ਨੂੰ ਮੁਖ ਧਾਰਾ ਨਾਲੋਂ ਟੁਟਣੋਂ ਬਚਾ ਲਿਆ । ਸਿੱਖਾਂ ਦੇ ਗੁੱਸੇ ਨੂੰ ਆਹਿਸਤਾ-ਆਹਿਸਤਾ ਘਟਾਉਣ ਲਈ ਇਸ ਧੜੇ ਨੇ "ਸੇਫਟੀ ਵਾਲਵ" ਦਾ ਕੰਮ ਕੀਤਾ ਅਤੇ ਇਸੇ ਤਰ੍ਹਾਂ ਖਾੜਕੂ ਨੀਤੀਆਂ ਵੱਲ ਵਧਦੇ ਝੁਕਾਅ ਨੂੰ ਠਲ੍ਹ ਪਾਈ ।

**ਜਸਮਿੰਦਰ ਸਿੰਘ ਐਡਵੋਕੇਟ (30)**
**ਪਟਿਆਲਾ ।**

* * * *

ਬਾਦਲ-ਟੌਹੜਾ ਦਾ ਰਾਹ ਇਸ ਲਈ ਵੀ ਸਹੀ ਹੈ ਕਿ ਉਨ੍ਹਾਂ ਕਾਰਨ ਹੀ ਪੰਜਾਬ ਵਿਚ ਸਿੱਖਾਂ ਦੀ ਸਰਕਾਰ ਟਿਕੀ ਹੋਈ ਹੈ। ਕੇਂਦਰ ਨੂੰ ਪਤਾ ਹੈ ਕਿ ਜੇਕਰ ਸਰਕਾਰ ਬਾਦਲ-ਟੌਹੜਾ ਦੇ ਹੱਥ ਆ ਗਈ ਤਾਂ ਉਹ ਬਰਨਾਲਾ ਵਾਂਗ ਕਠਪੁਤਲੀ ਨਹੀਂ ਬਣਨਗੇ। ਇਸੇ ਲਈ ਉਹ ਬਰਨਾਲਾ ਸਾਹਿਬ ਦੀ ਗੱਦੀ ਨੂੰ ਛੇੜਛਾੜ ਨਹੀਂ ਕਰ ਰਿਹਾ।

**ਕੁਲਦੀਪ ਸਿੰਘ (33)**
**ਪਿੰਡ ਉਗਾਣੀ (ਜ਼ਿਲਾ ਪਟਿਆਲਾ)**

* * * *

* * * *

ਕੇਂਦਰ ਸਰਕਾਰ ਅਤੇ ਖਾੜਕੂ ਜਥੇਬੰਦੀਆਂ ਨੂੰ ਇਕ ਮੰਚ 'ਤੇ ਲਿਆਉਣਾ ਬੇਹੱਦ ਮੁਸ਼ਕਲ ਕੰਮ ਹੈ। ਜੇਕਰ ਕੇਂਦਰ ਸਰਕਾਰ, ਖਾੜਕੂ ਜਥੇਬੰਦੀਆਂ ਅਤੇ ਬਾਦਲ-ਟੌਹੜਾ ਇਮਾਨਦਾਰੀ ਨਾਲ ਕੋਸ਼ਿਸ਼ਾਂ ਕਰਨ ਅਤੇ ਪੰਜਾਬ ਸਰਕਾਰ ਪੂਰਾ ਸਹਿਯੋਗ ਦੇਵੇ ਤਾਂ ਇਹ ਕੰਮ ਆਸਾਨੀ ਨਾਲ ਹੋ ਸਕਦਾ ਹੈ ਅਤੇ ਇਸ ਤਰ੍ਹਾਂ ਬਾਦਲ-ਟੌਹੜਾ ਦਾ ਚੁਣਿਆ ਰਾਹ ਪੰਜਾਬ ਨੂੰ ਸ਼ਾਂਤੀ ਅਤੇ ਖੁਸ਼ਹਾਲੀ ਦੇ ਰਾਹ 'ਤੇ ਪਹੁੰਚਾ ਸਕਦਾ ਹੈ ।

**ਮੁਹਿੰਦਰ ਸਿੰਘ ਹੀਰ (24)**
**ਚੰਡੀਗੜ੍ਹ — 160014**

ਜੇਕਰ ਬਾਦਲ-ਟੌਹੜਾ ਬਰਨਾਲਾ ਅਕਾਲੀ ਦਲ ਤੋਂ ਵੱਖ ਨਾ ਹੁੰਦੇ ਤਾਂ ਸਿੱਖਾਂ ਦਾ ਇਕ ਵੱਡਾ ਹਿਸਾ ਖਾੜਕੂ ਰਾਹ 'ਤੇ ਤੁਰ ਪੈਣਾ ਸੀ ਕਿਉਂਕਿ ਇਸ ਵਰਗ ਨੂੰ ਜਾਪਣਾ ਸੀ ਕਿ ਨੇਤਾ ਲੋਕਾਂ ਲਈ ਸਿੱਖਾਂ ਦੇ ਜਜ਼ਬਾਤ ਦੀ ਕੋਈ ਕਦਰ ਨਹੀਂ ।

**ਗੁਰਬਖਸ਼ ਸਿੰਘ ਭੰਗੂ (19)**
**ਪਿੰਡ ਮੰਡੋਲੀ (ਜ਼ਿਲਾ ਪਟਿਆਲਾ)**
**ਕੰਵਲਜੀਤ ਸਿੰਘ ਮਾਂਗਟ (20)**
**ਲੁਧਿਆਣਾ ।**

* * * *

**ਬਰਨਾਲਾ ਸਾਹਿਬ ਦੇ ਕੇਂਦਰ-ਪੱਖੀ ਰਵੱਈਏ ਕਾਰਨ ਦਿਨ ਪ੍ਰਤੀ ਦਿਨ ਪੰਥ ਨੂੰ ਢਾਹ ਲੱਗਦੀ ਜਾ ਰਹੀ ਹੈ। ਕੇਂਦਰ ਦੀਆਂ ਸਿੱਖ ਮਾਰੂ ਨੀਤੀਆਂ, ਝੂਠੇ ਪੁਲਿਸ ਮੁਕਾਬਲਿਆਂ ਵਿਚ ਨੌਜਵਾਨਾਂ ਦੇ ਕਤਲਾਂ ਅਤੇ ਗੁਰਦੁਆਰਿਆਂ ਵਿਚ ਪੁਲੀਸ ਦਾਖਲੇ ਨੇ ਪੰਥ ਪ੍ਰੇਮੀਆਂ ਨੂੰ ਹਲੂਣ ਕੇ ਰੱਖ ਦਿੱਤਾ ਹੈ। ਜੋਧਪੁਰ ਜੇਲ੍ਹ ਵਿਚ ਨਜ਼ਰਬੰਦ ਸਿੱਖਾਂ ਦੀ ਰਿਹਾਈ ਤੇ ਧਰਮੀ ਫੌਜੀਆਂ ਦੀ ਬਹਾਲੀ ਕਰਵਾਉਣੀ ਤਾਂ ਇਕ ਪਾਸੇ, ਕੌਮ ਦੇ ਹੀਰੇ ਸਿਮਰਨਜੀਤ ਸਿੰਘ ਮਾਨ ਨੂੰ ਰਾਜ ਸਭਾ ਚੋਣ ਵਿਚ ਹਰਾ ਕੇ ਬਰਨਾਲਾ ਸਰਕਾਰ ਨੇ ਪੰਥ ਨੂੰ ਨਾਕਾਬਲੇ-ਬਰਦਾਸ਼ਤ ਨੁਕਸਾਨ ਪਹੁੰਚਾਇਆ। ... ਪੰਥ ਦੀ ਪਤ ਤੇ ਸਿੱਖ ਦੀ ਪੱਗ ਨੂੰ ਬਚਾਉਣ ਦਾ ਸਵਾਲ ਸਰਕਾਰ ਚਲਾਉਣ ਨਾਲੋਂ ਵਧੇਰੇ ਅਹਿਮੀਅਤ ਰੱਖਦਾ ਹੈ। ਨੌਜਵਾਨਾਂ ਦੇ ਨੱਥ ਪਾਉਣ ਲਈ ਮਨੋਵਿਗਿਆਨਕ ਢੰਗਾਂ ਦੀ ਵਰਤੋਂ ਹੋਣੀ ਚਾਹੀਦੀ ਹੈ। ਉਨ੍ਹਾਂ ਨੂੰ ਅਮਨ-ਪਸੰਦ ਨਾਗਰਿਕ ਬਣਾਉਣ ਦੀ ਯੋਗਤਾ ਤੇ ਸਿੱਖਾਂ ਦਾ ਭਾਰਤ ਵਿਚ ਸਤਿਕਾਰ ਬਹਾਲ ਕਰਾਉਣ ਦੀ ਹਿੰਮਤ ਸਿਰਫ ਬਾਦਲ-ਟੌਹੜਾ ਵਿਚ ਹੀ ਹੈ।**

**ਬੀਬੀ ਵਿਨੋਦ ਚੱਢਾ (40)**
**(ਜਲੰਧਰ)**

* * * *

**ਕੁਰਸੀ ਵਾਲਾ ਸੌਖਾ ਤੇ ਸਰਲ ਰਾਹ ਛੱਡ ਕੇ ਬਾਦਲ-ਟੌਹੜਾ ਨੇ ਅੱਜ ਇਕ ਔਖਾ ਤੇ ਪੰਜਾਬ ਨੂੰ ਇਨਸਾਫ ਦਿਵਾਉਣ ਵਾਲਾ ਰਾਹ ਚੁਣਿਆ ਹੈ।**

**ਤੇਜਿੰਦਰ ਸਿੰਘ (35)**
**ਕਲਕੱਤਾ ।**

# ਅੱਧ-ਪਚੱਧ ਠੀਕ ਹੈ

ਇਹ ਸਹੀ ਹੈ ਕਿ ਬਾਦਲ-ਟੌਹੜਾ ਦੇ ਮਨਾਂ ਵਿਚ ਸਿੱਖੀ ਪ੍ਰਤੀ ਪਿਆਰ ਹੈ, ਪਰ ਇਹ ਮੁਕੰਮਲ ਤੌਰ 'ਤੇ ਸਿਧਾਂਤਵਾਦੀ ਨਹੀਂ। ਉਹ ਕੁਰਸੀ ਦੀ ਲਾਲਸਾ ਆਪਣੇ ਮਨੋਂ ਨਹੀਂ ਕੱਢ ਸਕੇ ਅਤੇ ਨਾ ਹੀ ਪੰਜਾਬੀਆਂ ਦੀਆਂ ਹੱਕੀ ਮੰਗਾਂ ਦੀ ਖਾਤਰ ਜਾਂ ਨਿਰਦੋਸ਼ਾਂ ਦੀਆਂ ਹਤਿਆਵਾਂ ਵਿਰੁੱਧ ਆਪਣੀ ਆਵਾਜ਼ ਜ਼ੋਰਦਾਰ ਢੰਗ ਨਾਲ ਬੁਲੰਦ ਕਰ ਸਕੇ ਹਨ। ਕੁੱਲ ਮਿਲਾ ਕੇ ਉਨ੍ਹਾਂ ਦਾ ਰਾਹ ਅੱਧ-ਪਚੱਧਾ ਠੀਕ ਹੈ ।

**ਅਮਰਜੀਤ ਸਿੰਘ ਢਿੱਲੋਂ (32), ਦਬੜੀਖਾਨਾ (ਫਰੀਦਕੋਟ)**
**ਨੂਰ ਸੰਤੋਖਪੁਰੀ (27), ਜਲੰਧਰ**

* * * *

**ਦਰਅਸਲ ਤੁਸੀਂ ਆਪਣੇ ਵਿਸ਼ੇ ਕਬੂਤਰ ਤੇ ਲੂੰਬੜ ਦਾ ਮੇਲ ਕਰ ਦਿੱਤਾ। ਚੰਗਾ ਇਹੀ ਹੁੰਦਾ ਕਿ ਜੇਕਰ ਦੋਹਾਂ ਵਿਚੋਂ ਕਿਸੇ ਇਕ ਦੇ ਰਾਹ ਬਾਰੇ ਪੁਛਿਆ ਜਾਂਦਾ।**

**ਜਸਵੀਰ ਸੀਰਾ (22), ਭਾਵਾਨਪੁਰਾ (ਬਠਿੰਡਾ)**

* * * *

**ਇਸ ਵਿਚ ਹੁਣ ਕੋਈ ਸ਼ੱਕ ਨਹੀਂ ਰਿਹਾ ਕਿ ਪੰਜਾਬ ਸਮਝੌਤਾ ਬੇਅਸਰ ਤੇ ਬਾਸੀ ਹੋ ਗਿਆ ਹੈ। ਹੁਣ ਲੋੜ ਹੈ ਨਵੇਂ ਸਮਝੌਤੇ ਦੀ ਅਤੇ ਕਾਂਗਰਸ (ਆਈ) ਨੂੰ ਛੱਡ ਕੇ ਹੋਰ ਸਾਰੀਆਂ ਪਾਰਟੀਆਂ ਅਜਿਹੇ ਸਮਝੌਤੇ ਲਈ ਸਭਨਾਂ ਧਿਰਾਂ ਦੀ ਗੋਲਮੇਜ਼ ਕਾਨਫਰੰਸ ਦੇ ਹੱਕ ਵਿਚ ਹਨ।**

**ਸੁੰਦਰ ਸਿੰਘ ਗਿਆਨੀ (53)**
**ਦਿਆਲਪੁਰਾ (ਪਟਿਆਲਾ)**

* * * *

ਹਕੀਕਤ ਤਾਂ ਇਹ ਹੈ ਕਿ ਇਸ ਵੇਲੇ ਮਸਲਾ ਸੋਚ ਨੂੰ ਬਦਲਣ ਦਾ ਹੈ। ਸਿੱਖਾਂ ਨੂੰ ਚੰਡੀਗੜ੍ਹ ਜਾਂ ਦਰਿਆਈ ਪਾਣੀਆਂ ਵੱਲ ਘੜੀਸਣ ਦੀ ਬਜਾਏ ਉਨ੍ਹਾਂ ਵਿਚ ਇਹ ਅਹਿਸਾਸ ਪੱਕਾ ਕੀਤਾ ਜਾਣਾ ਚਾਹੀਦਾ ਹੈ ਕਿ ਇਹ ਮੁਲਕ ਉਨ੍ਹਾਂ ਦਾ ਹੀ ਹੈ ।

**ਜਗਦੀਪ ਸਿੰਘ ਕੈਲੇ (24), ਖੋਜੇ ਮਾਜਰਾ (ਪਟਿਆਲਾ)**

* * * *

ਮੇਰਾ ਖਿਆਲ ਹੈ ਕਿ ਬਾਦਲ, ਟੌਹੜਾ ਤੇ ਬਰਨਾਲਾ ਕਿਸੇ ਵੀ ਧਰਮ ਨੂੰ ਨਹੀਂ ਮੰਨਦੇ ਅਤੇ ਨਾ ਹੀ ਉਨ੍ਹਾਂ ਵਿਚ ਸੱਚੀ ਗੱਲ ਕਹਿਣ ਦੀ ਤਾਕਤ ਹੈ ।

**ਕਾਕਾ ਕੁਲਜੀਤ ਸਿੰਘ (30)**
**ਪਿੰਡ ਮਾਜਰੀ (ਜ਼ਿਲਾ ਲੁਧਿਆਣਾ) ।**

* * * *

ਅੱਜ ਪੰਜਾਬ ਦੀ ਸਥਿਤੀ ਦਾ ਸਭ ਤੋਂ ਖਤਰਨਾਕ ਪਹਿਲੂ ਇਹ ਹੈ ਕਿ ਸਿੱਖ ਕੌਮ ਦੇ ਜੁਝਾਰੂ ਲੋਕਾਂ ਨੇ ਕੁਰਬਾਨੀਆਂ ਕੀਤੀਆਂ, ਪਰ ਸ਼ਾਸਨ ਦੇ ਮਾਲਕ ਬਣ ਬੈਠੇ ਸਿੱਖ ਇਤਿਹਾਸ ਤੋਂ ਨਾਵਾਕਫ ਲੋਕ। ਜਿੰਨਾ ਚਿਰ ਤਕ ਇਹ ਦਰੁਸਤੀ ਨਹੀਂ ਹੁੰਦੀ, ਉਨਾ ਚਿਰ ਤਕ ਕਿਸੇ ਦੇ ਵੱਸ ਦੀ ਗੱਲ ਨਹੀਂ ਕਿ ਹਾਲਾਤ ਠੀਕ ਹੋਣ ।

**ਗੁਲਜ਼ਾਰ ਸਿੰਘ (32)**
**ਪ੍ਰਧਾਨ ਗੁਰਮਤਿ ਪ੍ਰਚਾਰ ਕਮੇਟੀ ਖਰੜ ।**

# ਇਹ ਰਾਹ ਕੁਰਸੀ ਦਾ ਹੈ ....

.... ਬਾਦਲ ਸਾਹਿਬ ਦੇ ਮਨੋਰਥ ਦਾ ਪਤਾ ਉਨ੍ਹਾਂ ਵਲੋਂ ਇਸ ਗੱਲ 'ਤੇ ਵਾਰ-ਵਾਰ ਜ਼ੋਰ ਪਾਏ ਜਾਣ ਤੋਂ ਹੀ ਲੱਗ ਜਾਂਦਾ ਹੈ ਕਿ ਸ. ਬਰਨਾਲਾ ਮੁੱਖ ਮੰਤਰੀ ਤੇ ਦਲ ਦੇ ਪ੍ਰਧਾਨ ਦੇ ਦੋਵੇਂ ਅਹੁਦੇ ਤਿਆਗਣ ।

**ਕੁਲਵੰਤ ਸਿੰਘ ਨਿਰਗੁਣ (26), ਚੰਡੀਗੜ੍ਹ ।**

* * * *

... ਮੇਰੀ ਸ. ਬਾਦਲ ਤੇ ਸ. ਟੌਹੜਾ ਨੂੰ ਬੇਨਤੀ ਹੈ ਕਿ ਉਹ ਆਪਣੀਆਂ ਕੁਰਸੀਆਂ ਖਾਤਰ ਪੰਜਾਬ ਨੂੰ ਤਬਾਹ ਨਾ ਕਰਨ। ਪੰਜਾਬ ਦੇ ਸੀਨੇ ਲੱਗੇ ਜ਼ਖਮ ਅਜੇ ਅੱਲੇ ਹਨ, ਉਹ ਉਨ੍ਹਾਂ 'ਤੇ ਮਲ੍ਹਮ ਲਾਉਣ; ਲੂਣ ਨਾ ਛਿੜਕਣ ।

**ਪਰਮਜੀਤ ਜਖਮੀ (16), ਤਹਿ. ਮੁਕਤਸਰ (ਫਰੀਦਕੋਟ)**

* * * *

**ਬਾਦਲ-ਟੌਹੜਾ ਜਿਸ ਰਾਹ 'ਤੇ ਚੱਲ ਰਹੇ ਹਨ, ਉਨ੍ਹਾਂ ਨੂੰ ਉਸ ਰਾਹੀਂ ਕੁਰਸੀ ਤੇ ਮਿਲ ਸਕਦੀ ਹੈ, ਪੰਜਾਬ ਦੀ ਖੁਸ਼ਹਾਲੀ ਨਹੀਂ।**

**ਅਸ਼ਵਨੀ ਕੁਮਾਰ ਸ਼ਰਮਾ (26), ਗੁਰਦਾਸਪੁਰ**

* * * *

ਦੋਵੇਂ ਨੇਤਾ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡ ਰਹੇ ਹਨ। ਸਿੱਖਾਂ 'ਤੇ ਜ਼ਿਆਦਤੀਆਂ ਗੱਲਾਂ ਰਾਹੀਂ ਉਹ ਆਮ ਸਿੱਖਾਂ ਦੀ ਹਮਾਇਤ ਹਾਸਲ ਕਰ ਰਹੇ ਹਨ ਅਤੇ ਸ: ਬਰਨਾਲਾ 'ਤੇ ਸਿੱਖ-ਵਿਰੋਧੀ ਹੋਣ ਦੇ ਦੋਸ਼ ਲਾ ਕੇ ਉਨ੍ਹਾਂ ਨੂੰ ਪੰਥ ਦੀਆਂ ਨਜ਼ਰਾਂ ਵਿਚੋਂ ਡੇਗ ਵੀ ਰਹੇ ਹਨ। ਇਸ ਸਾਰੇ ਕਾਸੇ ਦਾ ਮਨੋਰਥ ਮੁੱਖ ਮੰਤਰੀ ਤੇ ਅਕਾਲੀ ਦਲ ਦੇ ਪ੍ਰਧਾਨ ਦੀਆਂ ਗੱਦੀਆਂ 'ਤੇ ਆਪ ਕਾਬਜ਼ ਹੋਣਾ ਹੈ ।

**ਪ੍ਰਕਾਸ਼ ਸਿੰਘ (32), ਪਿੰਡ ਰੰਗੀਆਂ (ਰੋਪੜ)**

* * * *

ਦੋਹਾਂ ਦਾ ਮੁਖ ਉਦੇਸ਼ ਸੱਤਾ ਪ੍ਰਾਪਤੀ ਦਾ ਹੀ ਹੈ। ਜੇਕਰ ਬਾਦਲ ਸਾਹਿਬ ਮੁੱਖ ਮੰਤਰੀ ਬਣ ਜਾਣ ਤਾਂ ਕੀ ਉਹ ਵਰਤਮਾਨ ਸਮੱਸਿਆਵਾਂ ਹੱਲ ਕਰ ਲੈਣਗੇ ? ਹਰਗਿਜ਼ ਨਹੀਂ ਕਿਉਂਕਿ ਸੂਬਾਈ ਸਮੱਸਿਆਵਾਂ ਲੋਕ-ਪੱਖੀ ਸਰਕਾਰਾਂ ਹੀ ਹੱਲ ਕਰ ਸਕਦੀਆਂ ਹਨ, ਕੁਰਸੀ ਪੱਖੀ ਨਹੀਂ ।

**ਮੱਖਣ ਸਿੰਘ (30),**
**(ਲੇਖਕ ਦੀ ਬੇਨਤੀ 'ਤੇ ਪਿੰਡ ਦਾ ਨਾਂ ਗੁਪਤ ਰੱਖਿਆ ਜਾ ਰਿਹਾ ਹੈ)**

* * * *

ਬਾਦਲ-ਟੌਹੜਾ 'ਤੇ ਪੰਜਾਬੀ ਦੀ ਇਹ ਕਹਾਵਤ ਸਹੀ ਢੁੱਕਦੀ ਹੈ: "ਪੰਜ ਘੋੜੇ ਤੇ ਪੰਜਾਹ ਸਵਾਰ।" ਜਿਹੜੇ ਗੱਦੀ 'ਤੇ ਸਵਾਰ ਨਹੀਂ ਹੋ ਸਕੇ, ਉਹ ਵਿਰੋਧੀ ਬਣ ਗਏ ।

**ਗੁਰਮੀਤ (19), ਪੰਜ ਗਰਾਈਂ ਕਲਾਂ (ਫਰੀਦਕੋਟ)**

* * * *

ਜੇ ਬਰਨਾਲਾ ਅੱਜ ਕਹੇ ਕਿ ਮੰਤਰੀ ਸੀਟ 'ਤੇ ਆ ਜਾ ਤਾਂ ਬਾਦਲ ਅਜਿਹਾ ਕਰਨ ਵਿਚ ਝਟ ਵੀ ਨਹੀਂ ਲਾਏਗਾ ।

**ਬਿੱਕਰ ਸਿੰਘ (18), ਸੰਗਤ ਮੰਡੀ (ਸੰਗਰੂਰ)**

* * * *

ਨਾ ਇਲਜ਼ਾਮ ਦੇਵੋ ਕੋਈ ਬਿਜਲੀਆਂ ਨੂੰ, ਇਸ ਚਮਨ ਨੂੰ ਜਲਾਇਆ ਖੁਦ ਮਾਲੀਆਂ ਨੇ ।

**ਬੀਰਇੰਦਰ ਸਿੰਘ ਐਡਵੋਕੇਟ (28), ਚੰਡੀਗੜ੍ਹ ।**

# ਗੱਲ ਉਹ ਨਹੀਂ ਰਹੀ ....

ਬਾਦਲ ਸਾਹਿਬ ਵਲੋਂ ਅਕਾਲੀ ਦਲ ਨਾਲੋਂ ਵੱਖ ਹੋਣ ਨਾਲ ਹਿੰਦੂ-ਸਿੱਖਾਂ ਵਿਚ ਪਾੜਾ ਵਧਿਆ ਹੈ। ਹਿੰਦੂ ਬਾਦਲ ਸਾਹਿਬ ਨੂੰ ਸੱਚਾ-ਸੁੱਚਾ ਆਗੂ ਸਮਝਦੇ ਸਨ, ਪਰ ਉਨ੍ਹਾਂ ਵੱਲੋਂ ਅਪਣਾਏ ਰਾਹ ਕਾਰਨ ਹਿੰਦੂਆਂ ਵਿਚ ਆਮ ਸਿੱਖਾਂ ਬਾਰੇ ਵੀ ਹਾਲਤ ਧਾਰਨਾਵਾਂ ਨੂੰ ਹਵਾ ਮਿਲੀ ਹੈ।....

**ਪ੍ਰਕਾਸ਼ ਚੰਦ (31), ਫਰੀਦਕੋਟ ।**

* * * *

ਬਾਦਲ ਅਕਾਲੀ ਦਲ ਦੇ ਆਗੂਆਂ ਦੀ ਬੋਲੀ ਸੇਧਹੀਣ ਹੈ। ਇਸ ਦਲ ਦਾ ਹਰ ਆਗੂ ਵੱਖੋ-ਵੱਖਰੀਆਂ ਗੱਲਾਂ ਕਰਦਾ ਹੈ। ਕੋਈ ਕਾਤਲਾਂ ਦੀ ਪ੍ਰਸ਼ੰਸਾ ਕਰਦਾ ਫਿਰਦਾ ਹੈ ਅਤੇ ਕੋਈ ਵਿਰੋਧ ।

**ਰਣਜੀਤ ਸਿੰਘ ਲੁਧਿਆਣਵੀ (21), ਹਾਵੜਾ (ਪ: ਬੰਗਾਲ)**

* * * *

**ਜਥੇਦਾਰ ਜੀਵਨ ਸਿੰਘ ਉਮਰਾਨੰਗਲ ਨੇ ਗੁਰਦਾਸਪੁਰ ਵਿਚ ਇਕ ਜਲਸੇ ਨੂੰ ਸੰਬੋਧਨ ਕਰਦਿਆਂ ਟੌਹੜਾ ਸਾਹਿਬ ਨੂੰ ਇਹ ਸਵਾਲ ਸਹੀ ਹੀ ਕੀਤਾ ਸੀ :**

**ਤੂੰ ਇਧਰ ਕੀ ਬਾਤ ਕੋ ਨਾ ਕਰ,**
**ਯਿਹ ਬਤਾ ਕਿ ਕਾਫਲਾ ਕਿਉਂ ਲੁਟਾ ?**
**ਮੁਝੇ ਰਹਿਜਨੋ ਸੇ ਗਰਜ਼ ਨਹੀਂ,**
**ਤੇਰੀ ਰਹਿਬਰੀ ਕਾ ਸਵਾਲ ਹੈ ।**

**ਸੁਖਦਰਸ਼ਨ (22), ਪਿੰਡ ਧਰਮਕੋਟ (ਫਿਰੋਜ਼ਪੁਰ)**

* * * *

(ਬਾਕੀ ਪੰਨਾ ੩੨ 'ਤੇ)

(ਪੰਨਾ 21 ਦੀ ਬਾਕੀ)

... ਬਾਦਲ-ਟੌਹੜਾ ਖਾੜਕੂ ਸਿੱਖਾਂ ਦੀਆਂ ਜਾਨਾਂ ਖਤਰੇ ਵਿਚ ਪਾ ਕੇ ਆਪ ਖੁਲ੍ਹੀਆਂ ਹਵਾਵਾਂ ਮਾਣ ਰਹੇ ਹਨ ਜਦੋਂ ਕਿ ਦੂਜੇ ਪਾਸੇ ਸਾਡੇ ਬਹੁਤ ਸਾਰੇ ਨੌਜਵਾਨ ਵੀਰ ਜੇਲ੍ਹਾਂ ਵਿਚ ਰੁਲ ਰਹੇ ਹਨ। ਬਾਦਲ-ਟੌਹੜਾ ਦੀ ਵੀਰਤਾ ਦਾ ਪਤਾ ਤਦ ਲਗਦਾ, ਜੇਕਰ ਉਹ ਸਾਰੇ ਸਿਖ ਨਜ਼ਰਬੰਦਾਂ ਨੂੰ ਛੁਡਵਾ ਕੇ ਜੇਲ੍ਹਾਂ 'ਚੋਂ ਬਾਹਰ ਆਉਂਦੇ। ਪਰ ਉਨ੍ਹਾਂ ਦੀ ਗੱਲ ਇਹ ਹੈ: ਨਾਨੀ ਖਸਮ ਕਰੇ ਦੋਹਤਾ ਚੱਟੀ ਭਰੇ।

**ਕੁਲਦੀਪ ਸਿੰਘ ਸਿੱਧੂ (21) ਬਾਲਿਆਂਵਾਲੀ (ਜ਼ਿਲਾ ਬਠਿੰਡਾ)**

* * * *

ਬਾਦਲ-ਟੌਹੜਾ ਦਾ ਰਾਹ ਕਿਹੜਾ ਹੈ, ਇਸ ਦਾ ਜ਼ਿੰਦਾ-ਜਾਗਦਾ ਸਬੂਤ ਕੈਪਟਨ ਅਮਰਿੰਦਰ ਸਿੰਘ ਦਾ ਬਾਦਲ ਸਾਹਿਬ ਨੂੰ ਲਿਖਿਆ ਖਤ ਹੈ ਉਨ੍ਹਾਂ ਦੀਆਂ ਨੀਤੀਆਂ ਪੰਜਾਬੋਂ ਬਾਹਰ ਰਹਿੰਦੇ ਸਿੱਖਾਂ ਲਈ ਬਹੁਤ ਖਤਰਨਾਕ ਹਨ।

**ਹੰਸ ਰਾਜ ਚੀਮਾ (22), ਪਿੰਡ ਚੀਮਾ (ਸੰਗਰੂਰ)**

* * * *

ਜਿਹੜੀ ਬਿਆਨਬਾਜ਼ੀ ਉਹ ਅੱਜ ਕੱਲ੍ਹ ਕਰ ਰਹੇ ਹਨ ਉਸ ਤੋਂ ਇਹੀ ਜਾਪਦਾ ਹੈ ਕਿ ਉਹ ਸਿਰਫ ਅਤਿਵਾਦੀਆਂ ਦੇ ਲੀਡਰ ਹਨ।

**ਹੇਮਰਾਜ ਗਰਗ (24), ਰਾਮਪੁਰਾ ਫੂਲ।**

ਸ. ਬਾਦਲ ਤੇ ਜਥੇਦਾਰ ਟੌਹੜਾ ਨੂੰ ਇਹ ਗਿਲਾ ਰਿਹਾ ਹੈ ਕਿ ਉਨ੍ਹਾਂ ਨੂੰ ਪੁਲੀਸ ਕਾਰਵਾਈ ਬਾਰੇ ਭਰੋਸੇ ਵਿਚ ਨਹੀਂ ਲਿਆ ਗਿਆ। ਜਿਹੜੇ ਆਗੂ ਪਾਰਟੀ ਦੀਆਂ ਅਹਿਮ ਮੀਟਿੰਗਾਂ ਵਿਚ ਸ਼ਾਮਲ ਹੋਣਾ ਆਪਣੀ ਸ਼ਾਨ ਦੇ ਖਿਲਾਫ ਸਮਝਦੇ ਹੋਣ, ਉਨ੍ਹਾਂ ਨੂੰ ਭਰੋਸੇ ਵਿਚ ਕਿਵੇਂ ਲਿਆ ਜਾ ਸਕਦਾ ਸੀ?

**ਐਮ. ਪੀ. ਸਿੰਘ. ਐਡਵੋਕੇਟ (31) ਸੁਨਾਮ।**

* * * *

ਪੰਜਾਬ ਤੇ ਜਨਤਾ ਨੂੰ ਮੌਜੂਦਾ ਅਧੋਗਤੀ ਵਿਚ ਲਿਆਉਣ ਵਾਲਿਆਂ ਦੀ ਮੂਹਰਲੀ ਕਤਾਰ ਵਿਚ ਖੜ੍ਹੇ ਹਨ ਬਾਦਲ ਸਾਹਿਬ ਤੇ ਟੌਹੜਾ ਸਾਹਿਬ। ... ਕੌਣ ਮੁਆਫ ਕਰੇਗਾ ਟੌਹੜਾ ਸਾਹਿਬ ਨੂੰ ਜਿਨ੍ਹਾਂ ਦੀ ਵਜ੍ਹਾ ਕਾਰਨ ਏਨਾ ਵੱਡਾ ਦੁਖਾਂਤ ਵਾਪਰਿਆ? ਕੌਣ ਨਹੀਂ ਜਾਣਦਾ ਕਿ ਬਾਦਲ ਸਾਹਿਬ ਨੂੰ ਅਚਾਨਕ ਦਰਬਾਰ ਸਾਹਿਬ ਦੀ ਬੇਹੁਰਮਤੀ ਦਾ ਦੁੱਖ ਕਿਉਂ ਹੈ? ... ਨਿਰਦੋਸ਼ ਲੋਕਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰਨ ਦੀ ਨੀਤੀ ਕੀ ਇਸੇ ਬਾਦਲ ਸਾਹਿਬ ਦੀ ਦੇਣ ਨਹੀਂ?

**ਹਰਜੀਤ ਸਿੰਘ ਗਿੱਲ (31), ਜਗਦੇਵ ਕਲਾਂ (ਅੰਮ੍ਰਿਤਸਰ)**

* * * *

ਪੰਥ ਉਪਰ (ਅਪਰੇਸ਼ਨ ਬਲਿਊ ਸਟਾਰ) ਏਨਾ ਵੱਡਾ ਘੱਲੂਘਾਰਾ ਹੋਵੇ ਅਤੇ ਟੌਹੜਾ ਸਾਹਿਬ ਦੇ ਝਰੀਟ ਵੀ ਨਾ ਆਏ। ਇਸ ਤੋਂ ਹੀ ਪਤਾ ਲਗ ਜਾਂਦਾ ਹੈ ਕਿ ਉਨਾਂ ਦਾ ਰਾਹ ਠੀਕ ਹੈ ਜਾਂ ਨਹੀਂ।

**ਜਸਵਿੰਦਰ ਸਿੰਘ ਢਿੱਲੋਂ (24), ਕਪੂਰਥਲਾ।**

## ਲੋੜ ਨਵੇਂ ਚਿਹਰੇ ਦੀ

ਨਜ਼ਰਬੰਦਾਂ ਨੂੰ ਛੁਡਾਉਣ ਤੇ ਬੈਰਕਾਂ ਛੱਡਣ ਵਾਲਿਆਂ ਦੀ ਬਹਾਲੀ ਵਰਗੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਦਲ ਵਿਚ ਏਕਾ ਹੋਣਾ ਚਾਹੀਦਾ ਹੈ। ਏਕੇ ਲਈ ਜਿਥੇ ਬਾਦਲ ਅਕਾਲੀ ਦਲ ਨੂੰ ਆਪਣੀ ਵੱਖਰੀ ਹੋਂਦ ਤਿਆਗਣੀ ਪਵੇਗੀ, ਉਥੇ ਸ. ਬਰਨਾਲਾ ਨੂੰ ਵੀ ਸਵਾਰਥ ਛੱਡਣਾ ਪਵੇਗਾ ਤਾਂ ਜੋ ਕੋਈ ਨਵਾਂ ਚਿਹਰਾ ਅੱਗੇ ਆ ਸਕੇ।

**ਹਰਪਾਲ ਸਿੰਘ (23), ਚੰਡੀਗੜ੍ਹ।**

## ਬਾਹਰਮੁਖੀ ਪੈਂਤੜਾ

ਬਾਦਲ-ਟੌਹੜਾ ਵਲੋਂ ਅਪਣਾਇਆ ਪੈਂਤੜਾ ਬਾਹਰਮੁਖੀ ਤੌਰ 'ਤੇ ਸਿੱਖ ਖਾੜਕੂ ਧਿਰ ਦੇ ਹੱਕ 'ਚ ਅਤੇ ਕੇਂਦਰੀ ਹਾਕਮਾਂ ਦੇ ਖਿਲਾਫ ਜਾਂਦਾ ਸੀ। ਪਰ ਉਨ੍ਹਾਂ ਵੱਲੋਂ ਅਪਣਾਇਆ ਇਹ ਰਾਹ ਤਾਂ ਹੀ ਦਰੁਸਤ ਹੁੰਦਾ ਜੇਕਰ ਉਹ ਹੋਰਨਾਂ ਅਕਾਲੀ ਮੰਗਾਂ ਸਮੇਤ ਪੰਜਾਬ ਦੀ ਖੁਦਮੁਖਤਿਆਰੀ ਲਈ ਜੰਗ ਦਾ ਐਲਾਨੀਆ ਹੋਕਾ ਦਿੰਦੇ ਅਤੇ ਕੇਂਦਰੀ ਹਾਕਮਾਂ ਵੱਲੋਂ ਲਾਏ ਜਾਂਦੇ ਪਿਛਾਖੜੀ ਨਾਅਰੇ "ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਖਤਰਾ" ਦਾ ਪਰਦਾਫਾਸ਼ ਕਰਦੇ ਹੋਏ ਭਾਰਤੀ ਜੂਹ ਅੰਦਰ ਕੈਦ ਦਰਜਨਾਂ ਕੌਮਾਂ ਦੀ ਖੁਦਮੁਖਤਿਆਰੀ ਦੇ ਹਾਮੀ ਹੋਣ ਦਾ ਐਲਾਨ ਕਰਦੇ।

**ਮੇਜਰ ਮੱਟਰਾਂ (29), ਜਨਰਲ ਸਕੱਤਰ ਪੰਜਾਬ ਸਟੂਡੈਂਟਸ ਯੂਨੀਅਨ**

* * * *

ਸੰਤ ਹਰਚੰਦ ਸਿੰਘ ਨੇ ਸਮਝੌਤਾ ਕਰਕੇ ਆਪਣੀ ਜਾਨ ਗਵਾਈ, ਪਰ ਹਿੰਦੁਸਤਾਨ ਦੇ ਵਾਹਦ ਲੀਡਰ "ਮਿਸਟਰ ਕਲੀਨ" ਨੇ ਉਸ ਦਾ ਕੀ ਮੁੱਲ ਪਾਇਆ। ਜੇਕਰ ਪ੍ਰਕਾਸ਼ ਸਿੰਘ ਬਾਦਲ ਹੁਣ ਵਾਲੀ ਲਾਈਨ 'ਤੇ ਰਹਿੰਦਿਆਂ ਪੰਜਾਬ ਤੇ ਸਿੱਖ ਕੌਮ ਦਾ ਭਵਿੱਖ ਸੁਰੱਖਿਅਤ ਬਣਾ ਸਕਣ ਤਾਂ ਅਸੀਂ ਸਮਝਾਂਗੇ ਕਿ ਉਨ੍ਹਾਂ ਦਾ ਰਾਹ ਸਹੀ ਹੈ। (ਟੌਹੜਾ ਦਾ ਨਾਂ ਨਹੀਂ ਲਿਖ ਰਿਹਾ। ਉਸ ਦੀ ਲੀਡਰੀ ਉਤੇ ਸਾਨੂੰ ਕੋਈ ਭਰੋਸਾ ਨਹੀਂ।)

**ਗੁਰਜੀਤ ਸਿੰਘ, (ਪਤੇ ਦੀ ਜਾਣਕਾਰੀ ਨਹੀਂ)।**

## ਦੋ ਗਜ਼ਲਾਂ

### ਦੇਵਿੰਦਰ ਜੋਸ਼

ਮੇਰੇ ਮਨ ਦੀ ਪੀੜਾ ਅੰਦਰ ਰਲਿਆ ਦਰਦ ਜ਼ਮਾਨੇ ਦਾ।
ਦਸ ਆਪਾਂ ਉਨਵਾਨ ਕੀ ਰਖੀਏ ਜੀਵਨ ਦੇ ਅਫਸਾਨੇ ਦਾ।

ਸੋਨਾ, ਚਾਂਦੀ, ਹੀਰੇ, ਮੋਤੀ, ਮੌਜਾਂ ਮੇਲੇ ਸ਼ਾਹਾਂ ਨੂੰ
ਦਰਵੇਸ਼ਾਂ ਦੀ ਝੋਲੀ ਪਾਵੇਂ ਸਾਰਾ ਦਰਦ ਜ਼ਮਾਨੇ ਦਾ।

ਤੇਰੇ ਪਿਆਰ ਦੇ ਸਦਕਾ ਆਪਾਂ, ਆਪਣਾ ਦਰਦ ਭੁਲਾ ਬੈਠੇ,
ਐਪਰ ਸਾਡੇ ਨਾਲ ਰਿਹਾ ਹੈ ਹਰ ਪਲ ਦਰਦ ਜ਼ਮਾਨੇ ਦਾ।

ਸਾਡੇ ਮਨ ਦੀ ਨਗਰੀ ਅੰਦਰ ਮੁੱਲ ਪੈਂਦਾ ਦਰਵੇਸ਼ੀ ਦਾ,
ਸ਼ਾਨੋ ਸ਼ੌਕਤ ਮੂੰਹ ਮੁਲਾਹਜ਼ੇ, ਇਹ ਦਸਤੂਰ ਜ਼ਮਾਨੇ ਦਾ।

ਸਾਡੇ ਨਾਲ ਕਿਵੇਂ ਨਿਭਣਾ ਸੀ ਰੰਗਾਂ ਤੇ ਖੁਸ਼ਬੂਆਂ ਨੇ
ਉਹਨੂੰ ਭਾਲ ਸੀ ਅਪਣੇ ਸੁਖ ਦੀ, ਸਾਨੂੰ ਦਰਦ ਜ਼ਮਾਨੇ ਦਾ।

---

ਜਦ ਜ਼ਿੰਦਗੀ ਦੀ ਸੂਰਤ ਸਾਨੂੰ ਉਦਾਸ ਲੱਗੇ।
ਬੱਚਿਆਂ ਦੀ ਮੁਸਕਰਾਹਟ ਜੀਵਨ ਦੀ ਆਸ ਲੱਗੇ।

ਉਮਰਾਂ ਦੇ ਦਰਦ ਹਰ ਪਲ ਸਾਥੀ ਰਹੇ ਨੇ ਸਾਡੇ,
ਬਚਪਨ ਦੇ ਚਾਰ ਹਾਸੇ ਜੀਵਨ ਦੀ ਰਾਸ ਲੱਗੇ।

ਉਸ ਦੀ ਪਿਆਸ ਦਾ ਵੀ ਕੋਈ ਇਲਾਜ ਢੂੰਡੋ,
ਸਾਗਰ ਨੂੰ ਡੀਕ ਲਾ ਕੇ ਜਿਸ ਨੂੰ ਪਿਆਸ ਲੱਗੇ।

ਮੰਨਿਆ ਕਿ ਜ਼ਿੰਦਗੀ ਭਰ ਭਟਕੇ ਹਾਂ ਰਸਤਿਆਂ ਵਿਚ,
ਮੰਜ਼ਿਲ ਨੂੰ ਢੂੰਡਣਾ ਹੀ ਜੀਵਨ ਦੀ ਰਾਸ ਲੱਗੇ।

ਲੋਕਾਂ ਦੇ ਨਾਲ ਜਦ ਤੋਂ ਮੈਂ ਜੋੜਿਆ ਹੈ ਨਾਤਾ,
ਜਾਪੇ ਇਹ ਧਰਤ ਸਾਂਝੀ, ਸਾਂਝਾ ਅਕਾਸ਼ ਲੱਗੇ।

ਮੌਸਮ ਕਦੋਂ ਬਦਲਨੈਂ ਮਹਿਕੇਗੀ ਪੌਣ ਕਿਸ ਦਿਨ,
ਸਦੇ ਕੋਈ ਹਿਸਾਬੀ ਕੋਈ ਕਿਆਸ ਲੱਗੇ।



## ਦਿਲ ਦੀ ਸੋਚ

ਘਰ ਵਿਚ ਆਟਾ ਤਾਂ ਪਹਿਲਾਂ ਹੀ ਮੁਕਿਆ ਹੋਇਆ ਸੀ। ਪਰ ਅੱਗੇ ਤਿੰਨਾਂ ਦਿਨਾਂ ਦਾ ਕਰਫਿਊ ਸੁਣ ਕੇ ਉਸ ਨੂੰ ਚੱਕਰ ਆਉਣ ਲੱਗੇ। ਉਹ ਆਪ ਤਾਂ ਸਬਰ ਦਾ ਹਉਕਾ ਭਰਕੇ ਰਾਤ ਕੱਟ ਲੈਂਦੇ, ਪਰ ਭੁੱਖ ਬੱਚਿਆਂ ਦਾ ਕਲੇਸ਼ ਮੁੱਕਣ ਨਾ ਦਿੰਦੀ। ਤੀਜੇ ਦਿਨ ਤਾਂ ਭੁੱਖ ਨੇ ਸਭ ਤੋਂ ਛੋਟੀ ਬੱਚੀ ਦੀ ਜਾਨ ਕੱਢ ਕੇ ਹੀ ਸਾਹ ਲਿਆ। ਘਰ ਵਿਚ ਇਕ ਸੰਨਾਟਾ ਛਾ ਗਿਆ। ਜਦੋਂ ਕਰਫਿਊ ਵਿਚ ਢਿੱਲ ਦਿੱਤੀ ਗਈ ਤਾਂ ਉਸ ਨੇ ਆਪਣੀ ਬੱਚੀ ਦੀ ਲਾਸ਼ ਮੋਢੇ ਤੇ ਚੁੱਕੀ ਅਤੇ ਘਰੋਂ ਤੁਰ ਪਿਆ। ਸ਼ਾਮ ਨੂੰ ਜਦੋਂ ਲੋਕਾਂ ਨੇ ਹਮਦਰਦੀ ਵਜੋਂ ਉਸ ਦੇ ਘਰ ਰੋਟੀਆਂ ਭੇਜੀਆਂ ਤਾਂ ਇਕ ਬੱਚੇ ਨੇ ਢਿੱਡ ਭਰ ਕੇ ਖਾਣ ਮਗਰੋਂ ਕਿਹਾ, 'ਜੇ ਬਾਪੂ' 'ਛੋਟੀ ਭੈਣ ਪਰਸੋਂ ਦੀ ਹੀ ਮਰ ਜਾਂਦੀ ਤੇ ਆਪਾਂ ਸਾਰੇ ਭੁੱਖੇ ਨਾ ਸੌਂਦੇ।' ਬਾਪੂ ਦੀਆਂ ਅੱਖਾਂ ਭਰ ਆਈਆਂ। **—ਸੁਰਿੰਦਰ ਮਹੇਸ਼ਵਰੀ**



ਮਿੰਨੀ ਵਿਅੰਗ

## ਨੇਤਾ ਜੀ

–ਨੇਤਾ ਜੀ ਨੇ ਸ਼ਰਾਬ ਬੰਦੀ ਦੇ ਵਿਸ਼ੇ 'ਤੇ ਬੜਾ ਧੜੱਲੇਦਾਰ ਭਾਸ਼ਣ ਦਿੱਤਾ ਤੇ ਪ੍ਰਬੰਧਕਾਂ ਪਾਸੋਂ ਪੈਸੇ ਅਤੇ ਜਨ-ਸਮੂਹ ਪਾਸੋਂ ਪ੍ਰਸੰਸਾ ਲੈ ਕੇ ਸਟੇਸ਼ਨ ਵਲ ਚੱਲ ਪਏ।

–ਟਾਂਗੇ ਵਿਚ ਬੈਠਿਆਂ ਹੋਇਆਂ ਉਹ ਜਨ-ਸਮੂਹ ਨੂੰ ਯਾਦ ਕਰ ਕੇ ਝੂਮ ਰਹੇ ਸਨ। ਹੈ ਤਾਂ ਇਹ ਇਕ ਛੋਟਾ ਜਿਹਾ ਕਸਬਾ ਹੀ ਸੀ, ਪਰ ਲੋਕਾਂ ਕਿਵੇਂ ਮੰਤਰ-ਮੁਗੱਧ ਹੋ ਕੇ ਉਨ੍ਹਾਂ ਦਾ ਭਾਸ਼ਨ ਸੁਣਿਆ- ਇਹ ਇਕ ਹੈਰਾਨੀ ਭਰੀ ਗੱਲ ਸੀ। ਇੰਝ ਹੀ ਖੁਸ਼ੀ ਉਨ੍ਹਾਂ ਦੀਆਂ ਅੱਖਾਂ ਵਿਚ ਨਿਰਤ ਕਰਦੀ ਸੀ। ਬਾਜ਼ਾਰ ਵਿਚ ਦੀ ਲੰਘਦਿਆਂ ਹੋਇਆਂ ਇਕਦਮ ਉਨ੍ਹਾਂ ਦੇ ਮਨ ਵਿਚ ਇਕ ਖਿਆਲ ਨੇ ਸਿਰ ਚੁੱਕਿਆ ਤੇ ਉਹ ਇਕਦਮ ਚੀਖ ਉਠੇ, ਜਿਵੇਂ ਕਿ ਭਾਸ਼ਨ ਦੇ ਦੌਰਾਨ ਉਹ ਚੀਖਦੇ ਚਿਲਾਂਦੇ ਹੁੰਦੇ ਸਨ।

"ਓਏ ਰੋਕੀ- ਟਾਂਗਾ- ਰੋਕੀ।"

–ਕੋਚਵਾਨ ਨੇ ਘਬਰਾ ਕੇ ਟਾਂਗਾ ਰੋਕਿਆ ਤੇ ਉਹ ਛਾਲ ਮਾਰ ਕੇ ਝੱਟਪਟ ਇਕ ਦੁਕਾਨ ਵਿਚ ਵੜ ਗਏ ਤੇ ਪਲਾਂ ਵਿਚ ਹੀ ਬੋਤਲ ਬੈਗ ਵਿਚ ਸੰਭਾਲਦੇ ਫਿਰ ਟਾਂਗੇ ਵਿਚ ਆ ਬੈਠੇ। ਤੇ ਟਾਂਗਾ ਫਿਰ ਸਟੇਸ਼ਨ ਦੇ ਰਾਹ ਪੈ ਗਿਆ। ਸ਼ਹਿਰ ਤੋਂ ਬਾਹਰਵਾਰ ਆ ਕੇ ਉਨ੍ਹਾਂ ਟਾਂਗੇ ਵਾਲੇ ਨੂੰ ਟੋਹਿਆ–

"ਮੀਆਂ, ਕੋਈ ਗਲਾਸ ਗਲੂਸ ਨਹੀਂ ਤੇਰੇ ਕੋਲ?

"ਜੀ ਹੈ- ਇਕ।"

"ਹੈ? ਬੱਲੇ ਬੱਲੇ। ਤਾਂ ਫਿਰ ਰੋਕ ਦੇ ਟਾਂਗਾ।"

–ਕੋਚਵਾਨ ਨੇ ਸੜਕ ਦੇ ਇਕ ਪਾਸੇ ਕਰ ਕੇ ਟਾਂਗਾ ਰੋਕ ਦਿੱਤਾ ਤੇ ਫਿਰ ਚਾਰੇ ਵਾਲੀ ਬੋਰੀ 'ਚੋਂ ਸਿਲਵਰ ਦਾ ਜੰਗ-ਖਾਧਾ ਵੱਡਾ ਗਲਾਸ ਕੱਢ ਕੇ ਉਨ੍ਹਾਂ ਨੂੰ ਫੜਾ ਦਿੱਤਾ। ਬਿਜਲੀ ਦੀ ਮੱਧਮ ਰੋਸ਼ਨੀ ਵਿਚ ਉਨ੍ਹਾਂ ਗਲਾਸ ਦੀ ਸ਼ਕਲ-ਸੂਰਤ ਵੇਖ ਕੇ ਪਹਿਲਾਂ ਤਾਂ ਨੱਕ-ਮੂੰਹ ਵੱਟਿਆ ਪਰ ਫਿਰ ਕੋਈ ਚਾਰਾ ਨਾ ਚਲਦਾ ਵੇਖ ਕੇ ਉਹ ਬੋਤਲ ਤੇ ਗਲਾਸ ਫੜੀ ਇਕ ਪਾਸੇ ਵਲ ਹੋ ਤੁਰੇ। ਇਕ ਨਲ ਤੋਂ ਉਨ੍ਹਾਂ ਪਾਣੀ ਲਿਆ ਅਤੇ ਬੋਤਲ ਖੋਲ੍ਹ ਕੇ ਮਿਕਸਚਰ ਨਾਲ ਗਲਾਸ ਨਕੋ-ਨਕ ਭਰ ਲਿਆ ਤੇ ਜਨ-ਸਮੂਹ ਨੂੰ ਇਕ ਪ੍ਰਭਾਵਸ਼ਾਲੀ ਭਾਸ਼ਨ ਦੇਣ ਦੀ ਖੁਸ਼ੀ ਵਿਚ ਗਟਾ-ਗਟ ਪੀ ਗਏ ਤੇ ਫੇਰ ਟਾਂਗੇ ਵਿਚ ਆ ਡਟੇ। ਟਾਂਗਾ ਆਪਣੀ ਤੋਰ ਤੁਰਦਾ ਰਿਹਾ ਅਤੇ ਉਹ ਦੂਹਰੇ ਨਸ਼ੇ ਵਿਚ ਸਰਸ਼ਾਰ ਅੱਖਾਂ ਮੁੰਦੀ ਬੈਠੇ ਰਹੇ। ਸਟੇਸ਼ਨ ਆਇਆ ਤਾਂ ਉਨ੍ਹਾਂ ਮੂੰਹ ਵਿਗਾੜ ਕੇ ਟਾਂਗੇ ਵਾਲੇ ਨੂੰ ਪੁੱਛਿਆ:

"ਅਰੇ ਮੀਆਂ, ਇਹ ਗਲਾਸ ਕਿਹੜੇ ਜ਼ਮਾਨੇ ਦਾ ਰੱਖਿਆ ਹੋਇਐ ਤੈਂ?"

"ਕਿਉਂ ਸਾਹਿਬ?"

"ਗਲਾਸ ਵਿਚ ਪਾ ਕੇ ਪੀਣ-ਨਾਲ ਮੇਰਾ ਤਾਂ ਮੂਡ ਹੀ ਖ਼ਰਾਬ ਹੋ ਗਿਐ- ਜ਼ੀਅ ਮਚਲਾਅ ਰਿਹੈ।"

"ਸਾਹਿਬ ਜੀ ਕਯਾ ਬਤਾਉਂ -ਲੜਕੇ ਬੀਮਾਰ ਥੇ ਨਾ, ਪੇਸ਼ਾਬ ਰਖਾ ਥਾ... ਉਸ ਕਾ... ਇਸੀ ਮੇਂ ...ਡਾਕਟਰ ਕੇ ਪਾਸ ਲੇਕਰ...।"

"ਹੈ ਤੇਰੇ ਸਾਲੇ ਦੀ।" –ਤੇ ਨੇਤਾ ਜੀ ਨੇ ਗਲਾਸ ਭੰਵਾ ਕੇ ਸੜਕ ਉਤੇ ਮਾਰਿਆ ਤੇ ਟਾਂਗੇ ਵਾਲੇ ਦੇ ਪੈਸੇ ਦਿੱਤੇ ਬਿਨਾਂ ਹੀ ਥੂਹ ਥੂਹ ਕਰਦੇ ਹੋਏ ਉਹ ਪਲੇਟ ਫਾਰਮ ਵਲ ਦੌੜ-ਪਏ। ਤੇ ਟਾਂਗੇ ਵਾਲਾ ਬਿਟ ਬਿਟ ਤਕਦਾ ਹੀ ਰਹਿ ਗਿਆ।

**ਪਾਂਧੀ ਨਨਕਾਣਵੀ**


KAHLON IMPORT AUTO SERVICE
I.C.B.C. CLAIMS ACCEPTED
11965-95th Ave. & Scott Road, Delta. Ph.:585-1242
COMPLETE AUTOMOTIVE REPAIRS



Special
Free oil change with every TUNE-UP



MUBARAK KAHLON
ਮੁਬਾਰਕ ਕਾਹਲੋਂ

Japanese — British — European
Licensed Mechanic
* Engine Rebuilding
* Cylinder Heads
* Tune Ups * Brakes
* Carburators & Clutch overhalls
* Automatic Transmissions

Free Estimates — Low Prices — All work guaranteed
Come and see us, we are here

ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

ਕਾਹਲੋਂ ਇੰਮਪੋਰਟ ਔਟੋ ਸਰਵਿਸ
PH.:585-1242

SCOTT RD. 96 AVE. 95 AVE. DELTA

# ਸਾਹਿਤ ਤੇ ਕਲਾ

## ਪਰਵਾਸੀ

ਯੁਵਰਾਜ ਰਤਨ

ਬਦਰੀ ਦੇ ਘਰ ਮੇਲਾ ਲੱਗਾ ਹੋਇਆ ਸੀ। ਪਿੰਡ ਦੇ ਸਾਰੇ ਮੁਜ਼ਾਰੇ ਖੁਸ਼ੀ ਵਿਚ ਕਿਲਕਿਲੀਆਂ ਪਾ ਰਹੇ ਸਨ। ਜਨਾਨੀਆਂ ਲੰਮੀਆਂ ਹੇਕਾਂ ਲਾ ਲਾ ਗਾ ਰਹੀਆਂ ਸਨ। ਬੱਚੇ ਇੱਧਰ ਉੱਧਰ ਭੱਜ ਨੱਠ ਕੇ ਆਪਣਾ ਮਨ ਪਰਚਾਵਾ ਕਰ ਰਹੇ ਸਨ। ਬਦਰੀ ਭਰੇ ਇਕੱਠ ਦੇ ਵਿਚਾਲੇ ਆਪਣੇ ਆਪ ਨੂੰ ਸੁਭਾਗਾ ਸਮਝ ਵਿਸਮਾਦ ਲੈ ਰਿਹਾ ਸੀ। ਹਰ ਸਾਲ ਵਾਂਗ ਐਤਕੀਂ ਵੀ ਬਦਰੀ ਨੇ ਪੰਜਾਬ ਨੂੰ ਵਹੀਰਾਂ ਘੱਤ ਦੇਣੀਆਂ ਸਨ। ਸਾਰੇ ਪੇਂਡੂ ਬਦਰੀ ਨੂੰ ਉਸਦੀ ਚੰਗੀ ਸਿਹਤ ਲਈ ਸ਼ੁਭਕਾਮਨਾਵਾਂ ਕਹਿੰਦੇ, ਉਸਦੇ ਘਰੋਂ ਹੌਲੀ ਹੌਲੀ ਆਪਣੇ ਘਰੀਂ ਪਰਤ ਰਹੇ ਸਨ ਅਤੇ ਇਹ ਰੰਗ ਰਲੀਆਂ ਦਾ ਸਿਲਸਿਲਾ ਅੱਧੀ ਰਾਤ ਤੱਕ ਚਲਦਾ ਰਿਹਾ ਸੀ।

" ਅਰੇ ਬਦਰੀ ! ਇਸੀ ਸਾਲ ਹਮ ਲੋਗੋਂ ਨੇ ਛੋਟੀ ਲੌਂਡੀਆ ਕੀ ਸ਼ਾਦੀ ਕਰ ਡਾਲਨੀ ਹੈ। ਜਰਾ ਮਿਹਨਤ ਸੇ ਪੈਸੇ ਬਨਾਉਣੇ, ਹਾਂ! ਖਰਚ ਵੀ ਕਮ ਹੀ ਕਰਨਾ। ਪਿਛਲੇ ਦੋ ਮਹੀਨੇ ਕਾ ਉਧਾਰ ਜੋ ਸ਼ਾਹੂਕਾਰ ਕਾ ਹਮਾਰੇ ਊਪਰ ਹੈ, ਵੋਹ ਵੀ ਵਾਪਸ ਕਰਨਾ ਹੈ। ਉਧਰ ਪਹੁੰਚਤੇ ਹੀ ਬਾਈ ਸੰਤੋਖ ਸੇ ਕੁਝ ਪੈਸੇ ਲੇ ਕਰ ਜਲਦੀ ਭਿਜਵਾਨੇ। ਅਰੇ ਹਾਂ ! ਵਹਾਂ ਪਹੁੰਚਤੇ ਹੀ ਪੱਤਰ ਸੀਘਰ ਡਾਲਨਾ।" ਬਦਰੀ ਦੀ ਘਰਵਾਲੀ ਸਾਰੀ ਰਾਤ ਉਸਨੂੰ ਪਰਵਾਰ ਦੀਆਂ ਜ਼ੁੰਮੇਵਾਰੀਆਂ ਤੋਂ ਸੁਚੇਤ ਕਰਦੀ ਰਹੀ ਸੀ।

" ਤੂੰ ਮੱਤ ਘਬਰਾ, ਮੈਂ ਵਹਾਂ ਪਹੁੰਚਤੇ ਹੀ ਬਾਈ ਸੰਤੋਖ ਸੇ ਪੰਜ ਸੌ ਰੁਪੇ ਕਾ ਮਨੀਆਰਡਰ ਕਰਵਾ ਦੂੰਗਾ। ਅਰੇ ਹਾਂ ਪੈਸੇ ਜਰਾ ਸੋਚ ਸਮਝ ਕਰ ਖਰਚਣਾ। ਅਗਰ ਇੱਧਰ ਮਿਹਨਤ ਮਜ਼ਦੂਰੀ ਮਿਲਤੀ ਰਹੀ ਤਾਂ ਜਰੂਰ ਕਰਤੇ ਰਹਿਣਾ। ਇਸੀ ਤਰ੍ਹਾਂ ਘਰ ਕੀ ਰੋਟੀ ਪਾਣੀ ਕਾ ਤੋ ਚਲਤਾ ਰਹੇਗਾ। ਜੋ ਪੈਸੇ ਮੈਂ ਭੇਜੂੰਗਾ ਉਸ ਮੇਂ ਸੇ ਸ਼ਾਹੂਕਾਰ ਕਾ ਕਰਜ਼ਾ ਦੇ ਕਰ ਬਾਕੀ ਕੇ ਪੈਸੇ ਲੜਕੀ ਕੀ ਸ਼ਾਦੀ ਕੇ ਲੀਏ ਰੱਖ ਲੇਨਾ।

ਇਹ ਬਦਰੀ ਦਾ ਪੰਜਾਬ ਆ ਕੇ ਮਿਹਨਤ ਮਜ਼ੂਰੀ ਕਰਕੇ ਪੈਸੇ ਕਮਾਉਣ ਦਾ ਗਿਆਰਵਾਂ ਸਾਲ ਸੀ। ਉਹ ਰੇਲਗੱਡੀ ਵਿੱਚ ਬੈਠਾ ਘਰ ਦੀ ਕਬੀਲਦਾਰੀ ਸੰਬੰਧੀ ਸੋਚੀਂ ਪਿਆ ਹੋਇਆ ਸੀ।

"ਜੇ ਮੈਂ ਪੰਜਾਬ ਜਾ ਕੇ ਮਜ਼ੂਰੀ ਕਰਨ ਨਾ ਆਉਂਦਾ ਤਾਂ ਹੁਣ ਤੀਕ ਪਿੰਡ ਦੇ ਜਾਗੀਰਦਾਰ ਤੇ ਸ਼ਾਹੂਕਾਰ ਦਾ ਕਰਜ਼ਾ ਐਨਾ ਸਿਰ ਚੜ੍ਹ ਜਾਣਾ ਸੀ, ਆਉਣ ਵਾਲੀਆਂ ਪੁਸ਼ਤਾਂ ਤੋਂ ਵੀ ਨਹੀਂ ਲਹਿਣਾ ਸੀ। ਸਾਰੀ ਉਮਰ ਇਨ੍ਹਾਂ ਦੀ ਵਗਾਰ ਕਰਦੇ ਹੀ ਲੰਘ ਜਾਣੀ ਸੀ। ਇਹ ਤਾਂ ਪੰਜਾਬ ਦੀ ਖੱਟੀ ਨੇ ਪਰਵਾਰ ਦੇ ਵਾਰੇ ਨਿਆਰੇ ਕਰ ਦਿੱਤੇ। ਦੋਵੇਂ ਵੱਡੀਆਂ ਧੀਆਂ ਵਿਆਹ ਦਿੱਤੀਆਂ ਤੇ ਉਹ ਆਪਣੇ ਘਰ ਖੁਸ਼ ਹਨ। ਮਾਪੇ ਘਰ ਦੋ-ਚਾਰ ਦਿਨ ਰਹਿ ਕੇ ਖੁਸ਼ੀ ਖੁਸ਼ੀ ਆਪਣੇ ਸਹੁਰੇ ਘਰ ਵਾਪਸ ਚਲੀਆਂ ਜਾਂਦੀਆਂ ਹਨ- ਉਨ੍ਹਾਂ ਦਾ ਭੋਰਾ ਦੁੱਖ ਨਹੀਂ ਹੈ। ਤੇ ਜਿਹੜੇ ਚਾਰ ਖਣ ਪੱਕੇ ਛੱਤ ਲਏ ਹਨ, ਇਹ ਵੀ ਪੰਜਾਬ ਦੀ ਖੱਟੀ ਸਦਕਾ ਹੀ ਹੈ। ਸ਼ਾਹੂਕਾਰ ਦਾ ਉਧਾਰ ਤਾਂ ਮੈਂ ਹਰ ਸਾਲ ਹੀ ਉਤਾਰ ਦਿੰਦਾ ਸੀ, ਪਰ ਹਰਾਮਜ਼ਾਦੇ ਜਾਗੀਰਦਾਰ ਦਾ ਕਰਜ਼ਾ ਲਾਹੁਣ ਦੀ ਸੋਚ ਰਿਹਾ ਹਾਂ, ਪਰ ਉਹ ਲਹਿਣ ਵਿਚ ਹੀ ਨਹੀਂ ਆਉਂਦਾ। ਜੇ ਲਹਿ ਜਾਂਦਾ ਜਿਹੜੇ ਮੇਰੇ ਚਾਰ-ਸਿਆੜ ਹੜੱਪ ਕਰ ਗਿਆ ਹੈ, ਉਹ ਤਾਂ ਵਾਪਸ ਕਰਵਾ ਲੈਂਦਾ। 'ਬਦਰੀਆ ਇਕ ਗੱਲ ਹੀ ਹੋਣੀ ਸੀ ਜਾਂ ਤਾਂ ਪੰਜਾਬ ਦੀ ਖੱਟੀ ਨਾਲ ਧੀਆਂ ਹੀ ਵਿਆਹੀਆਂ ਜਾਣੀਆਂ ਸੀ ਤੇ ਇਸ ਤੋਂ ਵੱਧ ਸ਼ਾਹੂਕਾਰ ਦਾ ਕਰਜ਼ਾ ਤੇ ਚਾਰ ਖਣ ਛੱਤ ਲਏ। ਇਹ ਸੱਭ ਕੰਮ ਜ਼ਮੀਨ ਛੁੜਾਉਣ ਨਾਲੋਂ ਮਹੱਤਤਾ ਰੱਖਦੇ ਸੀ-ਫਿਰ ਵੀ ਲੱਖ ਵੱਟਿਆਂ ਅੱਧੀ ਕਬੀਲਦਾਰੀ ਨਿਜਿੱਠੀ ਗਈ, ਇਹ ਵੀ ਗੱਲਾਂ ਵਿਚ ਗੱਲ ਮਾਰੀ ਲਗਦੀ ਹੈ। ਹੁਣ ਇਕ ਧੀ ਕੰਵਾਰੀ ਰਹਿ ਗਈ, ਉਸ ਮਗਰੋਂ ਦੀ ਕਮਾਈ ਨਾਲ ਫਿਰ ਜ਼ਮੀਨ ਦੀ ਸੋਚਾਂਗੇ। ਇਸ ਤੋਂ ਉਪਰੰਤ ਪਰਵਾਰ ਵਿਚ ਕੋਈ ਨਾ ਕੋਈ ਖਰਚ ਆਇਆ ਹੀ ਰਹਿੰਦਾ ਸੀ, ਜਿਸ ਨਾਲ ਪੰਜਾਬ ਦੀ ਖੱਟੀ ਬਰਾਬਰ ਹੋ ਜਾਂਦੀ ਸੀ।

ਹਾਂ, ਜਿਹੜੇ ਚਾਰ ਖਣ ਪੱਕੇ ਮੈਂ ਪਾਏ ਆਪਣਾ ਸਿਰ ਢੱਕਣ ਲਈ ਉਨ੍ਹਾਂ ਉਤੇ ਜਾਗੀਰਦਾਰ ਦੀ ਅੱਖ ਹੈ। ਜਦੋਂ ਵੀ ਘਰ ਮੂਹਰਦੀ ਲੰਘਦਾ ਹੈ ਤਿਊੜੀਆਂ ਪਾ ਕੇ ਲੰਘਦਾ ਹੈ। ਮੱਚਣ ਦੇ ਮੇਰੇ ਸਾਲੇ ਨੂੰ ਮੇਰੀ ਕਿਹੜਾ ਹਰਾਮਦੀ ਕਮਾਈ ਸੀ, ਇਹ ਤਾਂ ਪੰਜਾਬ ਵਿਚੋਂ ਲਿਆਂਦੇ ਖੂਨ-ਪਸੀਨੇ ਦੇ ਛਿੱਲੜ ਸਨ। ਇਹ ਕੋਈ ਸ਼ਾਹੂਕਾਰ ਜਾਂ ਜਾਗੀਰਦਾਰ ਦੀ ਤਰ੍ਹਾਂ ਵਿਆਜ਼ ਦਰ ਵਿਆਜ਼ ਦੀ ਕਮਾਈ ਨਹੀਂ ਸੀ। ਜਾਗੀਰਦਾਰ ਦਾ ਕਰਜ਼ਾ ਲੱਥੇ ਵੀ ਕਿਸ ਤਰ੍ਹਾਂ ਅਸਲ ਨਾਲੋਂ ਉਸਦਾ ਮੂਲ ਛੜੱਪੇ ਮਾਰਕੇ ਚੜ੍ਹ ਰਿਹਾ ਸੀ ਤੇ ਜ਼ਾਮਨੀ ਉਹ ਵੀ ਸ਼ਾਹੂਕਾਰ ਦੀ ਸੀ। ਦੋਵੇਂ ਜੋਕਾਂ ਬਦਰੀਆ ਤੇਰਾ ਖੂਨ ਪੀ ਰਹੀਆਂ ਹਨ। ਸਾਡਾ ਵੀ ਸਮਾਂ ਆਊਗਾ ਉਦੋਂ ਅਸੀਂ ਵੀ ਇਨ੍ਹਾਂ ਖੂਨ ਚੂਸਣੀਆਂ ਜੋਕਾਂ ਦੇ ਗਿਣ ਗਿਣ ਬਦਲੇ ਲਵਾਂਗੇ"

ਦੂਸਰੇ ਸਾਲ ਜਦੋਂ ਬਦਰੀ ਪੰਜਾਬ ਆਇਆ ਤਾਂ ਬਾਈ ਸੰਤੋਖ ਦੇ ਪਿੰਡ ਦੇ ਸਰਪੰਚ ਦੇ ਬੰਦਿਆਂ ਨੇ ਧਿੰਗਾਜੋਰੀ ਬਦਰੀ ਨੂੰ ਰੇਲਵੇ ਸਟੇਸ਼ਨ ਉਤਰਦੇ ਹੀ ਜੱਫਾ ਮਾਰਕੇ ਆਪਣੀ ਟਰਾਲੀ ਵਿਚ ਸੁੱਟ ਲਿਆ ਸੀ। ਸਾਰਾ ਸਾਲ ਹੱਢ-ਭੰਨਵੀਂ ਮਿਹਨਤ ਕਰਨ ਮਗਰੋਂ ਸਰਪੰਚ ਨੇ ਬਦਰੀ ਨੂੰ ਇਕ ਹਜ਼ਾਰ ਰੁਪੇ ਦੇ ਕੇ ਘਰੋਂ ਕੱਢ ਦਿੱਤਾ ਸੀ। ਉਸ ਤੋਂ ਮਗਰੋਂ ਬਦਰੀ ਹਮੇਸ਼ਾ ਘਰੋਂ ਚਲਣ ਤੋਂ ਮਹੀਨਾ ਹੀ ਪਹਿਲਾਂ ਬਾਈ ਸੰਤੋਖ ਨੂੰ ਚਿੱਠੀ ਲਿਖ ਦਿੰਦਾ ਰਿਹਾ ਸੀ ਤੇ ਉਹ ਬਦਰੀ ਨੂੰ ਰੇਲਵੇ ਸਟੇਸ਼ਨ ਤੋਂ ਲੈ ਆਉਂਦਾ ਰਿਹਾ ਸੀ।

ਪੰਜਾਬ ਤਾਂ ਕਦੋਂ ਦਾ ਆ ਗਿਆ ਸੀ। ਹੁਣ ਜਦੋਂ ਗੱਡੀ ਰੇਲਵੇ ਸਟੇਸ਼ਨ 'ਤੇ ਰੁਕੀ ਤਾਂ ਬਦਰੀ ਨੇ ਬਾਈ ਸੰਤੋਖ ਨੂੰ ਹੱਥ ਹਿਲਾਉਂਦੇ ਨੂੰ ਵੇਖ ਲਿਆ ਸੀ। ਗੱਡੀਉਂ ਉਤਰਦੇ ਹੀ ਬਦਰੀ ਨੂੰ ਬਾਈ ਸੰਤੋਖ ਨੇ ਜੱਫੀ ਵਿਚ ਲੈਂਦੇ ਹੀ ਬਦਰੀ ਦੇ ਪਰਵਾਰ ਦੀ ਸੁਖਸਾਂਦ ਪੁੱਛੀ।

" ਬਾਈ ਸੰਤੋਖ ਭਰਜਾਈ ਕੈਸੀ ਹੈ। ਔਰ ਬੱਚੇ ਸਭ ਰਾਜ਼ੀ ਖੁਸ਼ੀ ਹਨ। ਬਦਰੀ ਨੇ ਹੁਲਾਸ ਵਿਚ ਪੁੱਛਿਆ।

" ਸਾਰਾ ਪਰਵਾਰ ਚੜ੍ਹਦੀਆਂ ਕਲਾਂ ਵਿਚ ਹੈ, ਸਭ ਤੇਰੀ ਉਡੀਕ ਕਰ ਰਹੇ ਹਨ। ਤੈਨੂੰ ਕਿੰਨ੍ਹੇ ਵੇਰਾਂ ਕਿਹਾ ਹੈ ਤੂੰ ਬਾਲ-ਬੱਚੇ ਸਮੇਤ ਹੀ ਇਥੇ ਆ ਜਾ, ਐਵੇਂ ਰੇਲ-ਗੱਡੀਆਂ ਉੱਤੇ ਖੂਨ-ਪਸੀਨੇ ਦੀ ਕਮਾਈ ਕਿਉਂ ਬਰਬਾਦ ਕਰਦਾ ਹੈਂ।" ਬਾਈ ਸੰਤੋਖ ਦੀ ਸਲਾਹ ਵਿਚ ਭਰੱਪੇ ਦੀ ਅਪਣੱਤ ਸੀ।

" ਅਰੇ ਬਾਈ ਸੰਤੋਖ ! ਉਧਰ ਲੜਕੀਆਂ ਔਰ ਰਿਸ਼ਤੇਦਾਰੀਆਂ ਹਨ, ਉਨਕੋ ਵੀ ਛੋੜਾ ਨਹੀਂ ਜਾਤਾ, ਕਿਆ ਕਰੂੰ ਜੀ ਤੋ ਕਰਤਾ ਹੈ, ਇਧਰ ਹੀ ਆਪ ਕੇ ਪਾਸ ਹੀ ਰਹੂੰ। ਤੁਮ ਵੀ ਤੋ ਸਮਝਦਾਰ ਹੋ ਇਸ ਕਬੀਲਦਾਰੀ ਕੇ ਮਸਲੇ ਮੇਂ।" ਬਦਰੀ ਨੇ ਲੰਮਾ ਹਉਕਾ ਭਰਿਆ। ਦੋਹਾਂ ਨੂੰ ਗੱਲਾਂ ਕਰਦੇ ਕਰਦੇ ਉਦੋਂ ਹੀ ਪਤਾ ਲੱਗਾ ਜਦੋਂ ਬਾਈ ਸੰਤੋਖ ਨੇ ਟਰੈਕਟਰ ਆਪਣੇ ਘਰ ਮੂਹਰੇ ਜਾ ਖੜਾ ਕੀਤਾ।

" ਸਤਿ ਸ੍ਰੀ ਅਕਾਲ, ਭਰਜਾਈ" ਘਰ ਵੜਦੇ ਹੀ ਬਦਰੀ ਨੇ ਬਾਈ ਸੰਤੋਖ ਦੀ ਘਰਵਾਲੀ ਦਵਿੰਦਰ ਨੂੰ ਫਤਿਹ ਬੁਲਾਈ। ਬਾਈ ਸੰਤੋਖ ਦੇ ਦੋਵੇਂ ਲੜਕੇ ਬਦਰੀ ਦੀਆਂ ਲੱਤਾਂ ਨੂੰ ਚਿੰਮੜ ਗਏ।

ਚਾਹ ਪਾਣੀ ਪੀ ਕੇ ਬਾਈ ਸੰਤੋਖ ਬਦਰੀ ਨੂੰ ਖੇਤਾਂ ਵਿਚ ਲੈ ਗਿਆ। ਆਉਂਦੇ ਹਫਤੇ ਹੀ ਹਾੜ੍ਹੀ ਨੂੰ ਦਾਤਰੀ ਪੈਣ ਵਾਲੀ ਸੀ।

" ਆਹ ਚਾਰ ਕਿਲੇ ਪਹਿਲਾਂ ਵੱਢਣੇ ਹੈ ਤੇ ਫਿਰ ਬਾਕੀ ਦੀ ਜਿਵੇਂ ਜਿਵੇਂ ਪੱਕਦੀ ਗਈ, ਵੱਢੀ ਜਾਵਾਂਗੇ। ਹਾਂ, ਮੈਂ ਇਕ ਹਫਤਾ ਘਰੋਂ ਬਾਹਰ ਹਾਂ ਪਾਰਟੀ ਦੇ ਰੁਝੇਵਿਆਂ ਵਿਚ। ਸੋ ਮੇਰੇ ਆਉਣ ਤੱਕ ਘੱਟੋ ਘੱਟ ਇਹ ਚਾਰ ਕਿਲੇ ਜਰੂਰ ਵੱਢ ਲੈਣੇ। ਉਸ ਮਗਰੋਂ ਸਾਰੀ ਹਾੜੀ ਵੱਢ ਕੇ ਹੀ ਮੈਂ ਬਾਹਰ ਅੰਦਰ ਜਾਵਾਂਗਾ। ਹੁਣ ਮੇਰਾ ਜਾਣਾ ਜਰੂਰੀ ਹੈ। ਹਾਂ ਸੱਚ! ਘਰ ਪੈਸਿਆਂ ਦੀ ਲੋੜ ਤਾਂ ਨਹੀਂ ਸੀ। ਮੈਂ ਵੀ ਕਿਨ੍ਹਾਂ ਲਾਲਚੀ ਹਾਂ ਤੇਰੇ ਆਉਂਦੇ ਹੀ ਮੈਨੂੰ ਕਣਕ ਵੱਢਾਉਣ ਦੀ ਪੈ ਗਈ।

" ਬਾਈ ਸੰਤੋਖ ਪੰਜ ਕੁ ਸੌ ਰੁਪੇ ਜੇ ਤੁਸੀਂ ਘਰ ਭੇਜ ਦੇਵੋ ਤਾਂ ਬਹੁਤ ਮੇਹਰਬਾਨੀ ਹੋਵੇਗੀ।" ਬਦਰੀ ਨੇ ਮਾਣ ਨਾਲ ਕਿਹਾ।

ਤੂੰ ਘਬਰਾ ਨਾ ਪੈਸੇ ਪਹੁੰਚ ਗਏ ਸਮਝ।"

ਬਾਈ ਸੰਤੋਖ ਹੀ ਬਦਰੀ ਦੇ ਘਰ ਪੈਸੇ ਭੇਜਦਾ ਸੀ ਤੇ ਬਦਰੀ ਦੇ ਪਰਵਾਰ ਨੂੰ ਵਾਹ ਲਗਦੀ ਕਦੇ ਤੰਗੀ-ਤੁਰਸ਼ੀ ਨਹੀਂ ਆਉਣ ਦਿੰਦਾ ਸੀ। ਬਦਰੀ ਵੀ ਜਾਨ ਮਾਰਕੇ ਕੰਮ ਕਰਦਾ ਤੇ ਜੇ ਲੋੜ ਹੁੰਦੀ ਤਾਂ ਹੋਰ ਮਜ਼ਦੂਰ ਭਰਾ ਵੀ ਆਪ ਹੀ ਕੰਮ ਲਈ ਲਭ ਕੇ ਲਿਆਉਂਦਾ। ਬਾਈ ਸੰਤੋਖ ਬੇਫਿਕਰ ਹੋ ਕੇ ਘਰੋਂ ਜਾਂਦਾ ਸੀ ਤੇ ਉਸਨੂੰ ਬਦਰੀ ਤੇ ਇਨ੍ਹਾਂ ਵਿਸਵਾਸ਼ ਸੀ ਜਿਵੇਂ ਬਦਰੀ ਉਸਦੀ ਮਾਂ-ਪੇਟੋਂ ਹੀ ਜੰਮਿਆ ਹੋਵੇ।

ਬਦਰੀ ਨੇ ਚਾਰ ਕਿਲੇ ਕਦੋਂ ਦੇ ਸਿਰੇ ਲਾ ਦਿੱਤੇ ਸਨ। ਉਸਨੇ ਨਾਲ ਵਾਲੇ ਦੋ ਹੋਰ ਵੀ ਵੱਢ ਦਿੱਤੇ ਸਨ। ਕਿਉਂਕਿ ਬਾਈ ਹਫਤੇ ਤੋਂ ਵੱਧ ਫਿਰ ਬਾਹਰ ਲਾ ਆਇਆ ਸੀ।

" ਬਲੇ ਉਹ ਬਦਰੀ ਦੇ ਇਹ ਦੋ ਕਿਲੇ ਵੀ ਸਿਰੇ ਲਾ ਦਿੱਤੇ। ਭਾਗਵਾਨੇ ਬਦਰੀ ਨੂੰ ਦਾਲ-ਰੋਟੀ ਵਿੱਚ ਥੰਦਾ-ਥੁੰਦਾ ਹੀ ਪਾ ਦਿਆ ਕਰ, ਵਿਚਾਰਾ ਜਾਨ ਮਾਰਕੇ ਕੰਮ ਕਰਦਾ ਹੈ

" ਤੁਹਾਡੀ ਸਿਫਾਰਸ਼ ਦੀ ਲੋੜ ਨਹੀਂ ਮੈਂ ਕਿਤੇ ਸਿਰ ਤੇ ਕੁੱਜਾ ਧਰੀ ਫਿਰਦੀ ਹਾਂ। ਮੇਰੇ ਵੀ ਦਿਮਾਗ ਲੱਗਾ ਹੈ। ਤੁਸੀਂ ਹਫਤਾ ਕਹਿਕੇ ਪੰਦਰਾਂ ਪੰਦਰਾਂ ਦਿਨ ਘਰ ਨਹੀਂ ਮੁੜਦੇ। ਇਹ ਮੈਨੂੰ ਹੀ ਪਤਾ ਹੈ, ਬਦਰੀ ਕਿੰਨੀ ਮਿਹਨਤ ਕਰਦਾ ਹੈ, ਜਿਵੇਂ ਉਸਦੀ ਹੀ ਫਸਲ ਹੋਵੇ। ਹੁਣ ਸਾਰੀ ਹਾੜੀ ਵੱਢਾ ਕੇ ਹੀ ਪਾਰਟੀ ਮੀਟਿੰਗਾਂ ਵਿਚ ਜਾਣਦਾ ਬਹਾਨਾ ਲਾਉਂਣਾ। ਇਸ ਇਕੱਲੇ ਤੇ ਕੰਮ ਦਾ ਬੋਝ ਬਹੁਤਾ ਹੈ। ਇਕ ਵੇਰਾਂ ਦਾਣੇ-ਤੂੜੀ ਘਰ ਆ ਜਾਣ ਫਿਰ ਲਾ ਆਉਣੇ ਦੋ ਦੇ ਵੀ ਚਾਰ ਹਫਤੇ ਪਾਰਟੀ ਦੇ ਕੰਮਾਂ ਵਿਚ ਕੋਈ ਨਹੀਂ ਰੋਕਦਾ।

ਦਸਾਂ-ਪੰਦਰਾਂ ਦਿਨਾ ਵਿਚ ਦਾਣਾ-ਫੱਕਾ ਬਦਰੀ ਤੇ ਬਾਈ ਸੰਤੋਖ ਨੇ ਸਾਂਭ ਲਿਆ ਸੀ। ਹਾੜੀ ਦੀ ਫਸਲ ਵੇਚ ਵੱਟ ਕੇ ਬਾਈ ਸ਼ੰਤੋਖ ਨੇ ਇਕ ਹਜ਼ਾਰ ਰੁਪੇ ਹੋਰ ਬਦਰੀ ਦੇ ਪਿੰਡ ਭੇਜ ਦਿੱਤੇ ਸੀ। ਅੱਜ ਬਦਰੀ ਵੀ ਨਹਾ ਧੋਕੇ ਤੇ ਸਾਫ ਸੁਥਰੇ ਕੱਪੜੇ ਪਾ ਕੇ ਪਿੰਡ ਦੀ ਸੱਥ ਵਿਚ ਆਣ ਬੈਠਾ।

" ਸੁਣਾ ਬਦਰੀਆ, ਕਿਵੇਂ ਨਿਖਰਿਆ ਫਿਰਦਾ ਹੈਂ, ਦਾਣਾ-ਫੱਕਾ ਕੱਢ ਲਿਆ?" ਜ਼ੈਲਾ ਪੁੱਛਣ ਲੱਗਾ।

" ਬਾਈ ਜ਼ੈਲ ਸਿੰਘ ਅਸੀਂ ਢਿੱਲ ਕਰਨ ਵਾਲੇ ਬੰਦੇ ਨਹੀਂ, ਝੋਨੇ ਲਈ ਵੀ ਰੌਣੀ ਕਰ ਦਿੱਤੀ ਹੈ। ਤੂੰ ਸੁਣਾ ਕਿੰਨੀ ਕੁ ਵੱਢ ਲਈ ਹੈ?"

" ਅੱਧੀ ਕੁ ਨਬੇੜ ਲਈ ਹੈ। ਬਸ ਹੋਰ ਅੱਠ-ਦਸ ਦਿਨ ਲੱਗ ਜਾਣਗੇ।"

ਬਦਰੀ ਅਕਸਰ ਹੀ ਘਰ ਦਾ ਕੰਮ ਨਬੇੜ ਕੇ ਪਿੰਡ ਦੀ ਸੱਥ ਵਿਚ ਆ ਬੈਠਦਾ ਸੀ। ਜਿਨ੍ਹਾਂ ਚਿਰ ਘੜੀ ਪਲ ਪਿੰਡ ਦੇ ਗੱਭਰੂਆਂ ਨਾਲ ਟਿਚਕਰ ਬਾਜੀ ਨਹੀਂ ਕਰਦਾ, ਉਸਨੂੰ ਸੁਆਦ ਨਹੀਂ ਸੀ ਆਉਂਦਾ। ਉਹ ਪੇਂਡੂਆਂ ਵਿਚ ਐਨਾ ਘੁੱਲ-ਮਿਲ ਚੁੱਕਾ ਸੀ, ਜਿਵੇਂ ਉਥੋਂ ਦਾ ਹੀ ਜੰਮਪਲ ਹੋਵੇ।

ਝੋਨੇ ਦੀ ਫਸਲ ਲਈ ਜ਼ਮੀਨ ਥੱਤਰ ਸੀ। ਬਦਰੀ ਨੇ ਪੂਰੇ ਚਾਰ ਦਿਨ ਲਾਕੇ ਸਾਰੀ ਟਰੈਕਟਰ ਨਾਲ ਦੂਹਰ ਦਿੱਤੀ ਸੀ। ਇਸ ਵਾਰ ਫਿਰ ਬਾਈ ਸੰਤੋਖ ਤਿੰਨ ਦਿਨ ਕਹਿ ਕੇ ਹਫਤਾ ਲਾ ਆਇਆ ਸੀ। ਜਦੋਂ ਬਾਈ ਸੰਤੋਖ ਖੇਤ ਪਹੁੰਚਿਆ ਤਾਂ ਬਦਰੀ ਨੂੰ ਵੇਖਕੇ ਬਹੁਤ ਖੁਸ਼ ਹੋਇਆ ਤੇ ਕਹਿਣ ਲੱਗਾ," ਮੈਂ ਸੋਚਿਆ ਕਿ ਮੇਰੇ ਮੁੜਦੇ ਕਰਦੇ ਜ਼ਮੀਨ ਦੀ ਥੱਤਰ ਚੜ੍ਹ ਗਈ ਹੋਣੀ ਏ। ਇਹ ਤੂੰ ਚੰਗਾ ਕੀਤਾ ਮੇਰੀ ਉਡੀਕ ਨਹੀਂ ਕੀਤੀ ਤੇ ਜ਼ਮੀਨ ਦੂਹਰ ਦਿੱਤੀ। ਹੁਣ ਆਪਾਂ ਝੋਨਾ ਲਾਉਣ ਵਾਲੇ ਹੋ ਗਏ। ਬਲੇ ਉਹ ਬਦਰੀਆ ਤੇਰੇ, ਤੂੰ ਕੰਮ ਨੂੰ ਹਮੇਸ਼ਾ ਹੀ ਸਮੇਂ ਸਿਰ ਕਰਦਾ ਹੈਂ।"

ਬਾਈ ਸੰਤੋਖ ਨੇ ਦੂਸਰੇ ਬੋਰ ਤੇ ਵੀ ਇੰਜਨ ਲਿਆ ਧਰਿਆ ਸੀ। ਝੋਨੇ ਲਈ ਹੁਣ ਪਾਣੀ ਦੀ ਤਰੋਟ ਨਹੀਂ ਰਹੇਗੀ। ਦੋਵੇਂ ਬੋਰ ਚਲਾਕੇ ਝੋਨੇ ਨੂੰ ਪਾਣੀ ਸਮੇਂ ਸਿਰ ਮਿਲਦਾ ਰਿਹਾ ਸੀ। ਫਸਲ ਵੀ ਇਸ ਸਾਲ ਲੋਹੜੇ ਦੀ ਹੋਈ ਸੀ। ਪਿੰਡ ਵਿਚ ਇਹੋ ਚਰਚਾ ਸੀ ਬਾਈ ਸੰਤੋਖ ਤੇ ਬਦਰੀ ਦੀ ਮਿਹਨਤ ਨੇ ਤੇ ਝੋਨੇ ਦੇ ਝਾੜ ਨੇ ਪਿਛਲੇ ਦਸਾਂ ਸਾਲਾਂ ਦੇ ਰਿਕਾਰਡ ਨੂੰ ਮਾਤ ਪਾ ਦਿੱਤਾ ਸੀ। ਬਾਈ ਸੰਤੋਖ ਨੇ ਫਸਲ ਵੇਚ ਵੱਟ ਕੇ ਬਣਦੇ ਪੈਸੇ ਬਦਰੀ ਦੇ ਹੱਥ ਆ ਟਿਕਾਏ ਸਨ। ਦੂਸਰੇ ਦਿਨ ਬਦਰੀ ਆਪਣੇ ਹੋਰ ਭਰਾਵਾਂ ਨਾਲ ਲਾਗਲੇ ਸ਼ਹਿਰ ਘਰ ਦੇ ਸਭ ਜੀਆਂ ਵਾਸਤੇ ਚਾਈਂ ਚਾਈਂ ਖਰੀਦਣ ਗਿਆ। ਸਾਰਾ ਦਿਨ ਚੀਜ਼ਾਂ ਖਰੀਦਣ ਵਿਚ ਹੀ ਲੰਘਿਆ-ਦਿਨ ਢਲੇ ਸਟੇਸ਼ਨੋਂ ਉਤਰਕੇ ਸਾਰੇ ਜਾਣੇ ਸਿਰਾਂ ਤੇ ਗੱਠੜੀਆਂ ਰੱਖੀ ਪਿੰਡ

ਬਾਕੀ ਪੰਨਾ 24 'ਤੇ

## ਮਿਨੀ ਕਹਾਣੀਆਂ

### ਬੀਅਰ ਦੀ ਝੱਗ

'ਯਾਰ, ਮਾਨ ਅੱਜ ਫਿਲਮ ਨਾ ਦੇਖੀਏ! ਬੜੀ ਸੋਹਣੀ ਫਿਲਮ ਲੱਗੀ ਐ।' ਜਦੋਂ ਸਾਡੀ ਬੱਸ ਸਿਨਮੇ ਅੱਗੋਂ ਦੀ ਲੰਘੀ ਤਾਂ ਦੀਪਕ ਨੇ ਕਿਹਾ। ਪਰ ਮੇਰਾ ਧਿਆਨ ਡਰਾਈਵਰ ਵੱਲ ਸੀ ਜੋ ਆਪਣੇ ਸਾਹਮਣੇ ਲੱਗੇ ਸ਼ੀਸ਼ੇ ਨੂੰ ਬੱਸ ਵਿਚ ਬੈਠੀ ਇਕ ਸੋਹਣੀ ਸੁਨੱਖੀ ਕੁੜੀ ਵੱਲ ਸੈੱਟ ਕਰ ਰਿਹਾ ਸੀ ਜਿਸ ਕਰਕੇ ਮੈਂ ਇਸ਼ਤਿਹਾਰ ਨਾ ਦੇਖ ਸਕਿਆ ਕਿ ਕਿਹੜੀ ਫਿਲਮ ਲੱਗੀ ਐ। ਸੋ ਇਹ ਜਾਣਨ ਲਈ ਪੁਛਿਆ, 'ਕਿਹੜੀ ਫਿਲਮ ਲੱਗੀ ਐ ਜਿਸ ਨੂੰ ਵੇਖਣ ਲਈ ਏਨਾ ਉਤਾਵਲਾ ਐਂ।' 'ਯਾਰ ਗੁਰਦਾਸ ਮਾਨ ਦੀ ਫਿਲਮ ਐ 'ਕੀ ਬਣੂ ਦੁਨੀਆਂ ਦਾ' ਹੋਰ ਨਹੀਂ ਤਾਂ ਗੁਰਦਾਸ ਮਾਨ ਸੁਣਨ ਦਾ ਮੌਕਾ ਹੀ ਮਿਲ ਜਾਵੇਗਾ।' ਮੈਂ ਕਿਹਾ, 'ਸ਼ਾਮ ਨੂੰ ਮੇਰੇ ਕੋਲ ਆ ਜਾਵੀਂ। ਆਪਾਂ ਵੇਖ ਲਵਾਂਗੇ।' 'ਟਿਕਟ ਬਈ ਟਿਕਟ, ਕੋਈ ਬਗੈਰ ਟਿਕਟ ਨਾ ਹੋਵੇ ਬੱਸ ਵਿਚ' ਕੰਡਕਟਰ ਬੋਲੀ ਜਾ ਰਿਹਾ ਸੀ ਅਤੇ ਨਾਲ ਟਿਕਟਾਂ ਕੱਟ ਰਿਹਾ ਸੀ। ਜਦੋਂ ਸਾਡੇ ਬਰਾਬਰ ਵਾਲੀ ਸੀਟ ਤੇ ਬੈਠੇ ਸੱਜਣ ਪੁਰਸ਼ ਨੂੰ ਟਿਕਟ ਦਿੱਤੀ ਤਾਂ ਉਹ ਕਹਿਣ ਲੱਗਾ, 'ਲੁੱਟ ਮਚਾ ਰੱਖੀ ਐ, ਟੈਕਸ ਤਾਂ ਇਹਦੇ ਉਪਰ ਲਾਇਆ ਈ ਨਹੀਂ।' ਕੰਡਕਟਰ ਉਸ ਵੱਲ ਕੌੜਾ ਜਿਹਾ ਝਾਕਦਾ ਸਾਡੇ ਕੋਲ ਆ ਖੜ੍ਹਾ। ਪੈਸੇ ਲੈ ਕੇ ਥੈਲੇ 'ਚ ਪਾਏ ਅਤੇ ਬਿਨਾਂ ਟਿਕਟ ਦਿੱਤਿਆਂ ਅੱਗੇ ਵਧ ਗਿਆ। ਅਸੀਂ ਤਾਂ ਸ਼ਾਇਦ ਪੱਕੀਆਂ ਸਵਾਰੀਆਂ ਸੀ ਜਿਸ ਕਰਕੇ ਟਿਕਟ ਦੀ ਲੋੜ ਹੀ ਨਹੀਂ ਸੀ। ਦੀਪਕ ਦਾ ਦਫ਼ਤਰ ਵੀ ਮੇਰੇ ਲਾਗਲੇ ਪਿੰਡ ਹੀ ਸੀ ਅਤੇ ਅਸੀਂ ਰੋਜ਼ਾਨਾ ਇਸੇ ਬੱਸ ਰਾਹੀਂ ਹੀ ਦਫ਼ਤਰ ਜਾਂਦੇ ਸੀ।

ਸ਼ਾਮ ਨੂੰ ਸਾਢੇ ਚਾਰ ਵਜੇ ਦੀਪਕ ਮੇਰੇ ਪਾਸ ਪਹੁੰਚ ਗਿਆ ਅਤੇ ਕਹਿਣ ਲੱਗਾ, 'ਚਲ ਯਾਰ ਚਲੀਏ ਕੰਮ ਤਾਂ ਚਲਦੇ ਹੀ ਰਹਿਣੇ ਐ।' 'ਚਲਦੇ ਆਂ ਪੰਜ ਤਾਂ ਵਜ ਲੈਣ ਦੇ ਐਡੀ ਕੀ ਕਾਹਲੀ ਐ ਸ਼ੋਅ ਤਾਂ ਸਾਢੇ ਛੇ ਵਜੇ ਈ ਚਲਣੈ।' ਮੈਂ ਏਨਾ ਹੀ ਕਿਹਾ ਸੀ ਕਿ ਸਾਡੇ ਮੰਡਲ ਅਫਸਰ ਸਾਹਿਬ ਨੇ ਆ ਛਾਪਾ ਮਾਰਿਆ। ਦੀਪਕ ਨੂੰ ਬੈਠਾ ਦੇਖ ਕਿ ਉਨ੍ਹਾਂ ਦਾ ਪਾਰਾ ਇਕ ਦਮ ਚੜ੍ਹ ਗਿਆ, 'ਓਏ ਤੂੰ ਏਥੇ ਬੈਠਾ ਐਂ, ਮੈਂ ਤੇਰੇ ਦਫਤਰ ਜਾ ਕੇ ਆਇਐਂ ਦਫਤਰ ਬੰਦ ਪਿਐ।' ਦੀਪਕ ਨੂੰ ਇਕ ਦਮ ਟ੍ਰੱਟ ਕੇ ਹੀ ਪੈ ਗਏ। 'ਓਹ! ਜੀ ਗਲਤੀ ਹੋ ਗਈ, ਘਰੇ ਜ਼ਰੂਰੀ ਕੰਮ ਸੀ ਇਸ ਲਈ ਜਲਦੀ ਆ ਗਿਆ ਜੀ, ਜਨਾਬ! ਦਸੋ ਠੰਡਾ ਪੀਓਗੇ ਜਾਂ ਗਰਮ' ਏਨਾ ਕਹਿੰਦਿਆਂ ਬਿਨਾਂ ਉੱਤਰ ਉਡੀਕਿਆਂ ਬਾਹਰ ਨੂੰ ਚਲਾ ਗਿਆ ਅਤੇ ਜਦ ਵਾਪਸ ਆਇਆ ਤਾਂ ਉਸ ਕੋਲ ਤਿੰਨ ਬੀਅਰ ਦੀਆਂ ਬੋਤਲਾਂ ਸਨ। ਬੋਤਲ ਖੋਲ੍ਹ ਕੇ ਗਲਾਸਾਂ ਵਿਚ ਪਾਉਣ ਲੱਗਿਆਂ ਗਲਾਸ ਵਿਚੋਂ ਡੁਲ੍ਹਣ ਲੱਗੀ ਤਾਂ [illegible] ਕਿਹਾ 'ਧਿਆਨ ਨਾਲ ਪਾ ਬਾਹਰ ਡੁਲ੍ਹਦੀ ਐ' ਸਾਡੇ ਸਾਹਿਬ ਕਹਿਣ ਲੱਗੇ, 'ਕੋਈ ਗੱਲ ਨਹੀਂ ਬੀਅਰ ਦੀ ਝੱਗ ਹੈ ਆਪੇ ਥੱਲੇ ਬੈਠ ਜਾਵੇਗੀ।' ਮੈਨੂੰ ਜਾਪਿਆ ਜਿਵੇਂ ਕੁਝ ਦੇਰ ਪਹਿਲਾਂ ਉਠਿਆ ਗੁੱਸੇ ਦਾ ਤੂਫਾਨ ਵੀ ਬੀਅਰ ਦੀ ਝੱਗ ਵਾਂਗੂ ਬਹਿ ਗਿਆ ਹੋਵੇ। ਪੈਗ ਖਤਮ ਕਰਦੇ ਕਰਦੇ ਮੇਰੇ ਮੂੰਹੋਂ ਆਪ ਮੁਹਾਰੇ ਗੀਤ ਦੇ ਬੋਲ ਥਿਰਕ ਪਏ, 'ਕੀ ਬਣੂ ਦੁਨੀਆਂ ਦਾ...?'

—ਹਰਬੰਸ 'ਮਾਨ'

### ਇਨਸਾਫ

ਦੋ ਅਮਲੀ ਤੁਰੇ ਜਾ ਰਹੇ ਸਨ ਕਿ ਅਚਾਨਕ ਹੀ ਇਕ ਅਮਲੀ ਦੀ ਨਿਗ੍ਹਾ ਖੇਤ ਵਿਚ ਪਏ ਵੱਡੇ ਸਾਰੇ ਹਦਵਾਣੇ ਤੇ ਪਈ। ਉਹ ਬੜੀ ਹੈਰਾਨੀ ਨਾਲ ਦੂਜੇ ਅਮਲੀ ਨੂੰ ਕਹਿਣ ਲੱਗਾ, 'ਦੇਖ ਓਏ ਭੰਗੂਆ, ਮਾੜੀ ਜਿਹੀ ਵੇਲ ਨੂੰ ਕਿੱਡਾ ਹਦਵਾਣਾ ਲੱਗਿਆ ਹੋਇਆ! ਲੋਕ ਕਹਿੰਦੇ ਨੇ ਰੱਬ ਇਨਸਾਫ ਕਰਦੈ, ਭਲਾ ਆਹ ਕੋਈ ਇਨਸਾਫ ਆ?' ਦੋਨੋਂ ਅਮਲੀ ਹਦਵਾਣੇ ਨੂੰ ਗਹੁ ਨਾਲ ਦੇਖਦੇ ਅਗਾਂਹ ਤੁਰ ਗਏ।

ਅੱਗੇ ਜਾ ਕੇ ਇਕ ਅੰਬ ਦੀ ਗੂੜ੍ਹੀ ਛਾਂ ਦੇਖ ਦੋਨੋਂ ਜਾਣੇ ਆਰਾਮ ਕਰਨ ਲਈ ਠਹਿਰ ਗਏ। ਠੰਡੀ ਹਵਾ ਦੇ ਅਨੰਦ ਮਾਣਦੇ ਦੋਨੋਂ ਅਮਲੀ ਸੌਂ ਗਏ।

ਅੰਬ ਦੇ ਦਰਖਤ ਉੱਪਰ ਇਕ ਤੋਤਾ ਅੰਬ ਟੁਕ-ਟੁਕ ਕੇ ਥੱਲੇ ਸੁੱਟ ਰਿਹਾ ਸੀ ਕਿ ਇਕ ਅੰਬ ਅਮਲੀ ਦੇ ਨੱਕ ਦਾ ਨਿਸ਼ਾਨਾ ਬਣ ਕੇ ਡਿੱਗਾ। ਅਮਲੀ ਚੀਕਾਂ ਮਾਰਦਾ ਉਠਿਆ ਅਤੇ ਸਾਥੀ ਨੂੰ ਕਹਿਣ ਲੱਗਾ, 'ਓਏ ਭੰਗੂਆ !...ਮਰ ਗਿਆ ਮੈਂ ਤਾਂ...ਮੇਰਾ ਤਾਂ ਨੱਕ ਟੁੱਟ ਗਿਆ...ਹਾਏ ਰੱਬਾ !'

ਦੂਜਾ ਅਮਲੀ ਇਕ ਦਮ ਉਠਿਆ ਅਤੇ ਉਸ ਦੇ ਨੱਕ ਤੇ ਮਾਲਸ਼ ਕਰਦਾ ਹੋਇਆ ਦਿਲਾਸਾ ਦੇਣ ਲੱਗਾ, 'ਅੱਜ ਤਾਂ ਬਚਾਅ ਹੋ ਗਿਆ। ਅੰਬ ਹੀ ਛੋਟਾ ਸੀ। ਜੇ ਕਿਤੇ ਉਹ ਵੱਡੇ ਮਤੀਰੇ ਵਰਗਾ ਫਲ ਇਸ ਤਰ੍ਹਾਂ ਉੱਤੋਂ ਟੁੱਟ ਕੇ ਲੱਗਦਾ, ਤਾਂ ਆਹ ਮੂੰਹ ਦਾ ਨਾਂ ਨਿਸ਼ਾਨ ਵੀ ਨਹੀਂ ਸੀ ਛੱਡਣਾ।'

'ਦੌਲਿਆ ! ਉਹ ਹਰ ਥਾਂ ਇਨਸਾਫ ਕਰਦਾ ਹੈ।'

ਪੰਨਾ 23 ਦੀ ਬਾਕੀ

ਵੱਲ ਨੂੰ ਆ ਰਹੇ ਸਨ। ਬਦਰੀ ਨੇ ਦੂਸਰੇ ਭਰਾਵਾਂ ਨੂੰ ਖੁਸ਼ੀ ਨਾਲ ਦੱਸਿਆ, ਇਸ ਸਾਲ ਬਾਈ ਸੰਤੋਖ ਦੀਆਂ ਦੋਵੇਂ ਫਸਲਾਂ ਚੰਗੀਆਂ ਹੋਈਆਂ ਕਰਕੇ ਪਿਛਲੇ ਸਾਲ ਨਾਲੋਂ ਮੈਨੂੰ ਪੰਜ ਸੌ ਰੁਪੇ ਵੱਧ ਦਿੱਤੇ ਹਨ- ਬਦਰੀ ਇਸ ਤੋਂ ਅੱਗੇ ਕੁਝ ਹੋਰ ਕਹਿੰਦਾ ਪਿਛੋਂ ਪਿੰਡ ਨੂੰ ਜਾਣ ਵਾਲੀ ਬੱਸ ਕੋਲੋਂ ਦੀ ਛੂਕਦੀ ਬਦਰੀ ਨੂੰ ਫੇਟ ਮਾਰਕੇ ਲੰਘ ਗਈ। ਬਦਰੀ ਸੜਕ ਤੋਂ ਦਸ ਫੁੱਟ ਦੀ ਦੂਰੀ ਤੇ ਛਪਾਲ ਜਾ ਡਿੱਗਿਆ। ਆਸਾਂ ਉਮੰਗਾਂ ਨਾਲ ਖਰੀਦੀਆਂ ਚੀਜ਼ਾਂ ਦੀ ਗੱਠੜੀ ਦੂਰ ਟੋਏ ਵਿਚ ਜਾ ਡਿੱਗੀ ਸੀ। ਡਰਾਈਵਰ ਬੱਸ ਨੂੰ ਭਜਾ ਕੇ ਲੈ ਗਿਆ ਸੀ। ਨੇੜਲੇ ਖੇਤਾਂ ਵਿਚ ਕੰਮ ਕਰਦੇ ਕਹਿੰਦੇ ਸਭ ਬਦਰੀ ਦੇ ਆਲੇ ਦੁਆਲੇ ਇਕੱਠੇ ਹੋ ਗਏ। ਵਿਚੋਂ ਇਕ ਜਾਣੇ ਨੇ ਭੱਜਕੇ ਬਦਰੀ ਦੇ ਮੂੰਹ ਵਿਚ ਕੁਝ ਪਾਣੀ ਦੀਆਂ ਬੂੰਦਾਂ ਪਾਈਆਂ। ਉਦੋਂ ਤਕ ਬਦਰੀ ਸਹਿਕ ਰਿਹਾ ਸੀ। ਪਿੰਡ ਵਿਚ ਹਾਹਾਕਾਰ ਮੱਚ ਗਈ ਕਿ ਬਦਰੀ ਬੱਸ ਹੇਠਾਂ ਆਕੇ ਕੁਚਲਿਆ ਗਿਆ ਹੈ। ਬਾਈ ਸੰਤੋਖ ਟਰਾਲੀ ਲੈ ਕੇ ਵਾਹੋ ਦਾਹੀ ਹਾਦਸੇ ਵਾਲੀ ਥਾਂ ਤੇ ਪੁੱਜਿਆ ਤਾਂ ਬਦਰੀ ਦੱਮ ਤੋੜ ਚੁੱਕਾ ਸੀ।

"ਜਾਹ ਉਹ ਧੰਨਿਆ! ਉਥੋਂ ਵੱਟ ਤੋਂ ਮੇਰਾ ਚਾਦਰਾ ਚੱਕ ਲਿਆ ਵਿਚਾਰੇ ਨੂੰ ਢੱਕ ਦੇਈਏ।"

"ਨਾਂ ਬਾਈ ਪੁਲਸ ਮੇਰੇ ਮਗਰ ਪੈ ਜਾਊਗੀ, ਮੇਰੇ ਕੋਲੋਂ ਮੌਰ ਨਹੀਂ ਕੁਟਵਾ ਹੋਣੇਂ। ਐਵੇਂ ਸਰੀਰ ਪਹਿਲਾਂ ਹੀ ਹੱਡੀਆਂ ਦੀ ਮੁੱਠ ਹੈ।"

ਏਨੇ ਨੂੰ ਬਾਈ ਸੰਤੋਖ ਨੇ ਆਪਣਾ ਚਾਦਰਾ ਬਦਰੀ ਤੇ ਦੇ ਦਿੱਤਾ।

" ਇਹ ਬੱਸ ਡਰਾਈਵਰ ਜਰੂਰ ਅਤਿਵਾਦੀਆ ਹੋਊ।" ਵਿਚੋਂ ਅਵੇਕ ਹੀ ਕੋਈ ਕਹਿ ਗਿਆ

" ਆ ਜਾਂਦੇ ਹੈ ਭਈਏ ਐਥੇ ਕਮਾਈਆਂ ਕਰਨ-ਚੰਗਾ ਹੋਇਆ ਚਲਦਾ ਬਣਿਆ ਇਨ੍ਹਾਂ ਨੇ ਇਥੇ ਆਕੇ ਸਾਡੀ ਰੋਟੀ-ਰੋਜ਼ੀ ਵਿਚ ਲੱਤ ਮਾਰੀ ਹੈ।" ਵਿਚੋਂ ਇਕ ਸਿੱਧੜ ਦਿਹਾੜੀਆ ਬਦਰੀ ਦੀ ਲਾਸ਼ ਦੇਖ ਕੇ ਕਹਿਣੋ ਨਾ ਰਹਿ ਸਕਿਆ। ਉਸਦੀ ਗੱਲ ਦਾ ਸਭ ਨੇ ਬੁਰਾ ਮਨਾਇਆ।

ਥਾਣੇ ਖਬਰ ਤਾਂ ਬਾਈ ਸੰਤੋਖ ਕਦੋਂ ਦੀ ਕਰ ਆਇਆ ਸੀ ਪਰ ਥਾਣੇਦਾਰ ਬਹੁੜਿਆ ਹੀ ਦਿਨ ਢਲੇ। ਬਦਰੀ ਦੀ ਲਾਸ਼ ਨੂੰ ਵੇਖਦਾ ਹੀ ਬੋਲਿਆ, ਇਨ੍ਹਾਂ ਕੁੱਤੇ ਭਈਆਂ ਨੇ ਪੰਜਾਬ ਨੀਵਾਂ ਕੀਤਾ ਪਿਆ ਹੈ। ਤੁੱਖਮ ਦੀ ਉਲਾਦ ਹਰਲ ਹਰਲ ਕਰਦੀ ਹੱਲਕੇ ਕੁਤਿਆਂ ਵਾਂਗ ਤੁਰੀ ਫਿਰਦੀ ਹੈ ਪੰਜਾਬ ਨੂੰ ਜਿਵੇਂ ਇਨ੍ਹਾਂ ਕੈਨੇਡਾ-ਅਮਰੀਕਾ ਹੀ ਸਮਝ ਛੱਡਿਆ ਹੈ।"

ਬੱਸ ਡਰਾਈਵਰ ਦੀ ਭਿਣਕ ਪੈ ਗਈ ਸੀ, ਉਹ ਸਰਪੰਚ ਦਾ ਹੀ ਭਤੀਜਾ ਸੀ, ਜਿਸਨੇ ਬਦਰੀ ਨੂੰ ਦੂਸਰੇ ਨਾਲ ਧਿਗਾਜ਼ੋਰੀ ਆਪਣੀ ਟਰਾਲੀ ਵਿਚ ਸੁੱਟਕੇ ਸਾਰਾ ਸਾਲ ਧੱਕੇ ਨਾਲ ਕੰਮ ਕਰਾਉਂਦੇ ਰਹੇ ਸੀ। ਅੱਜ ਕੱਲ ਮੀਤਾ ਅੰਮ੍ਰਿਤ ਛਕ ਕੇ ਪੀਲਾ ਦਸਤਾਰ ਸਜਾਲਈ ਸੀ- ਖੁੱਲ੍ਹਾ ਦਾੜ੍ਹਾ ਸਿਆਣਪ ਦਾ ਚਿੰਨ੍ਹ ਬਾਹਰੋਂ ਦਿੱਸਦਾ ਸੀ।

ਬਾਈ ਸੰਤੋਖ ਵੀ ਨਿਚਲਾ ਬੈਠਣ ਵਾਲਾ ਨਹੀਂ ਸੀ। ਉਸਨੇ ਪਿੰਡ ਦਾ ਇਕੱਠ ਕਰਕੇ ਕੇਸ ਸਰਪੰਚ ਦੇ ਭਤੀਜੇ ਤੇ ਪਾਉਣ ਲਈ ਲੋਕਾਂ ਨੂੰ ਲਾਮਬੰਦ ਕੀਤਾ ਪਰ ਥਾਣੇਦਾਰ ਪੈਰਾਂ ਤੇ ਪਾਣੀ ਨਹੀਂ ਪੈਣ ਦਿੰਦਾ ਸੀ; ਇਕੋ ਰੱਟ ਲਗਾਈ ਜਾ ਰਿਹਾ ਸੀ, ਇਸ ਵਿਚ ਮੀਤੇ ਦਾ ਕੀ ਕਸੂਰ, ਇਨ੍ਹਾਂ ਢੇਡਾਂ ਨੂੰ ਸੜਕ ਤੇ ਤੁਰਨਾ ਹੀ ਨਹੀਂ ਆਉਂਦਾ। ਸਾਲੇ ਸਿਰੇ ਦੇ ਅਨਪੜ੍ਹ ਖੜੂਨ ਹੈ। ਫਿਰ ਵੀ ਪਿੰਡ ਵਲੋਂ ਜ਼ੋਰਪੈਣ ਤੇ ਮੀਤੇ ਨੂੰ ਦੋਮ ਦਰਜੇ ਕਤਲ ਦੇ ਕੇਸ ਵਿਚ ਗ੍ਰਿਫਤਾਰ ਕਰ ਲਿਆ। ਪਹਿਲੀ ਰਾਤ ਥਾਣੇਦਾਰ ਨੇ ਸਰਪੰਚ ਦੇ ਘਰ ਹੀ ਕੱਟੀ ਸੀ। ਸਰਪੰਚ ਨੂੰ ਪੂਰਾ ਭਰੋਸਾ ਸੀ ਥਾਣੇਦਾਰ ਮੀਤੇ ਨੂੰ ਇਕ ਦਿਨ ਵੀ ਵੀ ਸਜ਼ਾ ਨਹੀਂ ਹੋਣ ਦੇਵੇਗਾ।

" ਸਾਲੇ ਵੱਡੇ ਕਾਮਰੇਡ ਨੂੰ ਕਿਵੇਂ ਭਈਏ ਦਾ ਹੇਜ ਆਇਆ ਹੈ। ਵੱਡਾ ਮਜ਼ਦੂਰਾਂ ਦਾ ਹਾਮੀ। ਉਹਨੂੰ ਇਹ ਨਹੀਂ ਪਤਾ ਉਹਦਾ ਪਤੰਦਰ ਸੀ ਤਾਂ ਹਿੰਦੂ ਦੀ ਔਲਾਦ ਹੀ। ਤੁਸੀਂ ਸਰਪੰਚ ਸਾਹਿਬ ਘਬਰਾਉ ਨਾ ਮੈਂ ਬਾਈ ਸੰਤੋਖੇ ਨੂੰ ਕਲਹਿਰੀ ਮੋਰ ਨਾ ਬਣਾਇਆ ਤਾਂ ਮੈਨੂੰ ਜੁਗਿੰਦਰ ਸਿੰਘ ਨਾ ਕਹਿਣਾ-" ਥਾਣੇਦਾਰ ਨਸ਼ੇ ਦੀ ਲੋਰ ਵਿਚ ਹੀ ਕਹਿ ਗਿਆ।

ਬਾਈ ਸੰਤੋਖ ਤੇ ਉਸਦੇ ਪੇਂਡੂ ਮਿੱਤਰਾਂ ਨੇ ਰਲਕੇ ਬਦਰੀ ਦੀ ਲਾਸ਼ ਨੂੰ ਅਗਲੇ ਦਿਨ ਸੰਸਕਾਰਿਆ। ਸਾਰੇ ਪਿੰਡ ਨੇ ਸਰਪੰਚ ਨੂੰ ਲਾਹਨਤਾਂ ਪਾਈਆਂ ਤੇ ਗਰੀਬ ਬਦਰੀ ਦੇ ਹੱਕ ਵਿਚ ਹਾ ਦਾ ਨਾਅਰਾ ਮਾਰਿਆ। ਸੰਸਕਾਰ ਤੋਂ ਹਫਤਾ ਮਗਰੋਂ ਬਾਈ ਸੰਤੋਖ ਤੇ ਉਸਦੇ ਦੋ ਹੋਰ ਭਾਈਬੰਦ ਹੱਡੀਆਂ ਦੀ ਮੁੱਠ ਲੈ ਕੇ ਬਦਰੀ ਦੇ ਪਿੰਡ ਪਹੁੰਚੇ। ਗੱਠੜੀ ਤੇ ਮਿਹਨਤ ਦੀ ਰਕਮ ਉਸਦੀ ਘਰਵਾਲੀ ਨੂੰ ਫੜਾਉਂਦੇ ਹੋਏ ਬਾਈ ਸੰਤੋਖ ਨੇ ਲੰਮਾ ਹਉਕਾ ਭਰਦੇ ਹੋਏ ਹੱਡੀਆਂ ਦੀ ਮੁੱਠ ਵੀ ਅੱਗੇ ਕਰ ਦਿੱਤੀ ਤੇ ਹਾਦਸੇ ਦੀ ਗੱਲ ਸੰਖੇਪ ਵਿਚ ਕਹਿ ਸੁਣਾਈ। ਬਦਰੀ ਦੀ ਘਰਵਾਲੀ ਧਾਹਾਂ ਮਾਰਕੇ ਉੱਚੀ ਉੱਚੀ ਉਸਨੂੰ ਸੱਦਣ ਲੱਗੀ। " ਬਦਰੀਆ! ਤੇਰੀ ਪੰਜਾਬ ਦੀ ਖੱਟੀ ਦਾ ਕੀ ਕਰਾਂ ਜੇ ਤੂੰ ਹੀ ਨਹੀਂ ਰਿਹਾ ਆਦਿ।"

ਸਾਰਾ ਪਿੰਡ ਬਿਜਲੀ ਦੇ ਝੱਟਕੇ ਦੀ ਤਰ੍ਹਾਂ ਬਦਰੀ ਦੇ ਘਰ ਇਕੱਠਾ ਹੋ ਗਿਆ। ਸੱਭ ਮੌਤ ਦਾ ਕਾਰਣ ਸੁਨਣ ਲਈ ਉਤਾਵਲੇ ਸਨ। ਉਸ ਦਿਨ ਸਾਰੇ ਪਿੰਡ ਨੇ ਚੁੱਲ੍ਹੇ ਅੱਗ ਵੀ ਨਾ ਬਾਲੀ ਸੀ। ਮੌਤ ਦਾ ਸਨਾਟਾ ਮੱਸਿਆ ਦੀ ਰਾਤ ਤੋਂ ਵੀ ਭਿਆਂਕਰ ਸੀ। ਕੀ ਬੁੱਢਾ, ਜਵਾਨ, ਬੱਚੇ ਸਭ ਹੰਝੂ ਵਹਾ ਰਹੇ ਸਨ। ਔਰਤਾਂ ਜਾਗੀਰਦਾਰ ਤੇ ਸ਼ਾਹੂਕਾਰ ਦਾ ਸਿਆਪਾ ਕਰ ਰਹੀਆਂ ਸਨ, ਜਿਨ੍ਹਾਂ ਨੇ ਬਦਰੀ ਨੂੰ ਮਜ਼ਬੂਰਨ ਆਪਣਾ ਘਰ ਵਾਰ ਛੱਡਕੇ ਪੰਜਾਬ ਵਿਚ ਮਿਹਨਤ ਮਜ਼ੂਰੀ ਕਰਨ ਲਈ ਪਰਵਾਸ ਕਰਨਾ ਪਿਆ ਸੀ।

ਸਾਰੇ ਪਿੰਡ ਦਾ ਇਕੱਠ ਬਾਈ ਸੰਤੋਖ ਦੀ ਅਗਵਾਈ ਹੇਠ ਜਲੂਸ ਦੀ ਸ਼ਕਲ ਵਿਚ ਜਾਗੀਰਦਾਰ ਦੀ ਹਵੇਲੀ ਤੱਕ ਜਾ ਰਿਹਾ ਸੀ।

## ਧੁਆਂਖੇ ਚਿਹਰੇ

ਦਰਸ਼ਨ ਗਿੱਲ

ਚਿਹਰਿਆਂ ਦਾ ਜਲਵਾ, ਜਲੌ ਕਿਧਰ ਗਿਆ ?
ਸਤਰੰਗੀਆਂ 'ਚ ਖੇਡਦਾ, ਚਮਨ ਉਜੜ ਗਿਆ !

ਇਹ ਕੇਹੀ ਧੁੱਪ ਹੈ ਜੋ ਰੰਗਾਂ ਨੂੰ ਝੁਲਸਦੀ
ਸੂਰਜ ਵੀ ਤਾਰ ਤਾਰ, ਹੋ ਕੇ ਬਿਖਰ ਗਿਆ।

ਜੁੜਦੀਆਂ ਸੀ ਮਹਿਫਲਾਂ, ਪੂਰੇ ਸ਼ਬਾਬ ਨਾਲ
ਲੱਭਦੇ ਹਾਂ ਓਸ ਨੂੰ, ਉਹ ਕਿੱਥੇ ਨਗਰ ਗਿਆ ?

ਢਲ ਗਈ ਹੈ ਮੋਮ ਵਾਂਗ, ਹੱਥਾਂ 'ਚ ਆਉਂਦਿਆਂ,
ਜ਼ਿੰਦਗੀ ਦਾ ਮਸੀਹਾ ਕਿੰਨਾ ਨਿਘਰ ਗਿਆ।

ਪੂਜਦੇ ਸੀ ਲੋਕ ਜਿਸਨੂੰ ਜਨੂੰਨ ਵਾਂਗ,
ਬੜਾ ਬੇਆਬਰੂ ਹੋ ਕੇ ਉਹ ਮਰ ਗਿਆ।

ਹਿਸਦੇ ਚਿਹਰਿਆਂ ਦੀ ਦਾਸਤਾਂ ਕਹੀਏ ਕਿਵੇਂ
ਇਜ਼ਰਾਈਲ ਜਾਪਦਾ ਘਰ 'ਚ ਫਿਰ ਗਿਆ।

ਮਜ਼੍ਹਬ ਦਾ ਜਨੂੰ ਲੈ ਡੁਬਿਆ ਹੈ ਧਰਤ ਨੂੰ
ਕੀ ਅਰਬ ? ਕੀ ਏਸ਼ੀਆ ? ਬਣ ਹੈ ਖੰਡਰ ਗਿਆ।


**Star Drywall Construction Co. Ltd.**

- Complete Drywall Service
- Guaranteed Work
- Free Estimates

Sahib or Nake
Ph. (604) 589-4830
P.O.BOX 639
SURREY, B.C. V3T 5L9

# WHEATON PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ।


ਕੁਲਦੀਪ ਝੰਡ ਗਰੈਂਡ ਸੇਲਜ਼ ਮਾਸਟਰ

ਕੁਲਦੀਪ ਸਿੰਘ ਝੰਡ
ਨੂੰ ਜ਼ਰੂਰ ਮਿਲੋ ਜਾਂ ਫੂਨ ਜ਼ਰੂਰ ਕਰੋ



Bus. 526-2781 Res. 524-4137
Pager 687-7711 #7610

SUPER BUYS

325 - 12th St. New Westminster, B.C.

# ਪੰਜਾਬੀਆਂ ਦੇ ਦਿਲਾਂ ਦੀ ਧੜਕਣ : ਪ੍ਰਕਾਸ਼ ਕੌਰ

ਰਣਜੀਤ ਸਿੰਘ ਪ੍ਰੀਤ

ਲੋਕ-ਗੀਤਾਂ ਨੂੰ ਜਾਨ ਬਖਸ਼ਣ ਵਾਲਾ ਹੁੰਦਾ ਹੈ ਗਾਇਕ। ਮਿੱਠੀ ਤੇ ਕੀਲਣ ਵਾਲੀ ਆਵਾਜ਼ ਵਾਲੇ ਗਾਇਕ ਨੂੰ ਤਾਂ ਸੋਨੇ 'ਤੇ ਸੁਹਾਗੇ ਵਾਂਗ ਸਮਝਿਆ ਜਾਂਦਾ ਹੈ। ਇਹ ਸਿਫਤ ਹੈਸੀ ਜਾਦੂਨੁਮਾ ਆਵਾਜ਼ ਦੀ ਮਾਲਿਕ ਪ੍ਰਕਾਸ਼ ਕੌਰ ਵਿਚ ਜਿਸ ਦੇ ਬੋਲ ਅੱਜ ਵੀ ਕੰਨਾਂ ਵਿਚ ਮਿਸ਼ਰੀ ਘੋਲ ਜਾਂਦੇ ਹਨ।

ਪ੍ਰਸਿੱਧ ਪੰਜਾਬੀ ਗਾਇਕ ਸੁਰਿੰਦਰ ਕੌਰ ਦੀ ਵੱਡੀ ਭੈਣ ਪ੍ਰਕਾਸ਼ ਕੌਰ, ਜਿਸ ਨੂੰ ਲਾਡ ਨਾਲ ' ਪਾਸ਼ੋ' ਕਿਹਾ ਕਰਦੇ ਸਨ, ਦਾ ਜਨਮ ਰਾਵੀ ਦੇ ਕੰਢੇ ਵਸੇ ਲਾਹੌਰ ਸ਼ਹਿਰ ਵਿਚ 1923 ਨੂੰ ਭੀੜੀਆਂ ਗਲੀਆਂ ਵਾਲੇ ਭੀੜੇ ਮੁਹੱਲੇ ਵਿਚ ਮਾਤਾ ਮਾਇਆ ਦੀ ਕੁਖੋਂ ਤੰਗ-ਦਿਲੀ ਪਰਿਵਾਰ ਵਿਚ ਹੋਇਆ। ਉਸ ਸਮੇਂ ਲੜਕੀਆਂ ਲਈ ਸੁਰਮਾ, ਝਿਲਮਿਲ ਕਰਦੇ ਕੱਪੜੇ, ਰੰਗੀਨ ਸ਼ਿਗਾਰ ਆਦਿ ਵਰਜਿਤ ਹੀ ਨਹੀਂ ਸਨ ਸਗੋਂ ਲੜਕੀਆਂ ਲਈ ਚਾਰਦੀਵਾਰੀ ਦੇ ਅੰਦਰ ਹੀ ਰਹਿਣ ਦੀਆਂ ਵੀ ਸਖਤ ਪਾਬੰਦੀਆਂ ਸਨ। ਲੜਕੀ ਦਾ ਪੜ੍ਹਨਾ ਜਾਂ ਗਾਉਣਾ ਤਾਂ ਮਾਪਿਆਂ ਲਈ ਜ਼ਹਿਰ ਵਾਂਗ ਹੀ ਹੋਇਆ ਕਰਦਾ ਸੀ।

ਪੰਜ ਭੈਣਾਂ 'ਚੋਂ ਵੱਡੀ ਪਾਸ਼ੋ ਨੇ ਇਸ ਗੁਲਾਮੀ ਨੂੰ ਇਕ ਔਰਤ ਪਾਸ ਆਉਣ—ਜਾਣ ਨਾਲ ਜ਼ਰਾ ਢਿੱਲੀ ਕੀਤਾ। ਇਹ ਔਰਤ ਉਸ ਨੂੰ ਗਾ ਕੇ ਸੁਣਾਇਆ ਕਰਦੀ ਸੀ। ਚੋਰੀ ਦੇ ਇਸ ਸਹੇਲਪੁਣੇ ਦਾ ਜਦ ਰਾਜ਼ ਖੁੱਲ੍ਹਿਆ ਤਾਂ ਜੇਲ੍ਹ (ਘਰ ਲੜਕੀਆਂ ਲਈ) ਦੇ ਖਿੜਕ ਸਖਤੀ ਨਾਲ ਬੰਦ ਕਰ ਦਿੱਤੇ ਗਏ ਪਰ ਉਹਦੇ ਅਟੁੱਟ ਇਰਾਦਿਆਂ ਵਿਚ ਤਰੇੜ ਨਾ ਆਈ। ਘਰ ਵਿਚ ਹੀ ਮਧਾਣੀ ਤੇ ਚੱਕੀ ਦੇ ਪੁੜਾਂ ਨਾਲ ਸੁਰਾਂ ਮਿਲਾਉਣ ਲੱਗੀ।

11 ਸਾਲਾਂ ਦੀ ਪਾਸ਼ੋ ਬਾਰੇ ਉਸ ਦੀ ਮਾਂ ਨੂੰ ਇਹ ਸਾਰਾ ਕੁਝ ਪਤਾ ਲੱਗਿਆ ਤਾਂ ਉਸ ਨੇ ਉਸ ਦੀ ਸੰਗੀਤ ਸਿੱਖਿਆ ਦਾ ਪ੍ਰਬੰਧ ਇਨਾਇਤ ਹੁਸੈਨ ਪਾਸ ਕਰ ਦਿੱਤਾ। ਸੰਗੀਤ 'ਚ ਰੁੱਝੀ ਪਾਸ਼ੋ ਦਾ ਵਿਆਹ 1937 ਨੂੰ ਰੇਲਵੇ ਕਰਮਚਾਰੀ ਹਰਬੰਸ ਸਿੰਘ ਨਾਲ ਕਰ ਦਿੱਤਾ ਗਿਆ। ਹਰਬੰਸ ਨੇ ਉਸ ਨੂੰ ਹੋਰ ਹੌਸਲੇ ਤੇ ਦ੍ਰਿੜਤਾ ਨਾਲ ਗਾਉਣ ਲਈ ਪ੍ਰੇਰਨਾ ਦਿੱਤੀ। ਕੁਝ ਹੋਰ ਸੰਗੀਤ ਮਾਹਿਰਾਂ ਦੀ ਮਦਦ ਵੀ ਲਈ ਗਈ। ਇਸ ਸਿੱਖਿਆ ਮਗਰੋਂ 1939 ਵਿਚ 16 ਸਾਲ ਉਮਰੇ ਦੀ ਲਾਹੌਰ ਰੇਡੀਓ ਸਟੇਸ਼ਨ ਤੋਂ ਪਹਿਲਾਂ ਪ੍ਰੋਗਰਾਮ ਦਿੱਤਾ। ਇਸ ਨਾਲ ਪ੍ਰਕਾਸ਼ ਦੀ ਉਹ ਆਵਾਜ਼, ਜਿਹੜੀ ਵਿਹੜੇ ਦੇ ਚਰਖਿਆਂ, ਮਧਾਣੀਆਂ ਤੇ ਚੱਕੀ ਦੇ ਪੁੜਾਂ ਦੀ ਆਵਾਜ਼ ਨਾਲ ਮਿਲੀ ਹੋਈ ਸੀ, ਉਹ ਪੰਜਾਬ ਦੇ ਕੋਨੇ ਕੋਨੇ ਤਕ ਜਾ ਪਹੁੰਚੀ।

ਪਰ ਪਹਿਲਾ ਗੀਤ- "ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ" 1944 ਨੂੰ ਰੀਕਾਰਡ ਕਰਵਾਇਆ ਅਤੇ ਇਹ ਗੀਤ ਪੰਜਾਬ ਦੀ ਆਵਾਜ਼ ਬਣ ਗਿਆ। ਪ੍ਰਕਾਸ਼ ਨੇ ਚੀਨ, ਜਾਪਾਨ, ਸਵਿਟਜ਼ਰਲੈਂਡ, ਰੂਸ ਅਮਰੀਕਾ, ਅਫਰੀਕਾ, ਇੰਗਲੈਂਡ ਅਤੇ ਥਾਈਲੈਂਡ ਆਦਿ ਦੇਸ਼ਾਂ ਵਿਚ ਵਿਚ ਵੀ ਆਪਣੇ ਪ੍ਰੋਗਰਾਮ ਦੇ ਕੇ ਨਾਮਣਾ ਖੱਟਿਆ।

ਸਵਰਗੀ ਨੰਦ ਲਾਲ ਨੂਰਪੁਰੀ ਦੇ ਗੀਤ ਉਸ ਨੂੰ ਪਿਆਰੇ ਲਗਦੇ ਸਨ ਤਾਂ ਹੀ ਉਸ ਨੇ ਇਨ੍ਹਾਂ ਗੀਤਾਂ ਨੂੰ ਜਾਨ ਬਖਸ਼ੀ:—

- ਕੌਣ ਆਖੂ ਹੌਲਦਾਰਨੀ, ਕਿਤੇ ਆਜੀਂ ਨਾ ਤੁੜਾਕੇ ਨਾਵਾਂ।
- ਪੇਰ ਧੋ ਕੇ ਝਾਂਜਰਾਂ ਪਾਉਂਦੀ ਕਿ ਸ਼ੌਂਕਣ ਮੇਲੇ ਦੀ।
- ਕੈਂਠੇ ਵਾਲਾ ਆ ਗਿਆ ਪ੍ਰਾਹੁਣਾ, ਮਾਏ ਤੇਰੇ ਕੰਮ ਨਾ ਮੁੱਕੇ।
- ਨੱਚ ਲੈਣ ਦਿਉ ਨੀ ਮੈਨੂੰ ਦਿਉਰ ਦੇ ਵਿਆਹ ਵਿਚ।
- ਗੋਰੀ ਦੀਆਂ ਝਾਂਜਰਾਂ ਬੁਲਾਉਂਦੀਆਂ ਗਈਆਂ।
- ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ।



ਗਿਆਨ ਚੰਦ ਧਵਨ ਤੇ ਪ੍ਰਕਾਸ਼ ਸਾਥੀ ਦੇ ਗੀਤ ਵੀ ਉਸ ਨੇ ਗਾਏ

- ਮੇਰੇ ਢੋਲ ਦੀ ਚਿੱਠੀ ਏ ਕੋਈ ਆਈ, ਵੇਖੀਂ ਭਾਈ ਡਾਕ ਵਾਲਿਆ
- ਅੱਜ ਮੇਰੀ ਨਣਦ ਮੁਕਲਾਵੇ ਚੱਲੀ।
- ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈਓ।
- ਕਾਲੇ ਰੰਗ ਦਾ ਪਰਾਂਦਾ।
- ਟੁੱਟੇ ਦਿਲ ਨਹੀਂ ਜੁੜਦੇ।
- ਤੇਰੀ ਦੋ ਟਕਿਆਂ ਦੀ ਨੌਕਰੀ ਆਦਿ।

ਲੇਹ, ਲਦਾਖ 'ਚ ਫੌਜੀਆਂ ਲਈ ਪ੍ਰੋਗਰਾਮ ਦੇਣ ਲਈ ਪ੍ਰਕਾਸ਼ ਕੌਰ ਦੇ ਗੀਤ, " ਜਾਂਦੀ ਜਾਂਦੀ ਬਿਲੋ ਮੋਢਾ ਮਾਰ ਗਈ" ਨੇ ਕਈ ਪੁਆੜੇ ਵੀ ਪਾਏ। ਉਸ ਦਾ ਇਕ ਨਿਰਮਲ ਨਾਲ ਗਾਇਆ ਗੀਤ, " ਕਿੰਝ ਬੀਤੀ ਮੁਕਲਾਵੇ ਵਾਲੀ ਰਾਤ" ਹੌਲੀ ਆਵਾਜ਼ ਕਰ ਕੇ ਸੁਨਣਾ ਪੈਂਦਾ ਹੈ। " ਸਤਲੁਜ ਦੇ ਕੰਢੇ" ਫਿਲਮ ਲਈ " ਕਾਲੇ ਰੰਗ ਦਾ ਪਰਾਂਦਾ" ਦੋਹਾਂ ਭੈਣਾਂ, ਸੁਰਿੰਦਰ- ਪ੍ਰਕਾਸ਼ ਨੇ ਗਾਇਆ। 1979 ਦੇ ਨਿਊ ਪੰਜਾਬ ਡੇਅ ਦੇ ਮੌਕੇ 'ਤੇ ਦੋਹਾਂ ਭੈਣਾਂ ਨੂੰ ਸਨਮਾਨਿਤ ਕੀਤਾ ਗਿਆ। ਹਰਬੰਸ ਦੀ ਮੌਤ ਮਗਰੋਂ ਪ੍ਰਕਾਸ਼ ਨੇ ਆਪਣੇ ਬੋਲਾਂ ਰਾਹੀਂ ਦਰਦ ਹੰਢਾ ਕੇ 2 ਨਵੰਬਰ, 1981 ਦੇ ਦਿਨ ਸਫਦਰ ਜੰਗ ਦੇ ਸਥਾਨ 'ਤੇ ਆਪਣੇ ਪ੍ਰਾਣ ਤਿਆਗੇ। ਰਾਸ਼ਟਰਪਤੀ ਜੀ ਨੇ " ਕਾਹਨੂੰ ਚੂਪਨੈ ਚਰ੍ਹੀ ਦੇ ਟਾਂਡੇ, ਵੇ ਘਰ 'ਚ ਸੰਧੂਰੀ ਅੰਬੀਆਂ" ਦਾ ਹਵਾਲਾ ਦੇ ਕੇ ਸ਼ਰਧਾਂਜ਼ਲੀ ਭੇਂਟ ਕੀਤੀ। ਪ੍ਰਧਾਨ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਤੋਂ ਇਲਾਵਾ ਅਨੇਕਾਂ ਸ਼ੋਕ ਸ਼ੰਦੇਸ਼ ਪ੍ਰਕਾਸ਼ ਦੇ ਪਰਿਵਾਰ ਤਕ ਅਪੜੇ। ਜਿਹੜੀ ਆਪਣੇ ਅਮਰ ਬੋਲਾਂ ਦੀ ਬਦੌਲਤ ਅੱਜ ਵੀ ਜਿਉਂਦੀ ਜਾਗਦੀ ਪ੍ਰਤੀਤ ਹੁੰਦੀ ਹੈ।

## ਸਮਿਤਾ ਪਾਟਿਲ ਚਲ ਵਸੀ



ਬੰਬਈ : ਫਿਲਮੀ ਹਲਕਿਆਂ ਵਿਚ ਇਹ ਖਬਰ ਦੁੱਖ ਨਾਲ ਸੁਣੀ ਜਾਵੇਗੀ ਕਿ ਭਾਰਤੀ ਫਿਲਮਾਂ ਦੀ ਪ੍ਰਸਿੱਧ ਐਕਟ੍ਰੈਸ ਸਮਿਤਾ ਪਾਟਿਲ 13 ਦਸੰਬਰ ਨੂੰ ਰੱਬ ਨੂੰ ਪਿਆਰੀ ਹੋ ਗਈ। ਸਮਿਤਾ ਪਾਟਿਲ ਕਮਰਸ਼ਲ ਫਿਲਮਾਂ ਦੇ ਨਾਲ ਨਾਲ ਛੋਟੇ ਬਜਟ ਦੀਆਂ ਫਿਲਮਾਂ ਵਿਚ ਕੰਮ ਕਰਦੀ ਸੀ। ਜਿਨ੍ਹਾਂ ਕਾਰਨ ਉਸ ਦਾ ਨਾਂ ਹਰ ਫਿਲਮ ਵੇਖਣ ਵਾਲੇ ਦੇ ਹੋਠਾਂ ਉਤੇ ਥਰਕਦਾ ਸੀ।

ਦੋ ਹਫਤੇ ਪਹਿਲਾਂ ਸਮਿਤਾ ਪਾਟਿਲ ਨੇ ਇਕ ਖੂਬਸੂਰਤ ਬੱਚੇ ਨੂੰ ਜਨਮ ਦਿਤਾ। ਸਮਿਤਾ ਪਾਟਿਲ ਅਤੇ ਰਾਜ ਬੱਬਰ ਦੇ ਸਬੰਧਾਂ ਬਾਰੇ ਚਰਚਾ ਫਿਲਮੀ ਹਲਕਿਆਂ ਵਿਚ ਕਾਫੀ ਦੇਰ ਤੋਂ ਪ੍ਰਚਲਤ ਸੀ।

ਪਿਛਲੇ ਦਹਾਕੇ ਤੋਂ ਸਮਿਤਾ ਦਾ ਨਾਂ ਚੋਟੀ ਦੀਆਂ ਐਕਟ੍ਰੈਸਾਂ ਵਿਚ ਗਿਣਿਆ ਜਾਂਦਾ ਸੀ। ਸਮਿਤਾ ਪਾਟਿਲ ਨੇ ਹੁਣੇ ਬੰਦ ਹੋਈ ਅਦਾਕਾਰਾਂ ਦੀ ਹੜਤਾਲ ਵਿਚ ਵੀ ਸਰਗਰਮ ਭਾਗ ਲਿਆ ਸੀ।

ਥ.

FOR THE SOUTH ASIAN COMMUNITY

Sabrung شہر میں اپنی نوعیت کا واحد

SOUTHERN TELEVISION SHOW
GOOD NEWS FOR
THE SOUTH EAST ASIAN COMMUNITIES
LIVING IN BAY AREA

A new kind of television show on Cable Channel 25 can be seen on every Saturday at 6 p.m. regularly full of entertainment, excitement and music. Presents educational and informative program concerning our community's day to day life.

Producer and host: Irfan Ali

KEEP LISTENING TO SABRUNG RADIO & TELEVISION PROGRAM

TELEVISION (415) 928-1650 | SATURDAYS 6:00 p.m. | CHANNEL 25 CABLE KUSF 90.3 FM

RADIO PROGRAM
SUNDAYS
10-12 NOON

KUSF
90.3 FM

# ਆਪਣੀ ਮਿੱਟੀ ਦੀ ਗੱਲ



(ਖੱਬਿਓਂ) ਜੀ ਐਸ ਕੰਵਲ ਦੀਆਂ ਦੋ ਨੁਮਾਇਸ਼ੀ ਕਲਾ-ਕਿਰਤਾਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ: ਭਗਤ ਸਿੰਘ ਨੂੰ ਆਪਣੇ ਚਿਤਰਾਂ ਦੇ ਪ੍ਰਸੰਗ ਬਾਰੇ ਦਸਦਾ ਖੁਦ ਚਿਤਰਕਾਰ।

ਪੰਜਾਬ ਦੇ ਇਕ ਭੁੱਲੇ ਵਿਸਰੇ ਚਿੱਤਰਕਾਰ, ਜੇ. ਐਸ. ਕੰਵਲ ਦੀਆਂ ਕਲਾਂ-ਕਿਰਤਾਂ ਦੀ ਇਥੇ ਪੰਜਾਬੀ ਯੂਨੀਵਰਸਿਟੀ, ਕੈਂਪਸ ਦੇ ਅਜਾਇਬ ਘਰ ਅਤੇ ਆਰਟ ਗੈਲਰੀ ਵਿਚ ਪ੍ਰਦਰਸ਼ਨੀ ਲਗਾਈ ਗਈ ਜਿਸ ਦਾ ਉਦਘਾਟਨ ਉਪ ਕੁਲਪਤੀ, ਡਾ: ਭਗਤ ਸਿੰਘ ਨੇ ਕੀਤਾ।

ਰੂਪ ਨਗਰ ਜ਼ਿਲੇ ਦੇ ਪੁਆਧੀ ਪਿੰਡ ਚੂੰਨੀ ਕਲਾਂ ਵਿਚ 1937 ਵਿਚ ਜਨਮੇ ਕੰਵਲ ਨੂੰ ਅਕਾਠਵਿਆਂ ਵਿਚ ਹੀ ਚਿੱਤਰਕਾਰੀ ਅਤੇ ਬੁੱਤ ਤਰਾਸ਼ੀ ਦਾ ਸ਼ੌਕ ਪਿਆ ਸੀ। ਹੁਣ ਤੀਕ ਉਹ 150 ਪੇਂਟਿਗਜ਼ ਅਤੇ ਅਣਗਿਣਤ ਬੁੱਤ ਤਰਾਸ਼ਕੇ ਕਲਾ ਦੇ ਇਸ ਖੇਤਰ ਵਿਚ ਆਪਣੇ ਪੈਰ ਜਮਾਉਣ ਵਿਚ ਸਫਲ ਹੋ ਗਿਆ ਹੈ। ਚਿੱਤਰਕਾਰੀ ਦੇ ਖੇਤਰ ਵਿਚ ਪ੍ਰਸਿਧ ਚਿੱਤਰਕਾਰ ਮਰਹੂਮ, ਪਦਮ ਸ੍ਰੀ ਸੋਭਾ ਸਿੰਘ ਅਤੇ ਵੁਡ ਕਾਰਵਿੰਗ ਅਤੇ ਬੁੱਤਕਾਰੀ ਵਿਚ ਸ: ਅਵਤਾਰ ਸਿੰਘ ਉਸ ਦੇ ਪ੍ਰੇਰਨਾ ਸਰੋਤ ਰਹੇ ਹਨ। ਉਸਦੇ ਚਿਤੱਰਾਂ ਵਿਚ ਪੰਜਾਬ ਦੇ ਪੇਂਡੂ ਅਤੇ ਸ਼ਹਿਰੀ ਕਲਚਰ ਦੋਹਾਂ ਦੀ ਝਲਕ ਪ੍ਰਤੱਖ ਪ੍ਰਤੀਤ ਹੁੰਦੀ ਹੈ।

ਆਪਣੇ ਚਿਤਰਾਂ ਵਿਚ ਉਹ ਵਾਟਰ ਕਲਰ ਦਾ ਪ੍ਰਯੋਗ ਕਰਨ ਦੀ ਬਜਾਏ ਆਇਲ ਪੇਂਟਿੰਗ ਨੂੰ ਵਧੇਰੇ ਤਰਜੀਹ ਦਿੰਦਾ ਹੈ।

ਨਾਮੀ ਨਾਵਲਕਾਰ ਗੁਰਦਿਆਲ ਸਿੰਘ ਦੀ ਰਚਨਾ 'ਮੜ੍ਹੀ ਦਾ ਦੀਵਾ' ਦੇ ਆਧਾਰਤ ਚਿੱਤਰ, ਪਿੰਡ ਦੀਆਂ ਕੱਚੀਆਂ ਕੰਧਾਂ ਦੇ ਆਲਿਆਂ ਵਿਚ ਪੇਂਡੂ ਕੁੜੀ ਵਲੋਂ ਦੀਵੇ ਧਰਨ ਦਾ ਚਿੱਤਰ, ਕੰਧ ਚਿੱਤਰਾਂ ਤੇ ਆਧਾਰਤ ਕਲਾ, ਫੁੱਲਕਾਰੀ ਕੱਢਦੀ ਮੁਟਿਆਰ ਦਾ ਚਿੱਤਰ, ਕੁੜੀ ਦੀ ਸਹੁਰੇ ਘਰ ਤੋਂ ਆਪਣੇ ਬਾਪੂ ਨਾਲ ਪੇਕੇ ਪਰਤਣ ਦੇ ਚਿੱਤਰਾਂ ਤੋਂ ਲੈ ਕੇ ਅਜੋਕੀ ਸ਼ਹਿਰੀ ਜ਼ਿੰਦਗੀ ਵਿਚ ਭੁੱਖਮਰੀ ਅਤੇ ਭੀਖ ਮੰਗਣ ਦੇ ਚਿੱਤਰਾਂ ਵਿਚ ਉਸ ਨੇ ਆਪਣੀ ਚੋਖੀ ਸੂਝ-ਬੂਝ ਦਾ ਪ੍ਰਗਟਾਵਾ ਕੀਤਾ ਹੈ।

ਬੁੱਤ ਤਰਾਸ਼ੀ ਵਿਚ ਕੰਵਲ ਹੋਰਨਾਂ ਧਾਤਾਂ ਦੇ ਨਾਲ ਨਾਲ ਪਾਂਡੋ ਮਿੱਟੀ ਦਾ ਵੀ ਪ੍ਰਯੋਗ ਕਰਦਾ ਹੈ। ਇਹ ਗੁਣ ਸਹਿਜੇ ਹੀ ਉਸ ਦੀ ਕਲਾ ਨੂੰ ਦੂਸਰੇ ਬੁੱਤਸਾਜ਼ਾਂ ਨਾਲੋਂ ਨਿਖੇੜਨ ਵਿਚ ਸਹਾਈ ਹੁੰਦਾ ਹੈ। ਬੁੱਤਸਾਜ਼ੀ ਦੀ ਕਲਾ ਵਿਚ ਅਜਿਹਾ ਹੀ ਪਾਂਡੋ ਮਿੱਟੀ ਨਾਲ ਬਣਾਇਆ ਉਸ ਦਾ ਪੇਂਡੂ ਮੁਟਿਆਰ ਦਾ ਸਟੈਚੂ ਇਕ ਮਕਬੂਲ ਕ੍ਰਿਤ ਕਹੀ ਜਾ ਸਕਦੀ ਹੈ ਜਿਸ ਦੇ ਸਿਰ ਤੇ ਚੁੰਨੀ ਇਨ ਬਿਨ ਦਰਸਾਉਣਾ ਉਸ ਦੀ ਕਲਾ ਦੀ ਸਿਖਰ ਹੈ।

ਪੋਟਰੇਟ ਬਣਾਉਣਾ ਵੀ ਕੰਵਲ ਦੀ ਕਲਾ ਦਾ ਇਕ ਅੰਗ ਹੈ। ਪਟਿਆਲੇ ਦੇ ਪ੍ਰਸਿਧ ਸਮਾਜ ਸੇਵਕ ਮਰਹੂਮ ਦਸੌਂਦੀ ਰਾਮ ਵੀਰ ਜੀ ਦਾ ਪੋਟਰੇਟ ਬਣਾਉਣ ਬਦਲੇ ਉਨ੍ਹਾਂ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਵਲੋਂ ਸਨਮਾਨਿਤ ਕੀਤਾ ਗਿਆ। ਇਸ ਤੋਂ ਬਿਨਾਂ ਉਨ੍ਹਾਂ ਨੇ ਹੋਰ ਕਾਫੀ ਪੋਟਰੇਟ ਬਣਾਉਣੇ ਹਨ।

ਕੰਵਲ ਚਿਤਰਕਾਰੀ ਅਤੇ ਬੁੱਤਸਾਜ਼ੀ ਵਿਚ 5 ਸਾਲ ਦਾ ਡਿਪਲੋਮਾ ਹੋਲਡਰ ਹੈ। ਇਸ ਤੋਂ ਬਿਨਾਂ ਆਰ. ਡੀ. ਐਸ. ਲੰਡਨ ਤੋਂ ਉਸ ਨੂੰ ਪੇਂਟਿਗਜ਼ ਵਿਚ ਸਰਟੀਫਿਕੇਟ ਵੀ ਮਿਲ ਚੁੱਕਾ ਹੈ। ਉਹ ਕਲਾ ਦੇ ਸੁਨਹਿਰੀ ਮੰਦਰ ਜੇ. ਜੇ. ਸਕੂਲ ਆਫ ਆਰਟਸ, ਬੰਬਈ ਦਾ ਗਰੇਜੂਏਟ ਹੈ ਅੱਜ ਕਲ੍ਹ ਕੰਵਲ ਸਰਵਿਸ ਟੀਚਰ ਟਰੇਨਿੰਗ ਸੈਂਟਰ, ਪਟਿਆਲਾ ਵਿਖੇ ਬਤੌਰ ਕਲਾਕਾਰ ਸੇਵਾ ਕਰ ਰਿਹਾ ਹੈ।

**ਤਰਲੋਚਨ ਸਿੰਘ ਬਾਦਲੀ**

ਕਲਾ-ਕਿਰਤ ਵਿਚ ਅਜਿਹੀ ਤਾਕਤ ਹੋਣੀ ਚਾਹੀਦੀ ਹੈ ਕਿ ਉਹ ਦਰਸ਼ਕ ਨੂੰ ਕੀਲ ਲਏ, ਆਪਣੇ ਵਿਚ ਸਮੇਟ ਲਏ, ਆਪਣੇ ਨਾਲ ਵਹਾ ਲੈ ਜਾਏ। ਕਲਾ-ਕਿਰਤ ਰਾਹੀਂ ਚਿੱਤਰਕਾਰ ਆਪਣੇ ਜਜ਼ਬੇ ਪ੍ਰਗਟ ਕਰਦਾ ਹੈ, ਤੇ ਉਹਨਾਂ ਦੇ ਵਹਿਣ ਵਿਚ ਦਰਸ਼ਕ ਨੂੰ ਵਹਾ ਲੈ ਜਾਂਦਾ ਹੈ।

— ਆਗਸਤ ਰੋਨ੍ਹਆ!

ਨਾ ਕੋਈ ਸ਼ਿਕਵੇ ਕਿਸੇ 'ਤੇ ਨਾ ਸ਼ਿਕਾਇਤ ਤੇ ਨਾ ਰੰਜ।
ਜਿਸ ਕਦਰ ਮੁਮਕਿਨ ਸੀ ਯਾਰੀ ਨੂੰ ਪੁਗਾ ਚਲਿਆ ਹਾਂ ਮੈਂ।
ਕਿਸੇ ਦਾ ਛਿਣ ਭਰ ਹਸਾਣਾ ਯਾਦ ਹੈ ਬਚਪਨ ਦੇ ਵਾਂਗ.
ਕਿਸੇ ਦੇ ਹਰ ਪਲ ਰੁਲਾਣੇ ਨੂੰ ਭੁਲਾ ਚਲਿਆ ਹਾਂ ਮੈਂ।
ਵਿਹਲ ਜੇ ਕਿਧਰੇ ਮਿਲੇ ਤਾਂ ਪੜ੍ਹ ਲਵੀਂ ਤੂੰ ਸੁਹਣਿਆ।
ਤੇਰੀਆਂ ਯਾਦਾਂ ਨੂੰ ਕਵਿਤਾ 'ਚ ਸਜ਼ਾ ਚਲਿਆ ਹਾਂ ਮੈਂ।
ਹੁਣ ਤੁਹਾਨੂੰ ਰੋਜ ਮੇਰੀ ਯਾਦ ਆਇਆ ਕਰੇਗੀ।
ਆਪ ਦੀ ਝੋਲੀ ਵਿਚ ਫੁੱਲ ਖੁਸ਼ੀਆਂ ਦੇ ਪਾ ਚਲਿਆ ਹਾਂ ਮੈਂ।
ਪਿਆਰ ਜਿੰਨਾ ਵੀ ਹੈ ਮਿਲਿਆ ਮਾਣਦਾ ਰਹਿਦਾ ਹਾਂ 'ਜੋਸ਼'।
ਦਰਦ ਜਿੰਨਾ ਕੁ ਹੰਢਾਇਆ ਹੈ ਭੁਲਾ ਚਲਿਆ ਹਾਂ ਮੈਂ।


# ਕੀ ਇੰਮੀਗਰੇਸ਼ਨ ਦਾ ਮਸਲਾ ਹੈ ?



ਦਲਜੀਤ ਸਿੰਘ ਸੰਧੂ LL.B (U.K.) Res. 580-1822

- ਜੇ ਤੁਸੀਂ ਘਰ ਖਰੀਦਣਾ ਹੋਵੇ, ਤੁਹਾਡੇ ਕੋਲ ਪੈਸੇ ਡਾਊਨ ਪੇਮਿੰਟ ਦੇਣ ਲਈ ਥੋੜੇ ਹੋਣ ਤਾਂ ਅਸੀਂ ਤੁਹਾਨੂੰ ਦਸ ਸਕਦੇ ਹਾਂ ਕਿ ਇਸ ਸਭ ਦਾ ਬੰਦੋਬਸਤ ਕਿਵੇਂ ਹੋ ਸਕਦਾ ਹੈ। ਤੁਹਾਡੇ ਕੋਲ ਪ੍ਰਾਪਟੀ ਹੈ, ਜੇਕਰ ਉਸਦੇ ਉਪਰ ਫਸਟ, ਸੈਕਿੰਡ, ਥਰਡ ਮੋਰਗੇਜ ਥੋੜੇ ਤੋਂ ਥੋੜੇ ਵਿਆਜ ਤੇ ਲੈਣੀ ਹੋਵੇ ਤਾਂ ਉਸ ਬਾਰੇ ਦਸ ਸਕਦੇ ਹਾਂ। ਤੁਸੀਂ ਪ੍ਰਾਪਰਟੀ ਜਾਂ ਬਿਜ਼ਨਿਸ ਖਰੀਦਣੀ ਹੋਵੇ। ਤੁਸੀਂ ਕਿਥੋਂ ਜਾਂ ਕਿੰਦਾਂ ਪੈਸੇ ਲੈ ਸਕਦੇ ਹੋ।
- ਕੈਨੇਡੀਅਨ ਸਿਟੀਜ਼ਨਸ਼ਿਪ ਲੈਣ ਦਾ ਤੇ ਤੁਹਾਡੇ ਨਾਲ ਜਾ ਕੇ ਗੱਲਬਾਤ ਕਰਨ 'ਚ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ।
- ਜੇ ਤੁਸੀਂ ਇੰਡੀਆ ਤੋਂ ਡਾਇਵੋਰਸ ਲੈਣਾ ਹੋਵੇ। ਤੁਹਾਨੂੰ ਉਥੇ ਜਾਣ ਦੀ ਕੋਈ ਲੋੜ ਨਹੀਂ ਇਥੇ ਬੈਠੇ ਹੀ ਡਾਇਵੋਰਸ ਲੈ ਸਕਦੇ ਹੋ।
- ਜੇਕਰ ਤੁਸੀਂ ਕਿਸੇ ਰਿਸ਼ਤੇਦਾਰ ਜਾਂ ਦੋਸਤ ਮਿੱਤਰ ਨੂੰ ਕੈਨੇਡਾ ਸੈਰ ਕਰਨ ਲਈ ਮੰਗਵਾਉਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੇ ਲਈ ਰਾਹਦਾਰੀ (Declaration) ਬਣਾ ਸਕਦੇ ਹਾਂ।
- ਜੇ ਤੁਹਾਡੀ ਇੰਡੀਆ ਕੋਈ ਜਾਇਦਾਦ ਹੈ ਉਸਨੂੰ ਤੁਸੀਂ ਕਿਵੇਂ ਆਪਣੇ ਨਾਂ ਰੱਖ ਸਕਦੇ ਹੋ ਜਾਂ ਕਿਸੇ ਦੇ ਨਾਂ ਕਿਸ ਤਰ੍ਹਾਂ ਲਵਾ ਕੇ ਫੇਰ ਵੀ ਤੁਹਾਡੇ ਕੋਲ ਜ਼ਮੀਨ੍ਹ ਕਿਵੇਂ ਰਹਿ ਸਕਦੀ ਹੈ, ਜਾਂ ਤੁਸੀਂ ਇਥੇ ਬੈਠੇ ਹੋਏ ਉਹੋ ਜ਼ਮੀਨ ਕਿਵੇਂ ਵੇਚ ਸਕਦੇ ਹੋ। ਇਸ ਬਾਰੇ ਅਸੀਂ ਸਲਾਹ ਦੇ ਸਕਦੇ ਹਾਂ।
- ਟੈਂਪਰੇਰੀ ਵਰਕ ਪਰਮਿਟ ਲੈਣ ਬਾਰੇ ਵੀ ਅਸੀਂ ਕਾਨੂੰਨੀ ਤਰੀਕੇ ਨਾਲ ਦੱਸ ਸਕਦੇ ਹਾਂ।
- ਸਟੂਡੈਂਟ ਵੀਜ਼ੇ ਬਾਰੇ ਜਾਣਕਾਰੀ ਵੀ ਸਾਥੋਂ ਲਵੋ।
- ਬਿਜ਼ਨਿਸ ਤੌਰ ਤੇ ਕੈਨੇਡਾ ਦੀ ਇੰਮੀਗਰੇਸ਼ਨ ਲੈਣੀ ਹੋਵੇ।

**ਨਵੇਂ ਰਫਿਊਜ਼ੀ ਕਾਨੂੰਨ ਬਾਰੇ ਸਾਡੇ ਕੋਲੋਂ ਸਲਾਹ ਲਵੋ**

**ਸਲਾਹ ਮਸ਼ਵਰੇ ਲਈ ਸਾਡੀ ਮਦਦ ਲਵੋ**

**ਅਸੀਂ ਆਪਦੀ ਸੇਵਾ 1946 ਤੋਂ ਕਰਦੇ ਆ ਰਹੇ ਹਾਂ**

- ਰਿਸ਼ਤੇਦਾਰਾਂ ਨੂੰ ਕੈਨੇਡਾ ਮੰਗਵਾਉਣ ਲਈ ਚੰਗੀ ਸਲਾਹ
- ਇੰਡੀਆ, ਕੈਨੇਡਾ ਜਾਂ ਕਿਸੇ ਹੋਰ ਮੁਲਕ ਦਾ ਵੀਜ਼ਾ ਲੈਣਾ ਹੋਵੇ ਜਾਂ ਮਿਆਦ ਵਧਾਉਣੀ ਹੋਵੇ ਉਸਦੇ ਬਾਰੇ 'ਚ ਵੀ ਸਾਡੇ ਕੋਲ ਆਉ ਅਸੀਂ ਤੁਹਾਨੂੰ ਸਹੀ ਸਲਾਹ ਦੇ ਸਕਦੇ ਹਾਂ।
- ਕਿਸੇ ਰਿਸ਼ਤੇਦਾਰ ਦੇ ਬੱਚੇ ਨੂੰ ਅਡਾਪਟ(ਗੋਦ ਲੈਣਾ) ਕਰਨ ਬਾਰੇ ਜਾਣਕਾਰੀ — ਤੁਸੀਂ ਇਥੇ ਬੈਠੇ ਹੀ ਕਿਸੇ ਵੀ ਮੁਲਕ ਚੋਂ ਬੱਚੇ ਨੂੰ ਅਡਾਪਟ ਕਰ ਸਕਦੇ ਹੋ। ਤੁਹਾਨੂੰ ਉਸ ਮੁਲਕ 'ਚ ਜਾਣ ਦੀ ਲੋੜ ਨਹੀਂ ਹੈ।
- ਅਰਫਨ ਜਾਂ ਯਤੀਮ ਬੱਚੇ ਨੂੰ ਮੰਗਵਾਉਣਾ ਹੋਵੇ ਉਸ ਬਾਰੇ ਜਾਣਕਾਰੀ — ਭਰਾ, ਭੈਣ, ਭਤੀਜਾ, ਭਤੀਜੀ, ਭਾਣਜਾ, ਭਾਣਜੀ, ਪੋਤੀ, ਪੋਤਾ, ਦੋਹਤੀ, ਦੋਹਤਾ ਜਿਨ੍ਹਾਂ ਦੀ ਉਮਰ 18 ਸਾਲ ਤੋਂ ਘੱਟ ਹੋਵੇ ਤੇ ਵਿਆਹ ਹੋਏ ਨਾ ਹੋਣ। ਉਸ ਨੂੰ ਤੁਸੀਂ ਮੰਗਵਾ ਸਕਦੇ ਹੋ।
- ਜੇ ਕਿਸੀ ਕਾਰਨ ਕੋਈ ਤੁਹਾਡਾ ਰਿਸ਼ਤੇਦਾਰ ਬੇ-ਕਾਨੂੰਨੀ ਰਹਿੰਦਾ ਹੋਇਆ ਕੈਨੇਡਾ ਫੜਿਆ ਜਾਵੇ ਤਾਂ ਉਸਦੇ ਸੈਰ ਕਰਨ ਦੀ ਮਨਿਆਦ ਲੰਘ ਗਈ ਹੋਵੇ ਤਾਂ ਅਸੀਂ ਉਸਨੂੰ ਕਿਵੇਂ ਛੁਡਾ ਸਕਦੇ ਹਾਂ। ਉਸਦੇ ਬਾਰੇ ਸਾਰੀ ਜਾਣਕਾਰੀ ਅਸੀਂ ਤੁਹਾਨੂੰ ਦੇ ਸਕਦੇ ਹਾਂ।
- ਜੇ ਤੁਸੀਂ ਕਿਸੇ ਰਿਸ਼ਤੇਦਾਰ ਦੀ ਚਿਠੀ ਭਰੀ ਹੈ ਤਾਂ ਉਨ੍ਹਾਂ ਨੂੰ ਕਿਸੇ ਵੀ ਕਾਰਨ ਇੰਮੀਗਰੇਸ਼ਨ ਉਸ ਨੂੰ ਆਉਣ ਤੋਂ ਵੀਜ਼ਾ ਦੇਣ ਤੋਂ ਮਨਾਂ ਕਰ ਦਿਤਾ ਗਿਆ ਹੈ ਤਾਂ ਤੁਹਾਡੇ ਖਿਆਲ ਵਿਚ ਉਨ੍ਹਾਂ ਨਾਲ ਬੇਇਨਸਾਫੀ ਹੋਈ ਹੈ ਅਸੀਂ ਉਸ ਕੰਮ ਦੀ ਅਪੀਲ ਕਰਕੇ ਤੁਹਾਡੀ ਹਰ ਕਾਨੂੰਨੀ ਤੌਰ ਤੇ ਮੱਦਦ ਕਰ ਸਕਦੇ ਹਾਂ।
- ਜੇਕਰ ਤੁਹਾਡੇ ਕੇਸ ਨੂੰ ਬਹੁਤ ਦੇਰ ਹੋ ਗਈ ਹੈ। ਸਾਲ, ਦੋ ਸਾਲ, ਤਿੰਨ ਸਾਲ ਤੱਕ ਤੋਂ ਕੰਮ ਨਹੀਂ ਨਿਕਲ ਰਿਹਾ। ਤਾਂ ਅਸੀਂ ਕਾਨੂੰਨੀ ਤੌਰ 'ਤੇ ਤੁਹਾਡੇ ਵਾਸਤੇ ਇੰਮੀਗਰੇਸ਼ਨ ਕੋਲੋਂ ਪਤਾ ਕਰਕੇ ਦਸ ਸਕਦੇ ਹਾਂ ਕਿ ਕੀ ਕਾਰਨ ਹੈ।



ਮਲਕੀਤ ਸਿੰਘ ਪਰਹਾਰ - ਇੰਮੀਗਰੇਸ਼ਨ ਸਲਾਹਕਾਰ

Res. 228-0452

**ਉਪਰ ਲਿਖੇ ਮਸਲਿਆਂ ਤੋਂ ਇਲਾਵਾ ਅਸੀਂ ਤੁਹਾਨੂੰ ਹੋਰ ਕਿਸੇ ਤੁਹਾਡੇ ਇੰਡੀਆ ਵਿਚਲੇ ਮਸਲੇ ਬਾਰੇ ਵੀ ਸਲਾਹ ਮਸ਼ਵਰਾ ਦੇ ਸਕਦੇ ਹਾਂ**

**ਨੋਟ —ਤੁਹਾਨੂੰ ਸੁਣਕੇ ਖੁਸ਼ੀ ਹੋਵੇਗੀ ਕਿ ਅਸੀਂ ਆਪਣਾ ਬਰਾਂਚ ਆਫਿਸ ਪੰਜਾਬ ਵਿਚ ਵੀ ਛੇਤੀ ਖੋਲ੍ਹ ਰਹੇ ਹਾਂ।**

**ਪਹਿਲੀ ਮੁਲਾਕਾਤ ਦੀ ਕੋਈ ਫੀਸ ਨਹੀਂ ਹੋਵੇਗੀ**

**Malkit Singh Parhar & Daljit Sandhu**

**OFF.(604)733-1644**

#201-1275 W. 6th Avenue,
Vancouver, B.C. V6H1A6

- ਜੇ ਇੰਡੀਆ ਤੋਂ ਕੋਈ ਡਾਕੂਮੈਂਟ ਮੰਗਾਉਣਾ ਹੋਵੇ ਤਾਂ ਅਸੀਂ ਮੰਗਵਾ ਸਕਦੇ ਹਾਂ।

World Wide Immigration & Documentation Services Ltd.

# Basic Postulates of the Shiromani Akali Dal

as adopted by the working committee of the Shiromani Akali Dal at its meeting held at Sri Anandpur Sahib on 16-17 October, 1973.

## (A) Postulates

1. **The Shiromani Akali Dal is the very embodiment of the hopes and aspirations of the Sikh Nation and as such is fully entitled to its representation.** The basic postulates of this organization are Human Co-existence, Human progress and ultimate unity of all Human beings with the Spiritual Soul.

2. These postulates are based upon the three great principles of Sri Guru Nanak Dev Ji, namely, a Meditation on God's Name, dignity of labour and sharing of fruits of this Labour. (Nam Japo, Jirat Karo, Wand Chhako)

## (B) Purposes

The Shiromani Akali Dal shall ever strive to achieve the following aims:

1. Propagation of Sikhism and its code of conduct denunciation of atheism.

2. To preserve and keep alive the concept of distinct and independent identity of the Panth and to create an environment in which national sentiments and aspirations of the Sikh Panth will find full expression, satisfaction and growth.

3. Eradication of Poverty and Starvation, by increased production and more equitable distribution of wealth and the establishment of a just social order sans any exploitation.

4. Vacation of discrimination on the basis of caste, creed or illiteracy in keeping with basic principles of Sikhism.

5. Striving for the removal of diseases and ill-helath, denouncement of use of intoxicants and enlargement of facilities for physical wellbeing to prepare and enthuse the Nation for the National defence.

## First Part

The Shiromani Akali Dal considers its primary duty to inculcate among the Sikhs, religious fervour and a pride in their rich religious heritage for which it proposes to pursue the following programme :

(a) Reiteration of the concept of the unicity (Oneness) of God, meditation on His Name, recitation of Gurbani, renewal of faith in the ten Holy Sikh Gurus and the Holy Sri Guru Granth Sahib and other appropriate measures for such a purpose.

(b) Grooming accomplished preachers, Ragis, Dhadis, and poets in the Sikhs Missionary College for a more effective propagation of Sikhism, Sikh Philosophy, belief in Sikh code of conduct and Kirtan etc., at home and abroad, in schools and colleges, in villages and in cities as indeed at every place.

(c) Baptising the Sikhs (Amrit Parchar) on a vast scale, with particular emphasis on Schools and Colleges of which the teachers and the taught shall be enthused through regular study circles.

(d) Reinculcate the religious practice of 'DASWAND' among the Sikhs. (Giving on tenth of one's earnings for the welfare of the Community).

(e) Generating feelings of respect for the Sikh intellectuals, writers, Preachers, Granthis, etc., who also in turn, would be enthused to improve upon their accomplishments while conforming to the basic Sikh tenets and traditions.

(f) Streamlining the Gurdwaras administration by giving better training to their workers. Appropriate steps would also be taken to maintain Gurdwara buildings in proper condition. For such a purpose, the party representatives in the Shiromani Gurdwara Parbandhak Committee and local Committees would be directed time to time to pull their weight.

(g) Making appropriate arrangements for the error-free publication of Gurbani; promoting research work in the ancient and modern Sikh history as also it publication; rendering Gurbani in other languages and producing first rate literature on Sikhism.

(h) Taking appropriate steps for the enactment of an All India Gurdwara Act with a view to introduce improvements in the administration of the Gurdwaras throughout the Country and to reintegrate the traditional preaching sects of Sikhism like Udasis and Nirmalas with the mainstream of Sikhism without in any way encroaching of the properties of their respective individual 'maths'.

(i) Taking such steps as may be necessary to bring the Sikh Gurdwaras all over the world under a single system of administration with a view to run them according to the basic Sikh norms and to pool their sources for the dissemination of Sikhism on a wider and more impressive scale.

(j) Striving for free access to all those holy Sikh Shrines, including Nankana Sahib from which the Sikh Panth has been separated, for pilgrimage and proper upkeep.

## Political Goal

The political goal of the Panth, without doubt, is enshrined in the commandments of the Tenth Lord, in the pages of the Sikh history and in the very heart of the Khalsa Panth, the ultimate objective of which is the pre-eminence of the Khalsa.

The fundamental policy of the Shiromani Akali Dal is to seek the realization of this birth right of the Khalsa through creation of cogenial environment and a political set up.

## For Attainment of the Aim

1. The Shiromani Akali Dal is determined to strive by all possible means to :

(a) Have all those Punjabi speaking areas, deliberately kept out of Punjab, such as Dalhousie in Gurdaspur District; Chandigarh; Pinjore-Kalka and Ambala Saddar etc., in Ambala District; the entire Una tehsil of Hoshiarpur District; the 'Desh' area of Nalagarh; Shahbad and Gulha blocks of Karnal District; Tohana Sub-Tehsil, Rattia block and Sirsa tehsil of Hissar District and six tehsils of Ganganagar District in Rajasthan; merged with Punjab to constitute a single administrative unit where the interests of Sikhs and Sikhism are specifically protected.

(b) In this new Punjab and in other States the centre's interference would be restricted to Defence, Foreign relations, currency and general communication; all other departments would be in the jurisdiction of Punjab (and other states) which would be fully entitled to frame own Laws on these Subjects for administration. For the above departments of the Centre, Punjab and other States contribute in proportion to representation in the Parliament.

(c) The Sikhs and other religious minorities living out of Punjab should be adequately protected against any kind of discrimination.

2. The Shiromani Akali Dal would also endeavour to have the Indian Constitution recast on real federal principle, with equal representation at the centre for all the States.

3. The Shiromani Akali Dal strongly denounces the foreign policy of India framed by the Congress party. It is worthless, hopeless and highly detrimental to the intrests of the Country, the Nation and the Mankind at large. Shiromani Akali

Contd. at Page 29


Success Through Service & Experience

AWARD WINNER

OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

For Professional Market Evaluation or Consultation

Without any obligation, contact

Buying, Selling or Trading

ਮਕਾਨ ਵੇਚਣ ਜਾਂ ਖ੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

Ph. Bus: 437-9431 Res: 434-4660

UNITED REALTY LTD.

2443 Kingsway, Vancouver, B.C. V5R 5G8



Ajaib S. Janda

# ਕੈਨੇਡਾ ਦੀ ਸਮਕਾਲੀ ਪੰਜਾਬੀ ਕਵਿਤਾ ਅਤੇ ਕੁਝ ਸੰਬੰਧਿਤ ਮਸਲੇ

—ਸੁਖਿੰਦਰ—

(ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਪਿਛਲਾ ਅੰਕ ਦੇਖੋ)

5.

ਕੈਨੇਡਾ ਦੀ ਸਮਕਾਲੀ ਪੰਜਾਬੀ ਕਵਿਤਾ ਨਾਲ ਸੰਬੰਧਿਤ ਮਸਲਿਆਂ ਵਿਚੋਂ ਸਭ ਤੋਂ ਅਹਿਮ ਮਸਲਾ ਹੈ 'ਕੁਝ ਲੇਖਕਾਂ ਦਾ ਉਲਾਰ ਹੋ ਜਾਣਾ ਅਤੇ ਕਿਸੇ ਫਿਰਕੇ ਨਾਲ ਸੰਬੰਧਿਤ ਧਾਰਮਿਕ ਚਿੰਨ੍ਹਾਂ ਦੀ, ਆਪਣੀ ਕਵਿਤਾ ਵਿਚ, ਬਹੁਤਾਤ ਰੂਪ ਵਿਚ ਵਰਤੋਂ ਕਰਨੀ ।' ਇਸ ਸੰਕਟ ਦੌਰਾਨ ਜਦੋਂ ਕੈਨੇਡਾ ਦੇ ਪ੍ਰਗਤੀਵਾਦੀ ਸ਼ਾਇਰ ਸੁਰਿੰਦਰ ਧੰਜਲ ਨੇ ਕੁਝ ਅਜਿਹੇ ਸੁਭਾ ਵਾਲੀਆਂ ਨਜ਼ਮਾਂ ਵੀ ਲਿਖੀਆਂ ਤੇ ਉਸਦੀਆਂ ਨਜ਼ਮਾਂ ਦੇ ਪ੍ਰਗਤੀਵਾਦੀ ਸੁਭਾ ਬਾਰੇ ਕਈ ਵੇਰ ਕਿੰਤੂ ਹੋਣ ਲੱਗੇ :

ਹੇ ਗੁਰੂ !
ਉਨ੍ਹਾਂ ਚੰਦਰੀਆਂ ਘੜੀਆਂ ਨੂੰ
ਮੇਰੀਆਂ ਹੀ ਬਦਕਿਸਮਤ ਅੱਖਾਂ ਨੇ ਤੱਕਣਾ ਸੀ
ਜਦੋਂ ਚਾਂਦਨੀ ਚੌਂਕ ਦੇ ਜੱਲਾਦ
ਹਰਮੰਦਰ ਸਾਹਿਬ ਦੀ ਇੱਟ ਨਾਲ ਇੱਟ ਖੜਕਾਉਂਦੇ ਰਹੇ
ਉਨ੍ਹਾਂ ਬੇਰਹਿਮ ਗੋਲਿਆਂ ਦੇ ਖੜਾਕ ਨੂੰ
ਮੇਰੇ ਹੀ ਬਦਕਿਸਮਤ ਕੰਨਾਂ ਨੇ ਸੁਣਨਾ ਸੀ
ਜੋ ਅਕਾਲ ਤਖਤ ਦਾ ਸੀਨਾ
ਛਾਨਣੀ ਛਾਨਣੀ ਕਰਦੇ ਰਹੇ —
('ਮਿੱਤਰ ਪਿਆਰੇ ਨੂੰ' — ਸੁਰਿੰਦਰ ਧੰਜਲ)

ਸੁਰਿੰਦਰ ਧੰਜਲ ਦੀਆਂ ਇਹ ਕਵਿਤਾਵਾਂ ਪੰਜਾਬ ਦੀਆਂ ਰਾਜਨੀਤਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਅਤੇ ਘਟਨਾਵਾਂ ਨਾਲ ਸੰਬੰਧਿਤ ਹਨ । ਅਤੇ ਵਧੇਰੇ ਰਚਨਾਵਾਂ ਦੀ ਪ੍ਰਿਸ਼ਟਭੂਮੀ ਸਿੱਖ ਇਤਿਹਾਸ ਨੂੰ ਬਣਾਇਆ ਗਿਆ ਹੈ । ਇਨ੍ਹਾਂ ਰਚਨਾਵਾਂ ਵਿਚ 'ਹੁਕਮਨਾਮੇ', 'ਬਚਿਤਰ ਨਾਟਕ', 'ਗੁਰੂ', 'ਚੰਡੀ ਦੀ ਵਾਰ', 'ਭਾਈ ਘਨਈਆ', 'ਮਾਛੀਵਾੜਾ', 'ਮਿੱਤਰ ਪਿਆਰਾ', ਆਦਿ ਸਿੱਖ ਧਰਮ ਅਤੇ ਇਤਿਹਾਸ ਨਾਲ ਸੰਬੰਧਿਤ ਸ਼ਬਦਾਂ ਦੀ ਆਮ ਵਰਤੋਂ ਕੀਤੀ ਗਈ ਹੈ । ਅਜਿਹੀ ਕਿਸਮ ਦੀ ਜੁਝਾਰੂ ਸੁਭਾਅ ਵਾਲੀ ਕਵਿਤਾ 1965-70 ਦੇ ਦਰਮਿਆਨ ਨਕਸਲਵਾਦੀ ਲਹਿਰ ਨਾਲ ਸੰਬੰਧਿਤ ਕੁਝ ਸ਼ਾਇਰਾਂ ਵੱਲੋਂ ਵੀ ਰਚੀ ਗਈ ਸੀ । ਜਦੋਂ ਕਿ ਇਨ੍ਹਾਂ ਨਵਪ੍ਰਗਤੀਵਾਦੀ ਸ਼ਾਇਰਾਂ ਨੇ ਆਪਣੀ ਕਵਿਤਾ ਵਿੱਚ 'ਲੋਕ-ਯੁੱਧ' ਅਤੇ 'ਧਰਮ-ਯੁੱਧ' ਨੂੰ ਆਪਸ ਵਿਚ ਖਲਤ ਮਲਤ ਕਰ ਦਿੱਤਾ ਸੀ

ਅਜਿਹੀ ਕਿਸਮ ਦੀ ਕਵਿਤਾ ਲਿਖਣ ਵਾਲੇ ਪ੍ਰਗਤੀਵਾਦੀ ਸ਼ਾਇਰਾਂ ਨੇ ਮਾਨਸਿਕ-ਦਵੰਦ ਬਾਰੇ ਕਈ ਵੇਰ ਕਿੰਤੂ ਵੀ ਖੜੇ ਕੀਤੇ ਗਏ ਹਨ, ਕਿਉਂਕਿ ਧਾਰਮਕ ਚਿੰਨ੍ਹਾਂ ਦੀ ਵਧੇਰੇ ਵਰਤੋਂ ਕਰਨ ਨਾਲ ਕਵਿਤਾ ਇਕ ਖਤਰਨਾਕ ਰੁਝਾਨ ਵੀ ਪੈਦਾ ਕਰ ਸਕਦੀ ਹੈ । ਮੌਜੂਦਾ ਸਥਿਤੀ ਵਿਚ ਪੰਜਾਬ ਦੀਆਂ ਘਟਨਾਵਾਂ ਨੂੰ ਮੁੱਖ ਰੱਖਕੇ ਬਹੁਤ ਸਾਰੇ ਪੰਜਾਬੀ ਸ਼ਾਇਰ ਉਲਾਰ ਹੋ ਗਏ ਹਨ ਅਤੇ ਉਨ੍ਹਾਂ ਦਾ ਪ੍ਰਗਤੀਵਾਦ ਉਨ੍ਹਾਂ ਦੇ ਹੱਥਾਂ 'ਚੋਂ ਤਿਲਕ ਗਿਆ ਹੈ । ਅਜਿਹੀਆਂ ਸਥਿਤੀਆਂ ਵਿੱਚ ਉਲਾਰ ਹੋ ਜਾਣਾ ਇਹ ਜ਼ਾਹਿਰ ਕਰਦਾ ਹੈ ਕਿ ਧਾਰਮਕ ਜਨੂੰਨ ਕਈ ਵੇਰ ਕਿਸੇ ਲੇਖਕ ਦੇ ਅਚੇਤ ਮਨ ਵਿਚ ਕਿਤੇ ਲੁਕਿਆ ਹੁੰਦਾ ਹੈ ਅਤੇ ਮੌਕਾ ਮਿਲਦਿਆਂ ਹੀ ਸੁਚੇਤ ਮਨ ਉਤੇ ਕਾਬੂ ਪਾਕੇ ਬਾਹਰ ਆ ਜਾਂਦਾ ਹੈ ।#

(# ਭਾਵੇਂ ਕਿ ਕਈ ਲੇਖਕ ਇਸ ਵਿਸ਼ੇ ਉਤੇ ਮੇਰੇ ਨਾਲੋਂ ਭਿੰਨ ਵਿਚਾਰ ਵੀ ਰੱਖਦੇ ਹਨ):

'ਜੁਝਾਰ ਕਵਿਤਾ ਵਿਚ ਸਿੱਖ ਚਿੰਨ੍ਹਕਾਂ ਦੀ ਵਰਤੋਂ ਉਤੇ ਵਧੇਰੇ ਬਲ ਹੈ ਕਿਉਂਕਿ ਜਿਸ ਲਹਿਰ ਨਾਲ ਇਹ ਕਵਿਤਾ ਸਿੱਧੇ ਤੌਰ 'ਤੇ ਜੁੜੀ ਹੋਈ ਸੀ ਉਸ ਦਾ ਪ੍ਰਮੁੱਖ ਉਦੇਸ਼ ਪੰਜਾਬ ਦੇ ਖੇਤ-ਮਜ਼ਦੂਰ ਤੇ



'ਤੂਫਾਨ ਦੀਆਂ ਜੜ੍ਹਾਂ ਵਿਚ' ਦਾ ਕਰਤਾ
ਸੁਖਿੰਦਰ (ਕੈਨੇਡਾ)

ਕਿਸਾਨ ਤੱਕ ਪਹੁੰਚਣਾ ਸੀ । ਰਾਜਨੀਤਕ ਸਰਗਰਮੀ ਨੂੰ ਇਸ ਵਿਚ ਸਫਲਤਾ ਮਿਲੀ ਕਿ ਨਹੀਂ ਇਹ ਪ੍ਰਸ਼ਨ ਵੱਖਰਾ ਹੈ, ਪਰ, ਪ੍ਰਯੋਗਵਾਦ ਦੇ ਮਾਂਗਵੇਂ ਖੰਭਾਂ ਨਾਲ ਉਡਣ ਤੋਂ ਪਿਛੋਂ, ਇਸ ਕਵਿਤਾ ਰਾਹੀਂ ਪੰਜਾਬੀ ਕਵੀ ਆਪਣੀ ਕਲਚਰ ਨਾਲ ਇਕਸੁਰ ਹੋਣ ਵਿਚ ਵਧੇਰੇ ਸਫ਼ਲ ਹੋਇਆ ।'

(ਪ੍ਰਗਤਿਵਾਦ ਤੇ ਪੰਜਾਬੀ ਕਵਿਤਾ, ਕੇਸਰ ਸਿੰਘ ਕੇਸਰ, ਦਸਵੀਂ ਸਰਬ ਹਿੰਦ ਪੰਜਾਬੀ ਲੇਖਕ ਕਾਨਫਰੰਸ ਚੰਡੀਗੜ੍ਹ 25,26, 27 ਨਵੰਬਰ 1983, P. 25)

---

6.

ਪਰਚੇ ਦੇ ਇਸ ਅੰਤਲੇ ਹਿੱਸੇ ਵਿਚ ਮੈਂ ਕੁਝ ਗੱਲਾਂ ਸੰਖੇਪ ਪਰ ਬੜੇ ਸਪੱਸ਼ਟ ਸ਼ਬਦਾਂ ਵਿਚ ਦੁਹਰਾਉਣੀਆਂ ਚਾਹੁੰਦਾ ਹਾਂ । ਜਿੱਥੇ ਇਸ ਪਰਚੇ ਦਾ ਮੁੱਖ ਮੰਤਵ ਕੈਨੇਡਾ ਦੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਪਰਚਲਤ ਧਾਰਾਵਾਂ ਬਾਰੇ ਚਰਚਾ ਛੇੜਨਾ ਹੈ ਉਥੇ ਇਸ ਪਰਚੇ ਦਾ ਇਕ ਮੰਤਵ ਇਹ ਵੀ ਹੈ ਕਿ ਪੰਜਾਬੀ ਪਾਠਕਾਂ ਅਤੇ ਲੇਖਕਾਂ ਵਿਚ ਇਹ ਚੇਤਨਾ ਵੀ ਜਗਾਈ ਜਾਵੇ ਕਿ ਹੁਣ 'ਮਹਿਬੂਬਾ ਦੇ ਜ਼ੁਲਫਾਂ ਵਧਾ ਲੈਣ ਜਾਂ ਛੋਟੀਆਂ ਕਰ ਲੈਣ' ਜਿਹੇ ਵਿਸ਼ਿਆਂ ਉਤੇ ਲਿਖੀ ਜਾਣ ਵਾਲੀ ਕਵਿਤਾ ਦਾ ਸਮਾਂ ਬੀਤ ਗਿਆ ਹੈ । ਹੁਣ ਵੀ ਕਵਿਤਾ ਪਾਠਕ ਦੇ ਸੁੰਨ ਹੋ ਚੁੱਕੇ ਦਿਮਾਗ਼ ਨੂੰ ਝੰਜੋੜਣ ਵਾਲੀ ਕਵਿਤਾ ਹੈ । ਸੰਕਟ-ਗ੍ਰਸਤ ਸਮਿਆਂ ਵਿਚ ਪੈਦਾ ਹੋਣ ਵਾਲੀ ਕਿਸੇ ਵੀ ਕਲਾ-ਕ੍ਰਿਤੀ ਤੋਂ ਅਜਿਹੇ ਗੁਣਾਂ ਦੀ ਹੀ ਮੰਗ ਕੀਤੀ ਜਾਵੇਗੀ :

The work of art must grip the audience not through passive identification but through an appeal to reason which demands action and decision.[4]

ਸਮਕਾਲੀ ਕਵਿਤਾ ਇਸ ਗੱਲ ਉਤੇ ਵੀ ਜ਼ੋਰ ਦਿੰਦੀ ਹੈ ਕਿ ਮਨੁੱਖ ਦੀਆਂ ਆਰਥਿਕ ਸਮੱਸਿਆਵਾਂ ਦਾ ਸੁਲਝਾ ਸਭ ਤੋਂ ਵਧੇਰੇ ਧਿਆਨ ਮੰਗਦਾ ਹੈ । ਮੌਜੂਦਾ ਸੰਕਟ ਦੌਰਾਨ ਪੰਜਾਬੀ ਲੇਖਕਾਂ ਨੂੰ ਇਸ ਗੱਲ ਵੱਲੋਂ ਵੀ ਵਿਸ਼ੇਸ਼ ਤੌਰ ਉਤੇ ਚੇਤੰਨ ਹੋਣ ਦੀ ਲੋੜ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਕਿਸੇ ਫਿਰਕੇ ਵੱਲ ਉਲਾਰ ਨ ਹੋਣ ।

ਮੌਜੂਦਾ ਭ੍ਰਿਸ਼ਟ-ਰਾਜਨੀਤੀ ਨੇ ਜਿਸ ਜ਼ੋਰ ਨਾਲ ਸਾਡੀਆਂ ਰਾਜਨੀਤਕ, ਸਮਾਜਿਕ, ਸਾਹਿਤਕ, ਆਰਥਿਕ ਅਤੇ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਭ੍ਰਿਸ਼ਟ ਕਰਨ ਲਈ ਮਾਰੂ ਹਮਲਾ ਕੀਤਾ ਹੈ ਸਾਡੇ ਲੇਖਕਾਂ ਨੂੰ ਵੀ ਇਸ ਚੁਣੌਤੀ ਦਾ ਸਾਹਮਣਾ ਕਰਨ ਲਈ, ਕਾਵਿ ਦੀਆਂ ਸੁਹਜ-ਸ਼ਾਸ਼ਤਰੀ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ, ਓਨੀਆਂ ਹੀ ਤਿੱਖੀਆਂ ਅਤੇ ਜ਼ੋਰਦਾਰ ਰਚਨਾਵਾਂ ਲਿਖਣੀਆਂ ਪੈਣਗੀਆਂ, ਜੋ ਕਿ ਤੇਜ਼ ਧਾਰ ਵਾਲੇ ਬਲੇਡ ਵਾਂਗ ਮਨੁੱਖੀ ਜ਼ਿਹਨ ਨੂੰ ਚੀਰਨ ਦੀ ਸਮਰੱਥਾ ਰੱਖਦੀਆਂ ਹੋਣ । ਭਾਵੇਂ ਕਿ ਕੁਝ ਆਲੋਚਕ ਮੇਰੇ ਅਜਿਹੇ ਵਿਚਾਰਾਂ ਨੂੰ ਨਿਰਾ ਸ਼ੋਰ ਹੀ ਕਹਿਣਾ । ਪਰ ਇਸ ਸਮੇਂ, ਮੈਂ, ਇਨ੍ਹਾਂ ਆਲੋਚਕਾਂ ਦਾ ਧਿਆਨ, ਵੀਅਤਨਾਮ ਦੀ ਜੰਗ ਦੇ ਦਿਨਾਂ ਵਿਚ ਪ੍ਰਸਿੱਧ ਰਾਕ ਸਿੰਗਾਰ ਬਾਬ ਡਿਲਨ ਵੱਲੋਂ ਕਹੇ ਹੋਏ, ਉਨ੍ਹਾਂ ਸ਼ਬਦਾਂ ਵੱਲ ਦੁਆਉਣਾ ਚਾਹੁੰਦਾ ਹਾਂ, ਜੋ ਕਿ ਬਾਬ ਡਿਲਨ ਨੇ ਆਪਣੇ ਸਰੋਤਿਆਂ ਨੂੰ ਉਸ ਸਮੇਂ ਕਹੇ ਜਦੋਂ ਕਿ ਉਸਦੇ ਸਰੋਤਿਆਂ ਨੇ ਰਾਕ ਸਿੰਗਾਰ ਵਲੋਂ ਪਹਿਲੀ ਵਾਰੀ ਆਪਣੀ ਗਿਟਾਰ ਨੂੰ ਇਲੈਕਟ੍ਰਿਕ ਗਿਟਾਰ ਬਣਾਕੇ ਵਰਤੇ ਜਾਣ ਉਤੇ ਇਤਰਾਜ਼ ਕੀਤਾ ਸੀ । ਬਾਬ ਡਿਲਨ ਨੇ ਬੜੀ ਸੰਜੀਦਗੀ ਨਾਲ ਆਪਣੇ ਸਰੋਤਿਆਂ ਨੂੰ ਕਿਹਾ ਸੀ : "ਅੱਜ ਜਿੱਤਨੀ ਉਚੀ ਅਤੇ ਤਿੱਖੀ ਆਵਾਜ਼ ਨਾਲ ਵੀਅਤਨਾਮ ਦੇ ਲੋਕਾਂ ਉਤੇ ਬੰਬ ਵਰ੍ਹਾਏ ਜਾ ਰਹੇ ਹਨ ਸਾਡੀ ਪ੍ਰੋਟੈਸਟ ਦੀ ਆਵਾਜ਼ ਵੀ ਓਨੀ ਹੀ ਉਚੀ ਅਤੇ ਤਿੱਖੀ ਹੋਣੀ ਚਾਹੀਦੀ ਹੈ ।

([4] Ernst Fischer, The Necessity of Art, Panguin Books, 1981, P. 10)

(ਇਹ ਪਰਚਾ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵੱਲੋਂ , ਕੈਨੇਡਾ ਦੀ ਪੰਜਾਬੀ ਕਵਿਤਾ ਸੰਬੰਧੀ ਆਯੋਜਿਤ ਕੀਤੇ ਗਏ ਇਕ ਵਿਸ਼ੇਸ਼ ਸੈਮੀਨਾਰ ਵਿਚ ਅਪ੍ਰੈਲ 21, 1986 ਨੂੰ ਪੜ੍ਹਿਆ ਗਿਆ )।

## ਰਿਸ਼ਤਿਆਂ ਦੀ ਪਕੜ

"ਹੱਥ ਪੁਆਈਂ ਜੁਆਨਾ", ਇਕ ਧੀਮੀ ਆਵਾਜ਼ ਨੇ ਉਸ ਦਾ ਧਿਆਨ ਖਿੱਚ ਲਿਆ । ਤ੍ਰੇਲੇ ਘਾਹ ਨਾਲ ਲਿਬੜਨੋਂ ਤੇ ਸਕੂਲੋਂ ਲੇਟ ਹੋ ਜਾਣ ਦੇ ਡਰੋਂ, ਝਕਦਿਆਂ ਉਸ ਨੇ ਬ੍ਰੇਕ ਲਾਏ । ਘਾਹ ਦੀ ਪੰਡ ਚੁੱਕਣ ਲੱਗਿਆਂ, ਬਾਬੇ ਦਾ ਦਮ ਉਖੜ ਗਿਆ ਸੀ ।

"ਬਾਬਾ ਤੇਰੇ ਮੁੰਡੇ ਹੈ ਨਹੀਂ ?" ਉਸ ਨੇ ਪੁੱਛ ਹੀ ਲਿਆ ।

"ਚਾਰ ਐ, ਸ਼ੇਰਾ, ਤੈਨੂੰ ਪਤਾ ਐ ਅੱਜ ਕੱਲ੍ਹ ਦੀ ਔਲਾਦ ਦਾ । " ਬਾਬੇ ਨੇ ਸਾਰੀ ਜਵਾਨੀ ਨੂੰ ਹਲੂਣਾ ਦੇ ਮਾਰਿਆ ।

ਉਸ ਨੂੰ ਆਪਣੀ 'ਜਵਾਨੀ' 'ਤੇ ਸ਼ਰਮ ਮਹਿਸੂਸ ਹੋਈ । ਸਕੂਲ ਜਾਣ ਦੀ ਤੇਜ਼ੀ, ਮੀਟਿੰਗਾਂ ਮਹਿਫਲਾਂ, ਮੇਲ-ਮੁਲਾਕਾਤਾਂ ਤੇ ਕੰਮਾਂ ਤੋਂ ਉਹ ਕਦੇ ਵਿਹਲ ਨਹੀਂ ਕੱਢ ਸਕਿਆ । ਮਾਂ ਗੱਲ ਕਰਨ ਦੇ ਮੌਕੇ ਦੀ ਤਾੜ ਵਿਚ, ਉਸ ਵੱਲ ਤਕਦੀ ਰਹਿੰਦੀ ਹੈ । ਤੇਜ਼ ਰਫਤਾਰ ਜ਼ਿੰਦਗੀ ਅਤੇ ਆਰਥਿਕਤਾ ਦੇ ਬੋਝ ਨੇ ਰਿਸ਼ਤਿਆਂ ਦੀ ਪਕੜ ਕਿੰਨੀ ਢਿੱਲੀ ਕਰ ਦਿੱਤੀ ਹੈ ? ਉਹ ਸੋਚੀ ਜਾ ਰਿਹਾ ਸੀ ।

ਸੁਦਾਗਰ ਲੰਡੇ


ਮਰਕਰੀ - ਲਿੰਕਨ ਦੀਆਂ ਕਾਰਾਂ, ਫੋਰਡ ਟਰੱਕਾਂ
ਦੀਆਂ ਕਤਾਰਾਂ ਦੇਖਣ ਲਈ ਅੱਜ ਹੀ
ਗੁਰਦੀਪ ਮੁੱਤੀ ਨੂੰ ਫੋਨ ਕਰੋ



Used ਕਾਰਾਂ ਦੀ ਕੀਮਤ $299 ਤੋਂ ਸ਼ੁਰੂ ਹੁੰਦੀ ਹੈ ।
ਆਪ ਆ ਕੇ ਮਿਲੋ ਜਾਂ ਅੱਜ ਹੀ ਫੋਨ ਕਰੋ
BUS. 520-3055 RES. 521-2184

ਗੁਰਦੀਪ (ਗੋਰਡੀ) ਮੁੱਤੀ

MERCURY
LINCOLN

Ph. 520-3055

301 STEWARDSON WAY, NEW WESTMINSTER, B.C. V3M 2A5

New-West Lincoln Mercury

12th & 3rd Ave. New Westminister, B.C.


### 'ਕੈਨੇਡਾ ਦਰਪਣ' ਦੇ ਚੰਦੇ ਦਾ ਫਾਰਮ

### SUBSCRIPTION FORM

To
The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.......................................................
Address...................................................
City.........................................................
Province..................................................
Postal code..............................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA............................. | 100 dollars[a year] |
| U.S.A. .......................... | 30 dollars [a year] |
| Europe ......................... | 100 dollars[a year] |
| Africa .......................... | 100 dollars [a year] |

Contd. From Page 27

Dal shall extend its support only to that foreign policy of India which is based on the principles of peace and National interests. It strongly advocates a policy of peace with all neighbouring countries sepecially those inhabited by the Sikhs and their sacred shrines. The Akali Dal is of the firm view that our foreign policy should in no case play second fiddle to that of any other country.

4. The Shiromani Akali Dal shall raise its firm voice against any discrimination against any Sikh (or even other) employees of the central or state Governments. The Shiromani Akali Dal shall also endeavour to maintain the traditional position of the Sikhs in all the wings of the defence department and the Panth would pay particular attention to the needs of the Sikh Armymen. The Shiromani Akali Dal would also see that 'Kirpan' is accepted as an integral part of the Uniform of the Sikhs in Army.

5. It shall be the primary duty of the Shiromani Akali Dal to help rehabilitate the ex-servicemen of the Defence Department in the Civil life and or such a purpose it would extend them every help to enable them to organize themselves so that they are able to raise their voice in an effective way for gaining adequate concessions and proper safeguards for a life of self-respect and dignity.

6. The Shiromani Akali Dal is of the firm opinion that all those persons—males or females—who have not been convicted of any criminal offence by a court of law should be at liberty to possess all types of small arms, like, revolvers, guns, pistols, rifles, carbines etc., without any license, the only obligation being their registration.

7. The Shiromani Akali Dal seeks ban on the sale of liquor and other intoxicants and shall press for prohibition on the consumption of intoxicants and smoking on public places.

## The Economic Policy and Programme of the Shiromani Akali Dal

as adopted by its Working Committee on 17th October, 1973 at its meeting held at Sri Anandpur Sahib:

Although the mainstay of the Indian economy is agriculture and all those policital powers who claim to raise social structure on the basis of justice cannot afford to ignore this fact, yet this a hard fact that the levers of economics powers, continue to be in the hands of big traders, capitalists and monopolists. Some marginal benefits might have accrued to other classes, but the real benefits of economic growth have been reaped by these categories during the last 26 years after Independence. The political power has also been misappropriated by these classes which are wielding the same for their own benefits. As such, any peaceful attempt to usher in a new era of social justice would have to break the economic and political strongholds of these categories of people.

The Shiromani Akali Dal strongly advocates that the growing gulf between the rich and poor, in the urban and rural areas both should be abridged but, it is of the firm opinion that, for such a purpose, the first assault would have to be made on the classes who have assumed all the reins of economic power in their hands. In rural areas the Akali Dal determined to help the weaker classes, like the scheduled castes, backward classes, landless tenants, ordinary labourers, poor and middle class farmers. For such a purpose, it stands for meaningful land reforms which envisage a ceiling of 30 standard acres and the distribution of excess land among the poor farmers.

The motto of Shiromani Akali Dal is to provide employment for all, requisite food and clothing for all, a house to live in, suitable transport and to create means to fulfil all those necessities of a civilized life without which life appears incomplete.

As such, the economic policy of the Shiromani Akali Dal shall endeavour to achieve the following objectives:

### Agriculture Sector

During recent years the agriculture sector has witnessed land reforms and green revolution. The Shiromani Akali Dal undertakes to enrich the green revolution by an increase in yield per acre. It shall also ensure perceptible improvement in the standard of living of all rural classes, nore particularly of the poor and the middle class farmers, as also the landless labourers. For such a purpose it plans to work on the following lines:

(a) Introducing land reforms and measures for increasing agricultural production with a view to remove the growing gap between the rich and the poor. For such a purpose the existing legislation on land ceiling would have to be revised and a firm ceiling of 30 standard acres per family would have to be enforced with proprietory rights to the actual tillers. The excess land would be distributed among the landless tenants and poor farmers, while the cultivable government land lying unused shall be distributed among the landless classes especially the scheduled castes and tribes. While distributing such lands the intersets of Harijans and Landless labourers would be particularly taken care of. The Akali Dal would also consider the possibilities of allowing the tenants to service loans by mortgaging land under their plough, as also prohibiting the scheduled castes tribes and backward classes from mortagaging the land distributed among them.

(b) The Shiromani Akali Dal shall work for the modernization of farming and would also try to enable the middle class and poor farmers to seek loans and inputs made available by different agencies.

(c) The Shiromani Akali Dal shall try to fix the prices of the agricultural produce on the basis of the returns of the middle class farmers. Such prices would be notified well before the sowing season and only the State governments would be empowered to fix such prices.

(d) The Shiromani Akali Dal stands for complete nationalization of the trade in foodgrains and as such, shall endeavour to nationalize the wholesale trade in foodgrains through the establishment of state agencies.

(e) The Shiromani Akali Dal strongly opposes the demarcation of food zones and the attendant restrictions on the movements of foodgrains. The whole country should be the Single food zone.

The party shall make special efforts to bring the Thein Dam and the Bhatinda Thermal plant to a speedy completion so that increased and cheaper power and irrigation facilities are available. Decsure efforts would be made for the establishment of an Atomic power station in the State.

Co-operative societies would be set up in the rural areas. In all those areas where canal water is not available small irrigation projects would be taken in hand.

### Industrial Sector

The Shiromani Akali Dal strongly advocates that all Key industries should be brought under the public sector.

It is of the opinion that basic consumer industries should be immediatley nationalized to stablize the prices of the consumer goods and to save the poor consumer from exploitation at the hands of the industrialists and the middleman.

The public Sector industries should be established in such a way that the imbalance between different states is removed.

A planned effort to establish agro-industries in the rural areas should be made to relieve the growing population pressure in the urban areas. The industrial management should be democratized by enabling the workers to have a say in the management and by fair distribution of profits between the Industrialists and the workers. The credit agencies, especially the nationalized banks, should be directed to invest a fixed ratio of their deposits in the rural areas. Every industrial unit beyond worth one crore assets should be brought under the public sector. The Akali Dal stands for progressive nationalization of Transport.

The Public Sector units should be fully autonomous and manned by competent young exective drwan from a central pool of talent.

Contd. at Page 30

BHANDAL DRYWALL LTD.

3397 Kingsway, Vancouver, B.C.

Ph. 430-5011



Vice President
Karnail S. Bhandal

President
Jarnail S. Bhandal M.A.

Contd. From Page 29

## Economic Policy

The Shiromani Akali Dal demands that the whole tax structure be revised in such a way that the evasion of taxes and the flow of black money is completely eradicated. it stands for a simple and straight-forward system of taxation. The present infr-structure of taxation, weighs heavily against the poor and enables the rich to by pass it. The party stands for a more realistic policy in this respect so that the black money running a parallel economy may be usefully employed.

## Workers, Middle Class Employees and Agricultural Labour

1. For their benefits the Shiromani Akali Dal would try its best :

1. To fix need based wages for industrial workers.
2. To bring progressive improvement in the standard of living of government employees.
3. To re-assess the minimum wages of agricultural labour and to effect necessary improvements, if and when necessary.
4. To remove the lacunae in the Labour law to ensure a fair standard of living for them.
5. To take necessary steps to provide roofed accommodation for the rural and urban poor.

## Unemployment

The Shiromani Akali Dal stands for full employment in the country. For such a purpose it is of the firm opinion that the Govt. must provide immediate empolyment to the educated and trained persons, otherwise reasonable unemployment allowance should be paid to them. This amount should be shared by the centre and the state government. The minimum rates of such an allowance should be as under :

1. Matric and or trained hands Rs. 50/-per month
2. B.A. Rs. 75/-per month
3. M.A. Rs. 100/-per month
4. Engineers and Doctors Rs. 150/-per month
5. Other trained Labour Rs. 50/-per month

All persons above the age of 65 should be given old age pension.

## Weaker Section and Backward Classes

The Shiromani Akali Dal shall try to improve the economic condition of the backward classes and weaker sections of Society by extending them facilities for education, employment and other concessions, to enable them to come at par with other sections of society. Foodgrains at cheaper rates would be made available to them.

ਮੈਂ ਸਰਕਾਰੀ ਹਿੱਟ ਲਿਸਟ ਤੇ
ਅਤੇ ਵਿਰੋਧੀ ਧਿਰ ਦੀ ਹਿੱਟ ਲਿਸਟੇ ਵੀ
ਕਿਉਂਕਿ ਕੁਰਸੀਬਾਜ਼ ਇਹ ਦੋਵੇਂ
ਮੇਰੀ ਗ਼ਾਨੀ ਦੀ ਹਿੱਟ ਲਿਸਟੇ ਚੜ੍ਹੇ ਹੋਏ ਹਨ



ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਪਿੰਡ ਸੰਧਵਾਂ ਵਿਖੇ ਆਪਣੇ ਵੱਡੇ ਭਰਾ ਜਾਗੀਰ ਸਿੰਘ ਦੀ ਮ੍ਰਿਤਕ ਦੇਹ ਤੇ ਫੁਲਮਾਲਾ ਚੜ੍ਹਾਉਂਦੇ ਹੋਏ। ਉਹਨਾਂ ਨਾਲ ਪੰਜਾਬ ਦੇ ਰਾਜ ਮੰਤਰੀ ਸ੍ਰੀ ਕਸਤੂਰੀ ਲਾਲ ਅਤੇ ਕੁਝ ਨਜ਼ਦੀਕੀ ਰਿਸ਼ਤੇਦਾਰ ਦਿਖਾਈ ਦੇ ਰਹੇ ਹਨ।

ਅਜੀਤ ਫੋਟੋ : ਆਰ ਐਨ ਸਿੰਘ



ਸ਼ੀਸ਼ ਮਹਿਲ ਪਟਿਆਲਾ ਦੇ ਅਜਾਇਬ ਘਰ ਦਾ ਇਕ ਮਨਮੋਹਕ ਦ੍ਰਿਸ਼

ਫੋਟੋ : ਟੀ ਐੱਸ ਬੇਦੀ


Chevron

**Fine Automotive Ltd.**

15220-56th. Ave., Surrey, B.C. V3S 4N7

**Automotive Repairs & Services**

ਕਿਸੇ ਵੀ ਵੱਡੀ ਮੁਰੰਮਤ ਦੇ 10% off ਅਤੇ ਫਰੀ courtesy Car

- ☐ Tune ups ☐ Brakes ☐ Shocks
- ☐ Lubrications ☐ Exhaust ☐ Gas
- ☐ Electrical Welding ☐ Propane Conversion

Sarjit Hunjan Ph. 576-2014

Malkiat Hoonjan Service Manager



**FRIENDS AUTO BODY & PAINTING LTD.**

5605 BYRNE RD. BURNABY, B.C. Burnaby Auto Auction Building

PH. 430-4233



15 Years Exp

- ☐ I. C. B. C. JOB
- ☐ FREE ESTIMATES
- ☐ FREE COURTESY CAR
- ☐ RUST REPAIRS
- ☐ FIBRE GLASS OR CUT OUT WORK

YOU NEVER KNOW UNLESS YOU TRY

VISIT OR CALL



MR. GURU

# ਪੁਲਿਸ ਅਪਰੇਸ਼ਨ — 1

# "ਕਾਰ ਸੇਵਾ" ਬਾਰੇ ਵਾਦ ਵਿਵਾਦ

ਆਖਰ ਭਾਣਾ ਵਰਤ ਗਿਆ ਹੈ। ਜਿਸ ਤੋਂ ਡਰਦੇ ਸੀ, ਉਹੋ ਕੁਝ ਵਾਪਰ ਗਿਆ ਹੈ।

ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਕਥਿਤ ਦਹਿਸ਼ਤਪਸੰਦਾਂ ਅਤੇ ਦੇਸ਼ ਵਿਰੋਧੀ ਅੰਸਰਾਂ ਨੂੰ ਬਾਹਰ ਕੱਢਣ ਲਈ ਪੁਲਿਸ ਕਾਰਵਾਈ ਕੀਤੀ ਗਈ ਹੈ, ਜਿਸ ਬਾਰੇ ਰਲਵਾਂ ਮਿਲਵਾਂ ਪ੍ਰਤੀਕਰਮ ਹੋਇਆ ਹੈ। ਸਤਾਧਾਰੀ ਅਕਾਲੀ ਦਲ ਵਿਚ ਇਸ ਕਾਰਵਾਈ ਨੇ ਨਵੀਂ ਸਫਬੰਦੀ ਪੈਦਾ ਕਰ ਦਿਤੀ ਹੈ ਅਤੇ ਇਹ ਸਰਕਾਰ ਕਿਸੇ ਸਮੇਂ ਵੀ ਟੁੱਟ ਸਕਦੀ ਹੈ। ਪੁਲਿਸ ਕਾਰਵਾਈ ਦੇ ਸੰਮਰਥਕਾਂ ਅਤੇ ਆਲੋਚਕਾਂ ਵਲੋਂ ਆਪਣੇ ਹੱਕ ਵਿਚ ਦਲੀਲਾਂ ਅਤੇ ਬਿਆਨਾਂ ਦਾ ਸਿਲਸਲਾ ਚਲ ਰਿਹਾ ਹੈ, ਪਤਾ ਨਹੀਂ ਇਸ ਦਾ ਅੰਤ ਕੀ ਹੋਏਗਾ।

ਇਸ ਕਾਰਵਾਈ ਬਾਰੇ ਗੱਲ ਕਰਨ ਤੋਂ ਪਹਿਲਾਂ, ਉਨ੍ਹਾਂ ਹਾਲਾਤ ਦੀ ਗੱਲ ਕਰੀਏ, ਜਿਸ ਕਾਰਨ ਸਥਿਤੀ ਅੱਜ ਵਾਲੀ ਨਾਜ਼ਕ ਥਾਂ ਪਹੁੰਚ ਗਈ ਹੈ। ਪੁਲਿਸ ਕਾਰਵਾਈ ਸਮੇਂ ਪੈਦਾ ਹੋਏ ਹਾਲਾਤ ਲਈ ਜੋ ਸਥਿਤੀ ਪੈਦਾ ਹੋਈ, ਉਸਦਾ ਆਰੰਭ ਸ੍ਰੀ ਅਕਾਲ ਤਖਤ ਸਾਹਿਬ ਦੀ "ਕਾਰ ਸੇਵਾ" ਬਾਰੇ ਪੈਦਾ ਹੋਏ ਵਾਦ ਵਿਵਾਦ ਚੋਂ ਹੋਇਆ ਸੀ। ਆਓ, ਇਸ ਦੇ ਪਿਛੋਕੜ ਵਲ ਚਲੀਏ।

ਜੂਨ 1984 ਵਿਚ ਫੌਜੀ ਕਾਰਵਾਈ ਸਮੇਂ ਸ੍ਰੀ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਕਾਫੀ ਨੁਕਸਾਨ ਪੁੱਜਾ ਸੀ। ਇਸ ਦੌਰਾਨ ਸਾਰੇ ਸੀਨੀਅਰ ਅਕਾਲੀ ਲੀਡਰ ਗ੍ਰਿਫਤਾਰ ਕਰਕੇ ਕੌਮੀ ਸੁਰੱਖਿਆ ਐਕਟ ਅਧੀਨ ਪੰਜਾਬ ਤੋਂ ਬਾਹਰ ਵੱਖ ਵੱਖ ਜੇਲਾਂ ਵਿਚ ਬੰਦ ਕਰ ਦਿਤੇ ਗਏ। ਪੰਜ ਸਿੰਘ ਸਾਹਿਬਾਨ ਨੇ 17 ਜੂਨ ਨੂੰ ਆਪਣੀ ਪਹਿਲੀ ਮੀਟਿੰਗ ਵਿਚ ਇਹ ਫੈਸਲਾ ਕੀਤਾ, 'ਸ੍ਰੀ ਅਕਾਲ ਤਖਤ ਸਾਹਿਬ ਦੀ ਮੌਜੂਦਾ ਇਮਾਰਤ ਜੋ ਫੌਜੀ ਐਕਸ਼ਨ ਨਾਲ ਢਹਿ ਗਈ ਹੈ ਤੇ ਬਾਕੀ ਖਸਤਾ ਹੋ ਗਈ ਹੈ, ਇਸ ਲਈ ਇਸ ਨੂੰ ਨਵੇਂ ਸਿਰੇ ਤੋਂ ਉਸਾਰਿਆ ਜਾਏ। ਤਖਤ ਸਾਹਿਬ ਦਾ ਨਕਸ਼ਾ ਪਹਿਲੇ ਵਾਲਾ ਰੱਖਿਆ ਜਾਏ। ਸ੍ਰੀ ਅਕਾਲ ਤਖਤ ਸਾਹਿਬ ਦੀ ਨਵੀਂ ਇਮਾਰਤ ਦੀ ਕਾਰ ਸੇਵਾ ਸੰਤ ਬਾਬਾ ਹਰਚੰਦ ਸਿੰਘ ਜੀ ਅਤੇ ਬਾਬਾ ਕਰਨੈਲ ਸਿੰਘ ਜੀ ਨੂੰ ਸੌਂਪੀ ਜਾਂਦੀ ਹੈ ਅਤੇ ਉਨ੍ਹਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕਾਰਜ ਨੂੰ ਛੇਤੀ ਤੋਂ ਛੇਤੀ ਨੇਪਰੇ ਚਾੜ੍ਹਿਆ ਜਾਏ।" ਬਾਬਾ ਹਰਬੰਸ ਸਿੰਘ ਜੀ ਨੇ ਸ਼ਰਤ ਰਖੀ ਸੀ ਕਿ ਪਹਿਲਾਂ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿਚੋਂ ਫੌਜ ਨੂੰ ਵਾਪਸ ਬੁਲਾ ਲਿਆ ਜਾਏ ਅਤੇ ਦੂਜੇ ਉਹ ਕਾਰ ਸੇਵਾ ਬਾਬਾ ਖੜਕ ਸਿੰਘ ਜੀ ਦੇ ਸਹਿਯੋਗ ਨਾਲ ਕਰਨਗੇ। ਇਹ ਗੱਲ ਸਿਰੇ ਨਾ ਚੜ੍ਹੀ। ਸਰਕਾਰ ਨੇ 17 ਜੁਲਾਈ ਨੂੰ ਕਾਰ ਸੇਵਾ ਨਿਹੰਗ ਮੁਖੀ ਬਾਬਾ ਸੰਤਾ ਸਿੰਘ ਨੂੰ ਸੌਂਪ ਦਿੱਤੀ। ਸਿੰਘ ਸਾਹਿਬਾਨ ਨੇ ਬਾਬਾ ਸੰਤਾ ਸਿੰਘ ਨੂੰ ਸਿੱਖੀ ਅਸੂਲਾਂ ਅਤੇ ਪਰੰਪਰਾਵਾਂ ਦੀ ਉਲੰਘਣਾ ਕਰਨ ਦੇ ਦੋਸ਼ ਵਿਚ ਸਿਖ ਪੰਥ 'ਚੋਂ ਖਾਰਜ ਕਰ ਦਿੱਤਾ।

ਸ਼੍ਰੋਮਣੀ ਕਮੇਟੀ ਦੀ ਅੰਤ੍ਰਿਮ ਕਮੇਟੀ ਦੀ ਮੀਟਿੰਗ ਗੁਰੂ ਰਾਮਦਾਸ ਹਸਪਤਾਲ, ਜਿਥੇ ਉਹ ਆਪਣੇ ਦਫਤਰ ਲੈ ਗਏ ਸਨ, ਵਿਖੇ ਜੁਲਾਈ ਦੇ ਆਖਰੀ ਹਫਤੇ ਹੋਈ ਜਿਸ ਵਿਚ ਕਾਰ ਸੇਵਾ ਬਾਬਾ ਖੜਕ ਸਿੰਘ ਜੀ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ। ਉਧਰ ਫੌਜੀ ਪਹਿਰੇ ਹੇਠ ਕਾਰ ਸੇਵਾ ਚਲਦੀ ਰਹੀ। 29 ਸਤੰਬਰ ਨੂੰ ਕੰਪਲੈਕਸ ਸਿੰਘ ਸਾਹਿਬਾਨ ਅਤੇ ਸ਼੍ਰੋਮਣੀ ਕਮੇਟੀ ਨੂੰ ਵਾਪਸ ਸੌਂਪ ਦਿੱਤਾ ਗਿਆ। ਉਨ੍ਹਾਂ ਉਸੇ ਦਿਨ ਅਕਾਲ ਤਖਤ ਨੂੰ ਦੁੱਧ ਅਤੇ ਪਵਿੱਤਰ ਸਰੋਵਰ ਦੇ ਜਲ ਨਾਲ ਧੋ ਕੇ ਅਖੰਡਪਾਠ ਸ਼ੁਰੂ ਕਰ ਦਿੱਤਾ ਅਤੇ ਪਹਿਲੀ ਅਕਤੂਬਰ ਨੂੰ 'ਸ਼ੁਕਰਾਨਾ' ਦਿਵਸ ਮਨਾਇਆ। ਉਸੇ ਦਿਨ ਖਾੜਕੂ ਨੌਜਵਾਨਾਂ ਨੇ ਸਿੰਘ ਸਾਹਿਬਾਨ ਤੋਂ ਸਟੇਜ ਖੋਹ ਲਈ। ਬੜੇ ਗਰਮ ਭਾਸ਼ਣ ਕੀਤੇ ਅਤੇ ਦਰਸ਼ਨੀ ਡਿਓੜੀ ਉਤੇ ਖਾਲਿਸਤਾਨ ਦਾ ਝੰਡਾ ਲਹਿਰਾ ਦਿੱਤਾ। ਇਸ ਉਤੇ ਫੌਜ ਫਿਰ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋਈ ਅਤੇ 300-350 ਦੇ ਕਰੀਬ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ।

ਕਈ ਅਕਾਲੀ ਲੀਡਰ ਮਾਰਚ 1985 ਦੇ ਦੂਜੇ ਹਫਤੇ ਜੇਲਾਂ ਤੋਂ ਰਿਹਾਅ ਕੀਤੇ ਗਏ। ਅਤੇ ਹਰਚੰਦ ਸਿੰਘ ਲੌਂਗੋਵਾਲ 13 ਮਾਰਚ ਨੂੰ ਅੰਮ੍ਰਿਤਸਰ ਪਹੁੰਚੇ। ਸ਼ਾਮ ਨੂੰ ਉਨ੍ਹਾਂ ਨੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕੀਤਾ। ਪਤਰਕਾਰਾਂ ਨੇ ਜਦੋਂ ਉਨ੍ਹਾਂ ਤੋਂ ਪੁੱਛਿਆ ਕਿ ਕੀ ਅਕਾਲ ਤਖਤ ਦੀ ਮੌਜੂਦਾ ਇਮਾਰਤ ਹੀ ਪਰਵਾਨ ਕਰ ਲਈ ਜਾਏਗੀ ਜਾਂ ਢਾਹ ਕੇ ਨਵੀਂ ਇਮਾਰਤ ਬਣਾਈ ਜਾਏਗੀ, ਤਾਂ ਉਨ੍ਹਾਂ ਜਵਾਬ ਦਿੱਤਾ, " ਇਹ ਇਕ ਪੰਥਕ ਮਸਲਾ ਹੈ ਅਤੇ ਸਾਰਾ ਪੰਥ ਹੀ ਇਸ ਬਾਰੇ ਕੋਈ ਫੈਸਲਾ ਕਰੇਗਾ।" ਸ਼੍ਰੋਮਣੀ ਕਮੇਟੀ ਦੇ ਉਸ ਸਮੇਂ ਦੇ ਪਰਧਾਨ ਸ: ਗੁਰਚਰਨ ਸਿੰਘ ਟੌਹੜਾ ਅਪਰੈਲ ਵਿਚ ਜੇਲ੍ਹ ਤੋਂ ਰਿਹਾਅ ਹੋ ਕੇ ਅੰਮ੍ਰਿਤਸਰ ਆਏ। ਉਸੇ ਸ਼ਾਮ ਉਨ੍ਹਾਂ ਨੇ ਵੀ ਪ੍ਰੈਸ ਕਾਨਫਰੰਸ ਕੀਤੀ। ਪਤਰਕਾਰਾਂ ਨੇ ਉਹੋ ਸਵਾਲ ਉਨ੍ਹਾਂ ਤੋਂ ਪੁੱਛਿਆ (ਮੈਂ ਦੋਨੋਂ ਪ੍ਰੈਸ ਕਾਨਫਰੰਸਾਂ ਵੇਲੇ ਹਾਜ਼ਰ ਸੀ) ਤਾਂ ਉਨ੍ਹਾਂ ਜਵਾਬ ਦਿੱਤਾ ਕਿ ਮੌਜੂਦਾ ਇਮਾਰਤ ਢਾਹ ਕੇ ਨਵੀਂ ਇਮਾਰਤ ਬਣਾਈ ਜਾਏਗੀ. (ਉਹ ਖੁਦ ਹੀ ਪੰਥ ਬਣ ਗਏ) ਸੰਤ ਜੀ ਇਕ ਮਹੀਨਾ ਪਹਿਲਾਂ ਰਿਹਾਅ ਹੋਏ ਸਨ ਅਤੇ ਉਨ੍ਹਾਂ ਨੇ ਥਾਂ ਥਾਂ ਕਾਨਫਰੰਸਾਂ ਕੀਤੀਆਂ ਸਨ। ਕਈ ਥਾਵਾਂ ਤੇ ਖਾੜਕੂ ਨੌਜਵਾਨਾਂ ਨੇ ਕਾਨਫਰੰਸਾਂ ਦੌਰਾਨ ਗੜਬੜ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਸੰਤ ਭਿੰਡਰਾਂਵਾਲੇ ਅਤੇ ਖਾਲਿਸਤਾਨ ਦੇ ਹੱਕ ਵਿਚ ਨਾਹਰੇ ਲਗਾਏ ਸਨ। ਟੌਹੜਾ ਸਾਹਿਬ ਨੇ ਸ਼ਾਇਦ ਖਾੜਕੂ ਨੌਜਵਾਨਾਂ ਦੇ ਜੋਸ਼ ਤੋਂ ਡਰ ਕੇ ਹੀ ਇਹ ਐਲਾਨ ਕਰ ਦਿੱਤਾ ਸੀ।

ਆਮ ਖਿਅਲ ਸੀ ਕਿ ਬਰਸਾਤ ਦੇ ਮੌਸਮ ਪਿਛੋਂ ਨਵੀਂ ਇਮਾਰਤ ਦਾ ਕੰਮ ਸ਼ੁਰੂ ਕੀਤਾ ਜਾਏਗਾ। ਸ਼੍ਰੋਮਣੀ ਕਮੇਟੀ ਵਲੋਂ ਇਕ ਵਾਰੀ ਇਹ ਵੀ ਸੰਕੇਤ ਦਿਤਾ ਗਿਆ ਸੀ ਕਿ ਅੰਮ੍ਰਿਤਸਰ ਪਵਿੱਤਰ ਨਗਰੀ ਦੇ ਬਾਨੀ ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਉਤਸਵ ਸਮੇਂ 30 ਅਕਤੂਬਰ ਤੋਂ ਕਾਰ ਸੇਵਾ ਸ਼ੁਰੂ ਕੀਤੀ ਜਾਏਗੀ। ਇਸੇ ਦੌਰਾਨ ਟੌਹੜਾ ਸਾਹਿਬ ਵਲੋਂ 14 ਨਵੰਬਰ ਨੂੰ ਸਿਖ ਸੰਸਥਾਵਾਂ, ਸੰਪਰਦਾਵਾਂ ਅਤੇ ਸੰਤ ਮਹਾਂਪੁਰਖਾਂ ਦੀ "ਕਾਰ ਸੇਵਾ" ਬਾਰੇ ਵਿਚਾਰ ਵਟਾਂਦਰਾ ਕਰਨ ਲਈ ਮੀਟਿੰਗ ਬੁਲਾਉਣ ਬਾਰੇ ਕਿਹਾ ਗਿਆ। ਪਰ ਮੀਟਿੰਗ ਨਾਂ ਬੁਲਾਈ ਗਈ। ਫਿਰ ਸੰਕੇਤ ਦਿੱਤਾ ਗਿਆ ਕਿ ਇਹ ਮੀਟਿੰਗ 29 ਨਵੰਬਰ ਨੂੰ ਦੁਪਿਹਰ ਤੋਂ ਪਹਿਲਾਂ ਬੁਲਾਈ ਜਾਏਗੀ, ਬਾਅਦ ਦੁਪਿਹਰ ਸ਼੍ਰੋਮਣੀ ਕਮੇਟੀ ਦਾ ਅਜਲਾਸ ਹੋਣਾ ਸੀ। ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਨੇ ਕਈ ਵਾਰੀ ਖੁਲ੍ਹੇ ਆਮ ਸ਼੍ਰੋਮਣੀ ਕਮੇਟੀ ਨੂੰ ਚੇਤਾਵਨੀ ਦਿਤੀ ਸੀ ਕਿ ਨਵੀਂ ਇਮਾਰਤ ਦੀ ਕਾਰ ਸੇਵਾ ਸ਼ੁਰੂ ਕੀਤੀ ਜਾਏ, ਨਹੀਂ ਤਾਂ ਉਹ ਕਾਰ ਸੇਵਾ ਆਪਣੇ ਆਪ ਸ਼ੁਰੂ ਕਰ ਦੇਣਗੇ। ਮੰਜੀ ਸਾਹਿਬ ਵਿਖੇ 31 ਅਕਤੂਬਰ ਨੂੰ ਬੇਅੰਤ ਸਿੰਘ ਦੀ "ਸ਼ਹਾਦਤ" ਦੀ ਪਹਿਲੀ ਬਰਸੀ ਮਨਾਉਣ ਉਪਰੰਤ ਉਨ੍ਹਾਂ ਨੇ ਚਿੰਨ੍ਹ ਪਾਤਰ, ਅਕਾਲ ਤਖਤ ਦੇ ਸੰਗਮਰਮਰ ਦੇ ਜੰਗਲੇ ਤੋੜ ਦਿਤੇ ਸਨ। ਟੌਹੜਾ ਸਾਹਿਬ ਨੇ ਦੀਵਾਰ ਤੇ ਲਿਖਿਆ ਫਿਰ ਵੀ ਨਾ ਪੜ੍ਹਿਆ ਉਹ ਕਾਰ ਸੇਵਾ ਦੀ ਨਿਸਬਤ ਆਪਣੀ ਪ੍ਰਧਾਨਗੀ ਪੱਕੀ ਕਰਨ ਲਈ ਵੱਖ ਵੱਖ ਜ਼ਿਲਿਆਂ ਵਿਚ ਜਾ ਕੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਮਿਲਣ ਵਲ ਹੀ ਰੁਝੇ ਰਹੇ। 29 ਨਵੰਬਰ ਨੂੰ ਵੀ ਕਾਰ ਸੇਵਾ ਬਾਰੇ ਮੀਟਿੰਗ ਨਾ ਹੋ ਸਕੀ, ਪਰ ਉਹ ਪ੍ਰਧਾਨ ਜ਼ਰੂਰ ਫਿਰ ਚੁਣ ਲਏ ਗਏ। ਕਾਰ ਸੇਵਾ ਦੀ ਗੱਲ ਫਿਰ ਅਖੋਂ ਪਰੋਖੇ ਕਰ ਦਿੱਤੀ ਗਈ। ਇਸੇ ਦੌਰਾਨ ਫੈਡਰੇਸ਼ਨ ਦੇ ਨਾਲ ਦਮਦਮੀ ਟਕਸਾਲ ਦੇ ਖਾੜਕੂ ਨੌਜਵਾਨ ਵੀ ਸਰਗਰਮ ਹੋ ਗਏ। ਭਾਈ ਮੋਹਕਮ ਸਿੰਘ ਦੇ ਕਹਿਣ ਅਨੁਸਾਰ 24 ਜਾਂ 25 ਦਸੰਬਰ ਨੂੰ ਲੁਧਿਆਣੇ ਇਕ ਮੀਟਿੰਗ ਦੌਰਾਨ ਦਮਦਮੀ ਟਕਸਾਲ ਨੂੰ ਕਾਰ ਸੇਵਾ ਦੇਣ ਦਾ "ਬਚਨ" ਦਿਤਾ। ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇਕਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਮ ਕਮੇਟੀ ਬਾਬਾ ਖੜਕ ਸਿੰਘ ਜੀ ਨੂੰ ਕਾਰ ਸੇਵਾ ਦੇਣ ਬਾਰੇ ਇਕਰਾਰ ਕਰ ਹੀ ਲਿਆ ਸੀ, ਤਾਂ ਵੀ ਠੀਕ ਸੀ, ਇਸ ਬਾਰੇ ਵਾਦਵਿਵਾਦ ਲਈ ਉਹ ਪੂਰੇ ਤੌਰ ਤੇ ਜ਼ੁੰਮੇਵਾਰ ਹਨ। ਦਮਦਮੀ ਟਕਸਾਲ ਨੇ 29 ਦਸੰਬਰ ਨੂੰ ਚੌਂਕ ਮਹਿਤਾ 'ਸ਼ਹੀਦੀ ਸਮਾਗਮ' ਬੁਲਾਇਆ ਹੋਇਆ ਸੀ। ਟੌਹੜਾ ਸਾਹਿਬ ਨੇ ਸਮਾਗਮ ਤੋਂ ਇਕ ਦਿਨ ਪਹਿਲਾਂ ਐਲਾਨ ਕੀਤਾ ਕਿ ਕਾਰ ਸੇਵਾ 27 ਜਨਵਰੀ ਤੋਂ ਸ਼ੁਰੂ ਕੀਤੀ ਜਾਏਗੀ। ਇਕ ਦਿਨ ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਜਨਮ ਦਿਵਸ ਸੀ। ਸ਼ਹੀਦੀ ਸਮਾਗਮ ਦੌਰਾਨ ਟਕਸਾਲ ਨੇ ਸ਼੍ਰੋਮਣੀ ਕਮੇਟੀ ਵਾਲੀ ਤਾਰੀਖ ਰੱਦ ਕਰ ਦਿਤੀ ਅਤੇ ਐਲਾਨ ਕੀਤਾ ਕਿ ਕਾਰ ਸੇਵਾ 26 ਜਨਵਰੀ ਨੂੰ ਸ਼ੁਰੂ ਕੀਤੀ ਜਾਏਗੀ। ਉਸੇ ਦਿਨ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਵਿਖੇ 'ਸਰਬੱਤ ਖਾਲਸਾ' ਸਮਾਗਮ ਵੀ ਬੁਲਾ ਲਿਆ। ਸ਼੍ਰੋਮਣੀ ਕਮੇਟੀਦੇ ਕੰਨਾਂ ਤੇ ਫਿਰ ਵੀ ਜੂੰ ਨਹੀਂ ਸਰਕੀ। ਖਾੜਕੂਆਂ ਨੇ 14 ਜਨਵਰੀ ਨੂੰ ਦਿਨ ਦਿਹਾੜੇ ਕੰਪਲੈਕਸ ਅੰਦਰ ਡਾਕਖਾਨੇ ਲਾਗੇ ਸ਼੍ਰੋਮਣੀ ਕਮੇਟੀ ਦੇ ਹੀ ਕਮਰਿਆਂ ਵਿਚ 'ਕਾਰ ਸੇਵਾ' ਬਾਰੇ ਦਮਦਮੀ ਟਕਸਾਲ ਦਾ ਸਬ-ਆਫਿਸ ਖੋਹਲ ਲਿਆ ਅਤੇ2/3 ਦਿਨਾਂ ਪਿਛੋਂ ਅਕਾਲ ਤਖਤ ਦੇ ਲਾਗੇ ਹੀ 'ਕਾਰਸੇਵਾ' ਸ਼ੁਰੂ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠਾਂ ਦੀ ਲੜੀ ਵੀ ਸ਼ੁਰੂ ਕਰ ਦਿਤੀ। ਹੁਣ ਸ਼੍ਰੋਮਣੀ ਕਮੇਟੀ ਦੀ ਅੱਖ ਖੁੱਲ੍ਹੀ ਅਤੇ ਟਕਸਾਲ ਨਾਲ ਗੱਲਬਾਤ ਸ਼ੁਰੂ ਕਰਨ ਦੇ ਯਤਨ ਆਰੰਭੇ ਗਏ। ਇਸੇ ਦੌਰਾਨ 19 ਜਨਵਰੀ ਨੂੰ ਮੁਖ ਮੰਤਰੀ ਸ੍ਰ: ਸੁਰਜੀਤ ਸਿੰਘ ਬਰਨਾਲਾ ਦਾ ਲੜਕਾ ਗਗਨਦੀਪ ਸਿੰਘ ਆਪਣੇ ਹਥਿਆਰਬੰਦ ਸਮਰਥਕਾਂ ਨੂੰ ਲੈ ਕੇ ਅੰਮ੍ਰਿਤਸਰ ਆਇਆ ਸੀ ਤੇ ਉਸ ਨੇ ਤੁਰਨ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਉਹ ਕੰਪਲੈਕਸ ਵਿਚੋਂ ਫੈਡਰੇਸ਼ਨ ਤੇ ਟਕਸਾਲ ਦੇ ਖਾੜਕੂ ਨੌਜਵਾਨਾਂ ਨੂੰ ਬਾਹਰ ਕੱਢ ਦੇਵੇਗਾ। ਉਹ ਦੇ ਸਮਰਥਕ ਸ੍ਰੀ ਦਰਬਾਰ ਸਾਹਿਬ ਅੰਦਰ ਗੋਲੀ ਚਲਾਉਣ ਦੀ ਗਲਤੀ ਕਰ ਬੈਠੇ, ਭਾਵੇਂ ਕਿ ਇਸ ਲਈ ਉਨ੍ਹਾਂ ਨੂੰ ਉਤੇਜਿਤ (Provoke) ਕੀਤਾ ਗਿਆ ਸੀ। ਇਸੇ ਦੌਰਾਨ ਟੌਹੜਾ ਸਾਹਿਬ ਨੇ ਅੰਮ੍ਰਿਤਸਰ ਦੇ ਸਰਕਟ ਹਾਊਸ ਬੈਠ ਕੇ ਟਕਸਾਲ ਨਾਲ ਗਲਬਾਤ ਸ਼ੁਰੂ ਕੀਤੀ। ਇਕ ਸਮਝੌਤੇ ਅਨੁਸਾਰ ਦਮਦਮੀ ਟਕਸਾਲ ਦੇ ਮੌਜੂਦਾ ਮੁਖੀ, ਬਾਬਾ ਠਾਕਰ ਸਿੰਘ ਜੀ ਦੀ ਰਹਿਨਮਾਈ ਹੇਠ ਪੰਜ ਸੰਤ ਮਹਾਂਪੁਰਖਾਂ ਨੂੰ ਕਾਰ ਸੇਵਾ ਸੌਂਪੀ ਗਈ। ਬਾਕੀ ਸੰਤਾਂ ਵਿਚ ਬਾਬਾ ਜਗਤਾਰ ਸਿੰਘ, ਬਾਬਾ ਦੀਵਾਨ ਸਿੰਘ, ਬਾਬਾ ਹਰਬੰਸ ਸਿੰਘ ਅਤੇ ਬਾਬਾ ਉਤਮ ਸਿੰਘ ਬਾਰੇ ਸਹਿਮਤੀ ਹੋਈ। ਇਸ ਗੱਲ ਦਾ ਐਲਾਨ 22 ਜਨਵਰੀ ਨੂੰ ਅਕਾਲੀ ਦਲ ਦੀ ਪਹਿਲਾਂ ਹੀ ਸੱਦੀ ਗਈ ਇਕ ਮੀਟਿੰਗ ਉਪਰੰਤ ਕਰਨਾ ਸੀ। ਤੇਜਾ ਸਿੰਘ ਸਮੁੰਦਰੀ ਹਾਲ ਵਿਚ ਜਦੋਂ ਮੀਟਿੰਗ ਹੋ ਰਹੀ ਸੀ, ਜਿਸ ਨੇ ਇਸ ਸਮਝੌਤੇ ਦੀ ਪਰਵਾਨਗੀ ਦੇ ਦਿਤੀ, ਤਾਂ ਖਾੜਕੂ ਨੌਜਵਾਨ ਨੰਗੀਆਂ ਤਲਵਾਰਾਂ ਲਹਿਰਾਉਂਦੇ ਹੋਏ ਕੰਪਲੈਕਸ ਵਿਚਕਾਰਲੀ ਸੜਕ ਤੇ ਫਲੈਗ ਮਾਰਚ ਕਰ ਰਹੇ ਸਨ ਤੇ ਸੰਤ ਲੌਂਗੋਵਾਲ ਅਤੇ ਸ੍ਰ: ਬਰਨਾਲਾ ਦੀ ਸ਼ਾਨ ਵਿਰੁੱਧ ਨਾਅਰੇ ਲਗਾ ਰਹੇ ਸਨ। ਇਸ ਤੇ ਸਰਦਾਰ ਬਰਨਾਲਾ ਤੇ ਸ੍ਰ: ਪਰਕਾਸ਼ ਸਿੰਘ ਬਾਦਲ ਨੇ ਜਥੇਦਾਰ ਟੌਹੜਾ ਤੋਂ ਪੁੱਛਿਆ, 'ਟੌਹੜਾ ਸਾਹਿਬ, ਇਹ ਤੁਹਾਡਾ ਸਮਝੌਤਾ ਹੋਇਆ ਹੈ— ਫਿਰ ਸਾਨੂੰ ਇਥੇ ਬੁਲਾਉਣ ਦੀ ਕੀ ਲੋੜ ਸੀ?'—ਖੈਰ ਟੌਹੜਾ ਸਾਹਿਬ ਨੇ ਸਮੁੰਦਰੀ ਹਾਲ ਦੀ ਬਾਲਕੋਨੀ ਤੋਂ ਲਾਊਡ ਸਪੀਕਰ ਤੇ ਪੰਜ ਸੰਤ ਮਹਾਂਪੁਰਖਾਂ ਨੂੰ ਕਾਰ ਸੇਵਾ ਬਾਰੇ ਐਲਾਨ ਕੀਤਾ। ਦਰਅਸਲ ਇਹ ਟਕਸਾਲ ਅਗੇ ਆਤਮ ਸਮਰਪਣ ਸੀ।

# ਪੁਲਿਸ ਅਪਰੇਸ਼ਨ — 2

# "ਸਰਬਤ ਖਾਲਸਾ"

ਸ਼੍ਰੋਮਣੀ ਕਮੇਟੀ ਦੇ ਆਖਣ ਅਨੁਸਾਰ ਦਮਦਮੀ ਟਕਸਾਲ ਨਾਲ ਹੋਏ ਸਮਝੌਤੇ ਅਨੁਸਾਰ 26 ਜਨਵਰੀ ਵਾਲੇ " ਸਰਬੱਤ ਖਾਲਸਾ" ਸਮਾਗਮ ਵਿਚ ਕੇਵਲ "ਕਾਰ ਸੇਵਾ" ਬਾਰੇ ਹੀ ਵਿਚਾਰਾਂ ਹੋਣੀਆਂ ਸਨ। ਟਕਸਾਲ ਵਲੋਂ ਮਿਥੇ ਪਰੋਗਰਾਮ ਅਨੁਸਾਰ ਸ੍ਰੀ ਅਕਾਲ ਤਖਤ ਦੇ ਹਜ਼ੂਰ 'ਸਰਬੱਤ ਖਾਲਸਾ" ਸਮਾਗਮ ਹੋਇਆ। ਇਸ ਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸੰਯੁਕਤ ਅਕਾਲੀ ਦਲ ਵਲੋਂ ਵੀ ਪੂਰੀ ਹਿਮਾਇਤ ਸ਼ਾਮਲ ਸੀ। ਨਿਰਸੰਦੇਹ ਇਸ ਸਮਾਗਮ ਵਿਚ ਆਸ ਨਾਲੋਂ ਵੱਧ ਖਾੜਕੂ ਸਿੱਖ-ਵਿਸ਼ੇਸ਼ ਕਰਕੇ ਨੌਜਵਾਨ ਆਏ। ਸ੍ਰੀ ਅਕਾਲ ਤਖਤ ਤੇ ਦਰਸ਼ਨੀ ਡਿਓੜੀ ਵਿਚਕਾਰਲੀ ਪਰਕਰਮਾ ਤਾਂ ਕੇਸਰੀ ਪੱਗਾਂ ਤੇ ਕੇਸਰੀ ਦੁੱਪਟਿਆਂ ਨਾਲ ਠਾਠਾਂ ਮਾਰ ਹੀ ਰਹੀ ਸੀ, ਸ੍ਰੀ ਦਰਬਾਰ ਸਾਹਿਬ ਦੀ ਪਰਕਰਮਾ ਅੰਦਰ ਵੀ ਇਹ ਖਾੜਕੂ ਨੌਜਵਾਨ ਛਾਏ ਹੋਏ ਸਨ। ਇਸ ਦਿਨ ਕੰਪਲੈਕਸ ਵਿਚ ਸ਼੍ਰੋਮਣੀ ਕਮੇਟੀ ਨਾਮ ਦੀ ਕੋਈ ਚੀਜ਼ ਨਹੀਂ ਸੀ।

ਬਾਬਾ ਠਾਕਰ ਸਿੰਘ ਜੀ ਸਮੇਤ ਪੰਜ ਸੰਤ ਮਹਾਂਪੁਰਖਾਂ ਨੇ ਸ੍ਰੀ ਅਕਾਲ ਤਖਤ ਦੀ ਦੂਜੀ ਮੰਜ਼ਲ ਤੇ ਟੱਕ ਲਗਾਕੇ, ਰਸਮੀ ਤੌਰ ਤੇ ਇਮਾਰਤ ਢਾਹੁਣ ਦੀ "ਕਾਰ ਸੇਵਾ" ਦਾ ਆਰੰਭ ਕੀਤਾ। ਟਕਸਾਲ ਵਲੋਂ ਜੋ ਇਸ ਸਮਾਗਮ ਵਿਚ ਗੁਰਮਤਾ ਪੜ੍ਹਿਆ ਤੇ ਪਿਛੋਂ ਪਰਵਾਨ ਕੀਤਾ ਗਿਆ, ਵਿਚ ਹੇਠ ਲਿਖੀਆਂ ਮਹੱਤਵਪੂਰਣ ਗੱਲਾਂ ਸਨ:—

(1) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਜਿਸ ਲਈ ਖੁਦ ਸਿੱਖਾਂ ਨੇ 1920 ਤੋਂ 1925 ਤਕ ਬੜਾ ਲੰਬਾ ਸੰਘਰਸ਼ ਕੀਤਾ ਸੀ ਤੇ ਮਹਾਨ ਕੁਰਬਾਨੀਆਂ ਕੀਤੀਆਂ ਸਨ) ਭੰਗ ਕਰ ਦਿਤੀ ਗਈ। ਇਸੇ ਤਰ੍ਹਾਂ ਲੋਕਲ ਗੁਰਦੁਆਰਾ ਕਮੇਟੀਆਂ, ਜਿਨ੍ਹਾਂ ਦੀ ਮਿਆਦ ਪੁਗ ਗਈ ਸੀ, ਭੰਗ ਕਰ ਦਿਤੀਆਂ ਗਈਆਂ।

(2) ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿ. ਕਿਰਪਾਲ ਸਿੰਘ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗਰੰਥੀ ਗਿ. ਸਾਹਿਬ ਸਿੰਘ ਨੂੰ 'ਗੱਦਾਰ' ਕਰਾਰ ਦੇ ਕੇ ਅਤੇ ਸੇਵਾ ਮੁਕਤ ਕਰਕੇ ਉਨ੍ਹਾਂ ਦੀ ਥਾਂ ਭਾਈ ਗੁਰਦੇਵ ਸਿੰਘ ਕਾਉਂਕੇ ਕਲਾਂ ਅਤੇ ਭਾਈ ਬਖਸ਼ੀਸ਼ ਸਿੰਘ ਨਿਯੁਕਤ ਕੀਤੇ ਗਏ।

(3) ਸਾਰੀਆਂ ਪੰਥਕ ਸਰਗਰਮੀਆਂ ਦੀ ਅਗਵਾਈ ਲਈ ਇਕ ਪੰਜ-ਮੈਂਬਰੀ ਪੰਥਕ ਕਮੇਟੀ ਬਣਾਈ ਗਈ, ਜਿਸ ਦੀ ਸਹਾਇਤਾ ਲਈ 150-ਮੈਂਬਰਾਂ ਦੀ ਇਕ ਹੋਰ ਕਮੇਟੀ ਬਨਾਉਣ ਦਾ ਐਲਾਨ ਕੀਤਾ ਗਿਆ ਇਸ ਨਵੀਂ ਬਣੀ ਸੰਸਥਾ ਦਾ ਸੈਕਟਰੀਅਟ ਸੰਯੁਕਤ ਅਕਾਲੀ ਦਲ ਦੇ ਦਫਤਰ ਸਥਾਪਤ ਕਰਨ ਦੇ ਐਲਾਨ ਨਾਲ ਹੀ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੂੰ ਇਹ ਇਮਾਰਤ ਇਸ ਪੰਥਕ ਕਮੇਟੀ ਨੂੰ ਸੌਂਪਣ ਲਈ ਆਦੇਸ਼ ਦਿਤਾ ਗਿਆ।

(4) ਸਮਾਗਮ ਨੇ ਇਹ 'ਸਪਸ਼ਟ' ਕੀਤਾ ਕਿ 'ਸਿੱਖ ਭਾਰਤ ਵਿਚ ਗੁਲਾਮ ਹਨ ਅਤੇ ਆਜ਼ਾਦੀ ਉਨ੍ਹਾਂ ਦਾ ਮੁਢਲਾ ਅਧਿਕਾਰ ਹੈ "

ਸਮਾਗਮ ਨੇ 'ਹਿਊਮਨ ਰਾਈਟਸ ਕਮਿਸ਼ਨ' ਅਤੇ 'ਐਮਨੈਸਟੀ ਇੰਟਰਨੈਸ਼ਨਲ' ਨੂੰ ਬੇਨਤੀ ਕੀਤੀ ਕਿ 'ਭਾਰਤ ਵਿਚ ਸਿੱਖਾਂ ਤੇ ਭਾਰਤ ਸਰਕਾਰ ਵਲੋਂ ਕੀਤੇ ਗਏ ਜ਼ੁਲਮਾਂ ਤੇ ਸਿੱਖਾਂ ਦੇ ਨਾਲ ਹੋ ਰਹੇ ਨਸਲੀ ਵਿਤਕਰੇ ਅਤੇ ਉਨ੍ਹਾਂ ਦੀ ਨਸਲਕਸ਼ੀ ਦੀਆਂ ਸਾਰੀਆਂ ਘਟਨਾਵਾਂ ਦੀ ਘੋਖ ਕਰਨ।'

(5) ਰਾਜੀਵ—ਲੌਂਗੋਵਾਲ ਸਮਝੌਤਾ ਰੱਦ ਕੀਤਾ ਗਿਆ।

ਬਾਕੀ ਪੰਨਾ 32 'ਤੇ

ਆਪਣੇ ਵਪਾਰ ਵਿਚ ਵਾਧੇ ਲਈ

'ਕੈਨੇਡਾ ਦਰਪਣ'

ਨੂੰ ਫੋਨ ਕਰੋ

581-4473

(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)

ਪੰਨਾ 31 ਦੀ ਬਾਕੀ

(6) ਗੁਰਮੱਤੇ ਅਨੁਸਾਰ " ਪੰਜਾਬ ਦਾ ਫਿਰਕਾਪ੍ਰਸਤ ਬਾਣੀਆ, ਪੰਜਾਬੀ ਬੋਲੀ ਮੰਨਣ ਤੋਂ ਇਨਕਾਰੀ ਹੋਇਆ ਤੇ ਇਸ ਨੇ ਕੁਝ ਦਰਬਾਰਾ ਸਿੰਘ ਵਰਗੇ ਕਾਂਗਰਸੀ ਸਿੱਖਾਂ ਨੂੰ ਨਾਲ ਰਲਾ ਕੇ, ਸਿੱਖ ਵਸੋਂ ਵਾਲੇ ਇਲਾਕੇ ਪੰਜਾਬੋਂ ਬਾਹਰ ਰੱਖਣ ਅਤੇ ਪੰਜਾਬ ਦੇ ਪਾਣੀ, ਬਿਜਲੀ ਅਤੇ ਡੈਮਾਂ ਨੂੰ ਕੇਂਦਰ ਜਾਂ ਦੂਜਿਆਂ ਪ੍ਰਾਂਤਾਂ ਨੂੰ ਸੌਂਪਣ ਲਈ ਜ਼ੋਰ ਲਾਇਆ ਅਤੇ ਅਖਬਾਰਾਂ ਉਤੇ ਆਪਣੇ ਕਬਜ਼ੇ ਦੀ ਦੁਰਵਰਤੋਂ ਕਰਕੇ ਇਨ੍ਹਾਂ ਸਿੱਖ ਮਾਰੂ ਤੱਥਾਂ ਦੀ ਭਾਰੀ ਵਕਾਲਤ ਕੀਤੀ । ਇਸ ਤਰ੍ਹਾਂ ਪੰਜਾਬ ਦੇ ਆਰੀਆ ਸਮਾਜੀਆਂ ਤੇ ਫਿਰਕਾਪ੍ਰਸਤ ਬਾਣੀਆਂ ਨੇ ਪੰਜਾਬ ਦੇ ਹਿਤਾਂ ਨਾਲ ਗਦਾਰੀ ਕੀਤੀ ਤੇ ਆਪਣੀ ਸ਼ੈਤਾਨ ਪ੍ਰਵਿਰਤੀ ਰਾਹੀਂ ਸਿੱਖਾਂ ਨੂੰ ਅਤਿਵਾਦੀ, ਆਤੰਕਵਾਦੀ ਤੇ ਵੱਖਵਾਦੀ ਗਰਦਾਨਿਆਂ । ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਕਤਲ ਕਰਨ, ਸਿੱਖ ਗੁਰਧਾਮ ਬਰਬਾਦ ਕਰਨ ਅਤੇ ਸ੍ਰੀ ਹਰਮਿੰਦਰ ਸਾਹਿਬ ਉਤੇ ਫੌਜੀ ਹਮਲੇ ਦਾ ਸਮਰਥਨ ਕੀਤਾ ।"

" ਸਰਬੱਤ ਖਾਲਸਾ ਜੀ ਦਾ ਇਹ ਸਮਾਗਮ ਪੰਜਾਬ ਦੇ ਉਨ੍ਹਾਂ ਸਾਰੇ ਵਸਨੀਕਾਂ ਨੂੰ ਜਿਨ੍ਹਾਂ ਨੇ ਪੰਜਾਬ ਦੇ ਅਤੇ ਸਿੱਖਾਂ ਦੇ ਹੱਕ ਖੁਹਾਉਣ ਦੀ ਵਕਾਲਤ ਕੀਤੀ, ਨੂੰ ਪੰਜਾਬ ਦੇ ਗਦਾਰ ਮੰਨਦਾ ਹੈ ਅਤੇ ਸਿੱਖ ਸੰਗਤਾਂ ਨੂੰ ਵੀ ਬੇਨਤੀ ਕਰਦਾ ਹੈ ਕਿ ਅਜੇਹੇ ਲੋਕਾਂ ਨਾਲੋਂ ਆਪਣਾ ਨਾਤਾ ਤੋੜਣ ਦਾ ਯਤਨ ਕਰਨ । ਉਨ੍ਹਾਂ ਲੋਕਾਂ ਪਾਸੋਂ ਨਾ ਹੀ ਕੋਈ ਚੀਜ਼ ਖਰੀਦਣ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਚੀਜ਼ ਵੇਚਣ ।"

(7) ਸਮਾਗਮ ਨੇ । "ਬ੍ਰਾਹਮਣਾਂ, ਬਾਣੀਆਂ ਦੀ ਫਿਰਕਾਪ੍ਰਸਤੀ ਤੇ ਸਿੱਖ ਦੁਸ਼ਮਣੀ ਦੀਆਂ ਰੁਚੀਆਂ ਰੱਖਣ ਵਾਲੇ ਜਿਨ੍ਹਾਂ ਪੱਤਰਕਾਰਾਂ ਨੇ ਸਿੱਖਾਂ ਵਿਰੁੱਧ ਜ਼ਹਿਰੀਲਾ ਪ੍ਰਚਾਰ ਕੀਤਾ" ਦੀ ਇਕ ਸੂਚੀ ਵੀ ਜਾਰੀ ਕੀਤੀ ਅਤੇ ਪ੍ਰੈਸ ਨੂੰ ਸਿੱਖ ਵਿਰੋਧੀ ਖਬਰਾਂ ਭੇਜਣ ਤੋਂ ਰੋਕਣ ਤੋਂ ਇਲਾਵਾ ਸਿੱਖਾਂ ਨੂੰ ਆਪਣੇ ਅਖਬਾਰ ਤੇ ਰਸਾਲੇ ਛਾਪਣ ਲਈ ਪ੍ਰੇਰਨਾ ਦਿਤੀ ।

ਇਸੇ ਤਰ੍ਹਾਂ ਸਿੱਖ ਪੰਥ ਦੇ "ਗਦਾਰ" ਲੀਡਰ ਜੋ ਸਤਾਧਾਰੀ ਅਕਾਲੀ ਦਲ ਨਾਲ ਸਬੰਧ ਰਖਦੇ ਸਨ, ਦੀ ਸੂਚੀ ਵੀ ਜਾਰੀ ਕੀਤੀ ਤੇ ਕਿਹਾ 'ਇਹ ਸਮਾਗਮ ਬਰਨਾਲਾ, ਬਲਵੰਤ, ਟੌਹੜਾ ਸਿੱਖ ਗਦਾਰਾਂ ਦੇ ਇਸ ਟੋਲੇ ਦੀ ਸਰਦਾਰ ਨੂੰ ਸਿੱਖਾਂ ਅਤੇ ਸਿੱਖੀ ਦੀ ਦੁਸ਼ਮਣ ਮੰਨਦਾ ਹੈ ਅਤੇ ਸਿੱਖ ਜਗਤ ਨੂੰ ਬੇਨਤੀ ਕਰਦਾ ਹੈ ਕਿ ਸਿੱਖਾਂ ਦੇ ਇਸ ਗਦਾਰ ਟੋਲੇ ਦਾ ਹਰ ਥਾਂ ਮੂੰਹ ਫਿਟਕਾਰਿਆ ਜਾਵੇ ।" ਅਮਰਿੰਦਰ ਸਿੰਘ ਨੂੰ ਬੁਕਲ ਦਾ ਸੱਪ ਕਿਹਾ ਗਿਆ । ਸੁਖਜਿੰਦਰ ਸਿੰਘ ਤੇ ਰਾਮੂਵਾਲੀਆ ਵੀ ਗਦਾਰਾਂ ਵਿਚ ਸ਼ਾਮਿਲ ਕੀਤੇ ਗਏ ।

ਸਮਾਗਮ ਦੌਰਾਨ ਨੌਜਵਾਨਾਂ ਨੇ ਅਨੇਕਾਂ ਵਾਰੀ ਸੰਤ ਭਿੰਡਰਾਂ ਵਾਲਿਆਂ ਅਤੇ ਖਾਲਿਸਤਾਨ ਦੇ ਹੱਕ ਵਿਚ ਨਾਅਰੇ ਵੀ ਲਗਾਏ ਅਤੇ ਸਮਾਗਮ ਉਪਰੰਤ ਅਕਾਲ ਤਖਤ, ਦਰਸ਼ਨੀ ਡਿਉੜੀ ਤੇ ਹੋਰ ਇਕ ਦੋ ਥਾਵਾਂ ਤੇ ਖਾਲਿਸਤਾਨ ਦੇ ਝੰਡੇ ਵੀ ਲਹਿਰਾਏ । ਅਗਲਾ ਸਰਬੱਤ ਖਾਲਸਾ ਸਮਾਗਮ ਵਿਸਾਖੀ ਨੂੰ ਸਦਿਆ ਗਿਆ ।

ਸਤਾਧਾਰੀ ਅਕਾਲੀ ਦਲ ਇਸ ਸਮਾਗਮ ਤੇ ਬੜਾ ਹੀ ਸਟਪਟਾਇਆ । ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਇਕ ਮੀਟਿੰਗ 28 ਜਨਵਰੀ ਨੂੰ ਅਨੰਦਪੁਰ ਸਾਹਿਬ ਬੁਲਾਈ । ਪੰਜ ਸਿੰਘ ਸਾਹਿਬਾਨ ਵੀ ਇਕੱਤਰ ਹੋਏ । ਉਨ੍ਹਾਂ ਨੇ 16 ਜਨਵਰੀ ਨੂੰ ਸ੍ਰੀ ਅਕਾਲੀ ਤਖਤ ਸਾਹਿਬ ਵਿਖੇ 'ਸਰਬੱਤ ਖਾਲਸਾ' ਸਮਾਗਮ ਬੁਲਾਇਆ । ਇਸੇ ਦੌਰਾਨ ਸਤਾਧਾਰੀ ਅਕਾਲੀ ਦਲ ਦੇ ਸ. ਜਤਿੰਦਰ ਸਿੰਘ ਘੁੰਮਨ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸ. ਉਂਕਾਰ ਸਿੰਘ ਪਤੇ ਨੰਗਲ ਦੇ ਨੌਜਵਾਨ ਸਪੁੱਤਰ ਸਤਿੰਦਰਪਾਲ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਇਕ ਮੈਂਬਰ ਸ. ਦਲੀਪ ਸਿੰਘ ਦੀ ਹਤਿਆ ਕਰ ਦਿਤੀ ਗਈ । 'ਖੂਨ ਖਰਾਬੇ' ਜਾਂ ਖਾੜਕੂ ਸਿੱਖ ਨੌਜਵਾਨ ਦੇ ਡਰੋਂ 'ਸਰਬੱਤ ਖਾਲਸਾ' ਸ੍ਰੀ ਆਨੰਦਪੁਰ ਸਾਹਿਬ ਕੀਤਾ ਗਿਆ । ਇਸ ਸਮਾਗਮ ਨੇ ਆਪਣੇ ਗੁਰਮੱਤੇ ਵਿਚ ਕਿਹਾ ।

ਸ੍ਰੀ ਦਰਬਾਰ ਸਾਹਿਬ ਸਮੂਹ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੀ ਕਾਰ ਸੇਵਾ ਦੇ ਆਰੰਭ ਸਮੇਂ ਸਰਬੱਤ ਖਾਲਸਾ ਦੇ ਨਾਮ ਦੀ ਦੁਰਵਰਤੋਂ ਕਰਦੇ ਹੋਇਆਂ ਕੁਝ ਮਨ-ਮਤੀਆਂ ਵਲੋਂ ਹੁੜਮੱਤ ਨਾਲ ਖਾਲਸਾਪੰਥ ਦੀਆਂ ਇਤਿਹਾਸਕ ਪਰੰਪਰਾਵਾਂ ਮੇਟਣ ਵਿਚ ਕੀਤੇ ਗਏ ਅਖੌਤੀ ਫੈਸਲਿਆਂ ਦੀ ਸਖਤ ਨਿਖੇਧੀ ਕਰਦਾ ਹੋਇਆ ਇਨ੍ਹਾਂ ਨੂੰ ਸਿੱਖ ਧਰਮ ਦੇ ਸਿਧਾਂਤਾਂ ਦਾ ਵਿਰੋਧ, ਸਿੱਖ ਰਵਾਇਤਾਂ ਦੀ ਉਲੰਘਣਾ,ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰਤਾ ਭੰਗ ਕਰਨ ਅਤੇ ਪੰਥਕ ਹਿਤਾਂ ਦਾ ਘਾਤ ਸਮਝਦਾ ਹੈ । ਕਾਰ ਸੇਵਾ ਸਬੰਧੀ ਹੋਏ ਸਾਂਝੇ ਪੰਥਕ ਫੈਸਲੇ ਤੋਂ ਮੁਨਕਰ ਹੋ ਕੇ ਜਿਸ ਸੀਨਾ ਜ਼ੋਰੀ ਨਾਲ ਇਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਅਤੇ ਸ੍ਰੀ ਦਰਬਾਰ ਸਾਹਿਬ ਵਿਚ ਨਾਜਾਇਜ਼ ਦਖਲ ਦਿਤਾ ਹੈ, ਉਹ ਪੰਥ ਵਿਚ ਆਦਿ ਤੋਂ ਪਰਚਲਤ ਪੰਚਾਇਤੀ ਅਤੇ ਸੰਮਤੀ ਵਿਧੀ-ਵਿਧਾਨ ਦੀ ਘੋਰ ਉਲੰਘਣਾ, ਸਰਾਸਰ ਪੰਥ ਵਿਰੋਧੀ ਅਤੇ ਹੱਕ ਸੱਚ ਦੇ ਉਲਟ ਸਿੱਖ ਧਰਮ ਤੇ ਸਿਧਾ ਹਮਲਾ ਹੈ । ਸਰਬੱਤ ਖਾਲਸਾ ਅਨੁਭਵ ਕਰਦਾ ਹੈ ਕਿ ਪੰਥ ਦੋਖੀ ਤਾਕਤਾਂ ਦੇ ਹੱਥ ਠੋਕੇ ਬਣ ਕੇ ਇਹ ਲੋਕ ਪੰਥ ਨੂੰ ਖਾਨਾ ਜੰਗੀ ਵਿਚ ਉਲਝਾ,ਸਿੱਖਾਂ ਵਿਚ ਭਰਾ-ਮਾਰੂ ਫਸਾਦ ਕਰਵਾਕੇ ਪੱਕੀ ਦੁਫੇੜ ਪਾਉਣ ਦੀ ਸਾਜ਼ਿਸ਼ ਦੀਆਂ ਕਾਰਵਾਈਆਂ ਕਰ ਰਿਹਾ ਹੈ । ਇਹ ਅਤਿ ਗੰਭੀਰ ਤੇ ਚਿੰਤਾਜਨਕ ਸਥਿਤੀ ਹੈ । ਇਹ ਲੋਕ ਸ੍ਰੀ ਦਰਬਾਰ ਸਾਹਿਬ ਦੀ ਪਵਿੱਤਰ ਪਰਕਰਮਾ ਵਿਚ ਨੰਗੀਆਂ ਕਿਰਪਾਨਾਂ ਨਾਲ ਹੁਲੜਬਾਜ਼ੀ ਅਤੇ ਅਗਨੀ ਹਥਿਆਰਾਂ ਦਾ ਪਰਦਰਸ਼ਨ ਕਰਕੇ ਸੰਗਤਾਂ ਦੇ ਦਰਸ਼ਨ ਇਸ਼ਨਾਨ ਵਿਚ ਵਿਘਨ ਪਾਉਂਦੇ ਅਤੇ ਡਰ-ਭੈ, ਨਫਰਤ ਅਤੇ ਦਹਿਸ਼ਤ ਦਾ ਵਾਤਾਵਰਣ ਬਣਾਉਂਦੇ ਹਨ । ਕੂੜ ਨਿਖੁਟ ਕੇ ਹੁਣ ਇਹ ਸੱਚ ਉਜਾਗਰ ਹੋ ਗਿਆ ਹੈ ਕਿ ਇਹ ਲੋਕ ਗੁਰਧਾਮਾਂ ਨੂੰ ਕੇਵਲ ਲੜਾਈ ਅਤੇ ਬੁਰਛਾਗਰਦੀ ਦੇ ਅਖਾੜੇ ਹੀ ਨਹੀਂ ਬਣਾ ਰਹੇ ਬਲਕਿ ਬਹੁਤ ਸਾਰੇ ਨਾਸਤਿਕ ਤੇ ਨਕਸਲੀਏ ਗੁਰਧਾਮਾਂ ਦੀ ਮਾਣ-ਮਰਯਾਦਾ ਖਤਮ ਕਰਨ ਅਤੇ ਸਿੱਖੀ ਸ਼ਰਧਾ ਦੇ ਸੋਮੇ ਸੁਕਾਉਣ ਦੀ ਆਪਣੀ ਚਿਰੋਕਣੀ ਸਾਜ਼ਸ਼ ਨੇਪਰੇ ਚਾੜ੍ਹਣ ਲਈ ਹੁਣ ਸਿੱਖੀ ਭੇਖ ਧਾਰ ਕੇ ਹੁਣ ਦਮਦਮੀ ਟਕਸਾਲ ਤੇ ਫੈਡਰੇਸ਼ਨ ਵਿਚ ਘੁਸਪੈਠ ਕਰ ਚੁੱਕੇ ਹਨ ।

ਇਸ ਸਮਾਗਮ ਨੇ 26 ਜਨਵਰੀ ਵਾਲੇ ਸਮਾਗਮ ਦੇ ਸਾਰੇ ਮਤੇ ਰੱਦ ਕਰਦੇ ਹੋਏ ਕਿਹਾ, ' ਇਹ ਸਮਾਗਮ ਸਮੁੱਚੇ ਸਿੱਖ ਜਗਤ ਨੂੰ ਆਦੇਸ਼ ਦਿੰਦਾ ਹੈ ਕਿ ਉਹ ਇਨ੍ਹਾਂ ਨੂੰ ਕੋਈ ਮਾਨਤਾ ਨਾ ਦੇਣ । ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਆਗਿਆ ਕਰਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਸਮੂਹ ਵਿਚੋਂ ਇਨ੍ਹਾਂ ਦਾ ਨਾਜਾਇਜ਼ ਦਖਲ ਖਤਮ ਕਰਨ ਅਤੇ ਭੰਗ ਹੋਈ ਮਰਯਾਦਾ ਨੂੰ ਮੁੜ ਕਾਇਮ ਕਰਨ ਲਈ ਛੇਤੀ ਤੋਂ ਛੇਤੀ ਉਪਰਾਲਾ ਕਰਨ । ਇਸ ਸਬੰਧੀ ਜੋ ਵੀ ਕਦਮ ਇਨ੍ਹਾਂ ਵਲੋਂ ਚੁੱਕਿਆ ਜਾਵੇਗਾ, ਉਸ ਨੂੰ ਸਾਰੇ ਪੰਥ ਦਾ ਮੁਕੰਮਲ ਸਹਿਯੋਗ ਅਤੇ ਪ੍ਰਵਾਨਗੀ ਹੋਵੇਗੀ ।"

ਸਮਾਗਮ ਨੇ ' ਸਿੱਖ ਕੌਮ ਅਤੇ ਭਾਰਤ ਸਰਕਾਰ' ਵਿਚਕਾਰ ਹੋਏ 'ਪੰਜਾਬ ਸਮਝੌਤੇ' ਨੂੰ ਛੇਤੀ ਲਾਗੂ ਕਰਵਾਉਣ ਲਈ ਯਤਨ ਕਰਨ ਲਈ ਸ: ਸੁਰਜੀਤ ਸਿੰਘ ਬਰਨਾਲਾ ਨੂੰ ਆਦੇਸ਼ ਦੇ ਦਿਤਾ ।

ਇਸ ਸਮਾਗਮ ਦੀ ਹਾਜ਼ਰੀ 26 ਜਨਵਰੀ ਵਾਲੇ ਸਮਾਗਮ ਨਾਲੋਂ ਕਿਤੇ ਵੱਧ ਸੀ । ਇਸ ਨੂੰ ਸੰਬੋਧਨ ਕਰਦਿਆਂ ਸ: ਸੁਰਜੀਤ ਸਿੰਘ ਬਰਨਾਲਾ ਨੇ ਸ੍ਰੀ ਦਰਬਾਰ ਸਾਹਿਬ ਅੰਦਰ 'ਫੋਰਸ' ਭੇਜਣ ਤੋਂ ਗੁਰੇਜ਼ ਨਾ ਕਰਨ ਬਾਰੇ ਵੀ ਐਲਾਨ ਕੀਤਾ ਸੀ, ਪਰ ਸ੍ਰ: ਪ੍ਰਕਾਸ਼ ਸਿੰਘ ਬਾਦਲ ਨੇ ਕਿਸੇ ਵੀ ਹਾਲਤ ਵਿਚ ਸ੍ਰੀ ਦਰਬਾਰ ਸਾਹਿਬ ਅੰਦਰ ਪੁਲਿਸ ਜਾਂ ਸੁਰਖਿਆ ਫੋਰਸ ਭੇਜਣ ਦੀ ਸਖਤ ਤਾੜਨਾ ਕੀਤੀ ਸੀ । ਉਨ੍ਹਾਂ ਕਿਹਾ ਸੀ ਕਿ ਇਸ ਤਰ੍ਹਾਂ ਕਰਨ ਨਾਲ ਅਕਾਲੀ ਦਲ ਖਤਮ ਹੋ ਜਾਏਗਾ । ਆਪਣੀ ਜ਼ੁੰਮੇਵਾਰੀ ਤੋਂ ਭੱਜਦਿਆਂ, 13 ਸਾਲਾਂ ਤੋਂ ਚਲੇ ਆ ਰਹੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਗੁਰਚਰਨ ਸਿੰਘ ਟੌਹੜਾ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿਤਾ ( ਜੋ 2 ਮਾਰਚ ਨੂੰ ਪ੍ਰਵਾਨ ਕਰ ਲਿਆ ਗਿਆ) । ਇਸ ਤੇ ਟਿਪਣੀ ਕਰਦਿਆਂ ਫੈਡਰੇਸ਼ਨ ਦੇ ਕਨਵੀਨਰ ਸ੍ਰ: ਹਰਿੰਦਰ ਸਿੰਘ ਕਾਹਲੋਂ ਨੇ ਕਿਹਾ ਸੀ, 'ਸਰਦਾਰ ਟੌਹੜਾ ਨੇ ਮਰਿਆ ਹੋਇਆ ਸੱਪ ਲਾਹ ਕੇ ਸਰਦਾਰ ਬਰਨਾਲਾ ਦੇ ਗਲ ਪਾ ਦਿਤਾ ਹੈ ।'

ਅਕਾਲੀ ਸੂਤਰਾਂ ਅਨੁਸਾਰ ਸ੍ਰੀ ਦਰਬਾਰ ਸਾਹਿਬ ਨੂੰ ਕਥਿਤ ਅਤਿਵਾਦੀਆਂ ਤੋਂ " ਆਜ਼ਾਦ" ਕਰਵਾਉਣ ਲਈ ਸ਼ਹੀਦੀ ਜੱਥੇ ਭੇਜਣ ਦਾ ਪਰੋਗਰਾਮ ਸੀ । ਪਰ ਇਸ ਸਮਾਗਮ ਪਿਛੋਂ ਵੀ ਕਿਸੇ ਅਕਾਲੀ ਲੀਡਰ ਜਾਂ ਵਰਕਰ ਨੂੰ ਸ੍ਰੀ ਦਰਬਾਰ ਸਾਹਿਬ ਵੱਲ ਮੂੰਹ ਕਰਨ ਦੀ ਵੀ ਜੁਅਰਤ ਨਹੀਂ ਪਈ । ਕਈ ਵਿਚੋਲਿਆਂ ਰਾਹੀਂ ਗੱਲਬਾਤ ਕਰਨ ਦੇ ਯਤਨ ਹੁੰਦੇ ਰਹੇ । ਜਿਸ ਦੀ ਪੁਸ਼ਟੀ ਸਰਦਾਰ ਬਰਨਾਲਾ ਨੇ ਪੁਲਿਸ ਅਪਰੇਸ਼ਨ ਪਿਛੋਂ ਖੁਦ ਹੀ ਕੀਤੀ । ਇਸ ਦੌਰਾਨ ਖਾੜਕੂ ਸਿੱਖਾਂ ਦੀ ਤਿਕੜੀ ਦਮਦਮੀ ਟਕਸਾਲ, ਫੈਡਰੇਸ਼ਨ ਅਤੇ ਸੰਯੁਕਤ ਅਕਾਲੀ ਦਲ ਵਿਚ ਤਿਖੇ ਮਤਭੇਦ ਪੈਦਾ ਹੋ ਗਏ (ਅਗਲੇ ਕਾਂਡ ਵਿਚ ਇਸ ਬਾਰੇ ਜਿਕਰ ਕਰਾਂਗੇ) ਅਤੇ ਫੈਡਰੇਸ਼ਨ ਦੋਫਾੜ ਹੋ ਗਈ । ਇਸੇ ਤਰ੍ਹਾਂ ਭਾਈ ਗੁਰਦੇਵ ਸਿੰਘ ਅਤੇ ਪੰਥਕ ਕਮੇਟੀ ਵਿਚਕਾਰ ਵੀ ਤਿੱਖੇ ਮਤਭੇਦ ਉਭਰਣ ਲਗੇ ।

ਮਿਥੇ ਗਏ ਪਰੋਗਰਾਮ ਅਨੁਸਾਰ ਵਿਸਾਖੀ ਵਾਲੇ ਦਿਨ 13 ਅਪਰੈਲ ਨੂੰ ਖਾੜਕੂਆਂ ਵਲੋਂ " ਸਰਬੱਤ ਖਾਲਸਾ" ਸਮਾਗਮ ਹੋਇਆ, ਪਰ ਇਸ ਵਿਚ ਪਹਿਲਾਂ ਵਾਲਾ ਉਤਸ਼ਾਹ ਨਹੀਂ ਸੀ । ਹਾਜ਼ਰੀ ਵੀ ਪਹਿਲਾਂ ਦੇ ਮੁਕਾਬਲੇ ਬੜੀ ਹੀ ਘੱਟ ਸੀ । ਇਸ ਗੁਰਮੱਤੇ ਦਾ ਸੱਭ ਤੋਂ ਮਹੱਤਵਪੂਰਨ ਪੈਰ੍ਹਾ ਇਹ ਸੀ— " ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਦਾ ਕਥਨ ਸੀ ਕਿ ' ਜਿਸ ਦਿਨ ਸ੍ਰੀ ਹਰਿਮੰਦਰ ਸਾਹਿਬ ਤੇ ਚੜ੍ਹਾਈ ਕੀਤੀ ਗਈ ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖ ਦਿਤੀ ਜਾਏਗੀ ।' ਇਸ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਸਿੱਖਾਂ ਵਿਰੁੱਧ ਲੜਾਈ ਛੇੜਣ ਵਿਚ ਪਹਿਲ ਕੀਤੀ ਹੈ । ਅੱਜ ਦਾ ਸਰਬੱਤ ਖਾਲਸਾ ਸਮਾਗਮ ਸਮੂੰਹ ਸਿੱਖ ਜੱਥੇਬੰਦੀਆਂ ਨੂੰ ਆਦੇਸ਼ ਦਿੰਦਾ ਹੈ ਕਿ ਉਹ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਵਲੋਂ ' ਸਿੱਖਾਂ ਗਲੋਂ ਗੁਲਾਮੀ ਲਾਹੁਣ ਲਈ ' ਅਤੇ ' ਰਾਜ ਕਰੇਗਾ ਖਾਲਸਾ ' ਦੇ ਸੰਕਲਪ ਨੂੰ ਮੂਰਤੀਮਾਨ ਕਰਨ ਲਈ ਸ਼ੁਰੂ ਕੀਤੇ ਗਏ ਸੰਘਰਸ਼ ਲਈ ਜੁਝਦੀਆਂ ਰਹਿਣ

ਸਮਾਗਮ ਦੌਰਾਨ ਬੋਲਦਿਆਂ ਭਾਈ ਗੁਰਦੇਵ ਜੀ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਵੀ ਐਲਾਨ ਕੀਤਾ ਜਿਸ ਤੇ ਬਾਬਾ ਜੋਗਿੰਦਰ ਸਿੰਘ ਨੇ ਉਨ੍ਹਾਂ ਨੂੰ ਅਕਾਲ ਤਖਤ ਦੇ ਐਕਟਿੰਗ " ਜਥੇਦਾਰ" ਵਜੋਂ ਸੇਵਾ ਕਰਦੇ ਰਹਿਣ ਲਈ ਬੇਨਤੀ ਕੀਤੀ । 5 ਮੈਂਬਰੀ ਕਮੇਟੀ ਦੇ ਇਕ ਮੈਂਬਰ ਨੇ ਵੀ ਅਸਤੀਫਾ ਦੇਣ ਦੀ ਗੱਲ ਕੀਤੀ ਸੀ । ਅਖੀਰ ਭਾਈ ਗੁਰਦੇਵ ਸਿੰਘ ਦੀਵਾਲੀ ਵੇਲੇ ਅਗਲੇ " ਸਰਬੱਤ ਖਾਲਸਾ ਸਮਾਗਮ " ਹੋਣ ਤਕ ਆਪਣੇ ਅਹੁਦੇ ਤੇ ਟਿਕੇ ਰਹਿਣ ਲਈ ਰਜ਼ਾਮੰਦ ਹੋ ਗਏ ।

ਪੰਜਾਬ ਬਾਰੇ ਗੋਲਮੇਜ਼
ਸੰਮੇਲਨ ਦਾ ਸੁਝਾਓ



ਜਾਣੀ ਕਿ ਗੋਲਮੇਜ਼ ਸੰਮੇਲਨ ਨਾਲ [illegible] ਵਾਰੀਂ ਫੇਰ ਪੰਜਾਬ ਮਸਲਾ ਗੋਲ [illegible] ਸੁਝਾਓ...?


ਕਰਤਾਰ ਫੋਟੋ ਸਟੂਡੀਓ
1 HOUR PHOTO SERVICE
KARTAR PHOTO STUDIO
4279 - Fraser St. (27th Ave.)
Vancouver, B.C.
We Do Passport, 5 Mins. Service,
Portrait Photos & Weddings

Off; 872-6060



MALKIT PARMAR
ROYAL LePAGE REAL ESTATE SERVICES
ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ ।
ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :
Bus: (604) 590-1321 Res: 589-2650
8699 - 120th St., North Delta, B.C.





# ਧਰਮ ਤੇ ਫ਼ਲਸਫ਼ਾ

## ਧਾਰਮਿਕ ਮੂਲਵਾਦ ਦਾ ਉਥਾਨ — 4

—ਸੰਤ ਸਿੰਘ ਸੇਖੋਂ—

ਜਦੋਂ ਕੋਈ ਕੌਮੀਅਤ ਜਾਂ ਕਿਸੇ ਸਾਮਰਾਜੀ ਸ਼ਕਤੀ ਵਿਰੁੱਧ ਜਿਸਨੂੰ ਉਹ ਸਾਮਰਾਜੀ ਸਮਝਦੀ ਹੈ, ਸੰਘਰਸ਼ਸ਼ੀਲ ਹੁੰਦੀ ਹੈ ਤਾਂ ਉਸਨੂੰ ਵੱਖਵਾਦੀ ਆਖ ਕੇ ਤੇ ਹੋਰ ਕਈ ਨਾਵਾਂ ਨਾਲ ਭੰਡਿਆ ਜਾਂਦਾ ਹੈ, ਤੇ ਉਸ ਵਿਚ ਫੁੱਟ ਪਾਉਣ ਦੀ ਨੀਤੀ ਵਰਤੀ ਜਾਂਦੀ ਹੈ। ਪੰਜਾਬ ਨਾਲ 1947 ਤੋਂ ਹੀ ਇਹ ਨੀਤੀ ਵਰਤੀਂਦੀ ਆਈ ਹੈ। ਇਥੋਂ ਤੱਕ ਕਿ ਪੰਜਾਬ ਦੀ ਕਮਿਊਨਿਸਟ ਪਾਰਟੀ ਨੂੰ ਵੀ ਇਹ ਵਹਿਮ ਸੀ ਕਿ ਪੰਜਾਬੀ-ਭਾਸ਼ੀ ਰਾਜ ਦੀ ਮੰਗ ਅਕਾਲੀਆਂ ਦੀ ਫਿਰਕੂਵਾਦੀ ਮੰਗ ਹੈ । ਇਸ ਲਈ ਉਹ ਇਸ ਦਾ ਸਮਰਥਨ ਕਰਨ ਤੋਂ ਹਿਚਕਚਾਂਦੇ ਸਨ । ਮੇਰੇ ਵਰਗੇ ਕੁਝ ਬੁੱਧੀਜੀਵੀ ਉਨ੍ਹਾਂ ਤੇ ਇਸ ਮੰਗ ਨੂੰ ਅਪਨਾਉਣ ਲਈ ਜ਼ੋਰ ਪਾਉਂਦੇ ਸਨ। ਮੈਂ ਆਪ 1948 ਵਿਚ ਤੇ ਫਿਰ 1965 ਵਿਚ ਪੰਜਾਬੀ-ਭਾਸ਼ੀ ਪੰਜਾਬ ਦੇ ਉਲੀਕਣ ਦੀ ਵਕਾਲਤ ਵਿਚ ਲੇਖ ਲਿਖੇ ਸਨ। ਉਦੋਂ ਮੈਂ ਮਾਸਟਰ ਤਾਰਾ ਸਿੰਘ ਨੂੰ ਇਹ ਆਖਦਾ ਸਾਂ ਕਿ ਉਹ ਸਿੱਖਾਂ ਲਈ ਘਰ ਦੀ ਥਾਂ ਪੰਜਾਬੀ—ਭਾਸ਼ੀ ਰਾਜ ਦੀ ਮੰਗ ਕਰੇ। ਛੇਕੜ ਜਦੋਂ ਸੰਤ ਫਤਿਹ ਸਿੰਘ ਦੀ ਅਗਵਾਈ ਵਿਚ ਅਕਾਲੀ ਦਲ ਨੇ ਸਿਖ ਘਰ ਦੀ ਥਾਂ ਪੰਜਾਬੀ-ਭਾਸ਼ੀ ਰਾਜ ਦੀ ਮੰਗ ਅਪਣਾ ਲਈ ਤਾਂ ਕਮਿਊਨਿਸਟ ਪਾਰਟੀ ਤੇ ਹੋਰ ਕਈ ਲੋਕ ਉਨ੍ਹਾਂ ਦੇ ਸਮਰਥਕ ਬਣ ਗਏ ।

### ਸਾਂਝ

1967 ਵਿਚ ਵੀ ਜਦੋਂ ਪੰਜਾਬੀ-ਭਾਸ਼ੀ ਰਾਜ ਬਣ ਕੇ ਚੋਣਾਂ ਹੋਈਆਂ ਤਾਂ ਕਮਿਊਨਿਸਟਾਂ ਨੇ ਜਿਹੜੇ ਹੁਣ ਦੋ ਭਾਗਾਂ ਵਿਚ ਵੰਡੇ ਗਏ ਸਨ, ਅਕਾਲੀਆਂ ਨਾਲ ਸਾਂਝ ਪਾ ਕੇ ਚੋਣਾਂ ਲੜੀਆਂ। ਇਤਨਾ ਹੋ ਜਾਣ ਉਤੇ ਵੀ 1967 ਦੀਆਂ ਚੋਣਾਂ ਵਿਚ ਅਕਾਲੀਆਂ ਨੂੰ ਸਪਸ਼ਟ ਬਹੁਮੱਤ ਨਾ ਮਿਲਿਆ। 107 ਥਾਵਾਂ ਵਿਚੋਂ ਅਕਾਲੀਆਂ ਨੂੰ 35-36 ਥਾਂ ਮਿਲੇ ਅਤੇ 12 ਕਮਿਊਨਿਸਟ ਮਿਲਾ ਕੇ ਵੀ ਇਨ੍ਹਾਂ ਦਾ ਪੰਜਾਬ ਵਿਧਾਨ ਸਭਾ ਵਿਚ ਬਹੁਮੱਤ ਨਹੀਂ ਸੀ ਬਣਦਾ। ਕਾਂਗਰਸ ਨੇ ਉਨ੍ਹਾਂ ਚੋਣਾਂ ਵਿਚ 48 ਥਾਂ ਜਿੱਤੇ ਸਨ। ਬਾਕੀ ਚਾਰ ਪੰਜ ਜਨਸੰਘੀ ਸਨ ਤੇ ਚਾਰ ਪੰਜ ਆਜ਼ਾਦ। ਕਾਂਗਰਸ ਪਾਰਟੀ ਬਣਨ ਵਾਲੀ ਵਿਧਾਨ ਸਭਾ ਵਿਚ ਸਭ ਤੋਂ ਵੱਧ ਸੰਖਿਆ ਵਿਚ ਸੀ, ਪਰ ਵਜ਼ਾਰਤ ਬਣਾਉਣ ਦੇ ਦਿਨਾਂ ਵਿਚ ਇਹ ਆਪਣਾ ਆਗੂ ਨਾ ਚੁਣ ਸਕੀ। ਇਸ ਵਿਚ ਸਭ ਤੋਂ ਸਿਰਕੱਢ ਸ. ਗਿਆਨ ਸਿੰਘ ਰਾੜੇਵਾਲਾ ਸੀ ਪਰ ਕਾਂਗਰਸ ਪਾਰਟੀ ਵਿਚ ਬ੍ਰਿਸ਼ਭਾਨ ਦਾ ਧੜਾ ਉਸ ਨੂੰ ਆਗੂ ਚੁਣਨਾ ਨਹੀਂ ਸੀ ਮੰਨਦਾ। ਇਤਨੇ ਚਿਰ ਵਿਚ ਜਨਸੰਘ ਦੇ ਡਾਕਟਰ ਬਲਦੇਵ ਪ੍ਰਕਾਸ਼ ਦੀ ਪ੍ਰੇਰਣਾ ਨਾਲ ਬਾਕੀ ਸਾਰੀਆਂ ਪਾਰਟੀਆਂ ਨੇ ਸਾਂਝਾ ਮੋਰਚਾ ਬਣਾ ਕੇ ਗੁਰਨਾਮ ਸਿੰਘ ਸਾਬਕਾ ਜੱਜ ਹਾਈ ਕੋਰਟ ਨੂੰ ਆਗੂ ਚੁਣ ਲਿਆ। ਦੋ ਤਿੰਨ ਆਜ਼ਾਦ ਵੀ ਇਸ ਮੋਰਚੇ ਨਾਲ ਮਿਲ ਗਏ। ਗੁਰਨਾਮ ਸਿੰਘ ਸਾਰਿਆਂ ਨੂੰ ਇਕੱਠਾ ਕਰ ਕੇ ਰਾਜਪਾਲ ਧਰਵਮੀਰ ਦੇ ਸਾਹਮਣੇ ਲੈ ਗਿਆ । ਕਾਂਗਰਸ ਦੀ ਬਦਕਿਸਮਤੀ ਨੂੰ ਰਾਜਪਾਲ ਧਰਮਵੀਰ ਨੇ ਵਿਧਾਨ ਸਭਾ ਤੋਂ ਬਾਹਰ ਹੀ ਗੁਰਨਾਮ ਸਿੰਘ ਨਾਲ 54 ਮੈਂਬਰ ਗਿਣ ਕੇ ਉਸ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਦੇ ਦਿੱਤਾ। ਸ਼ਾਇਦ ਧਰਮਵੀਰ ਅੱਗੇ ਕੋਈ ਚਾਰਾ ਵੀ ਨਹੀਂ ਸੀ ਕਿਉਂਕਿ ਉਸ ਵਕਤ ਤਕ ਕਾਂਗਰਸ ਪਾਰਟੀ ਦਾ ਆਗੂ ਚੁਣਿਆ ਹੋਇਆ ਹੁੰਦਾ ਤਾਂ ਵਿਧਾਨਕ ਰੂਪ ਵਿਚ ਧਰਮਵੀਰ ਲਈ ਗਿਆਨ ਸਿੰਘ ਨੂੰ ਸੱਦਾ ਦੇਣਾ ਲਾਜ਼ਮੀ ਹੋ ਜਾਂਦਾ।

ਇਸ ਤਰ੍ਹਾਂ ਸਮਝ ਲਵੋ ਇਕ ਫਲੂਕ ਨਾਲ ਸਾਂਝੇ ਮੋਰਚੇ ਦੇ ਆਗੂ ਦੇ ਰੂਪ ਵਿਚ ਗੁਰਨਾਮ ਸਿੰਘ ਨੂੰ ਵਜ਼ਾਰਤ ਬਣਾਉਣ ਦਾ ਸੱਦਾ ਮਿਲ ਗਿਆ

ਮਜ਼ੇ ਦੀ ਗੱਲ ਇਹ ਹੈ ਕਿ ਗੁਰਨਾਮ ਸਿੰਘ ਨੂੰ ਅਕਾਲੀ ਪਾਰਟੀ ਨੇ ਆਪਣਾ ਆਗੂ ਨਹੀਂ ਸੀ ਚੁਣਿਆ । ਅਕਾਲੀ ਪਾਰਟੀ ਦਾ ਆਗੂ ਲਛਮਣ ਸਿੰਘ ਗਿੱਲ ਚੁਣਿਆ ਗਿਆ ਸੀ, ਜਿਸ ਨੇ ਵਜ਼ਾਰਤ ਦੇ ਸੱਤ ਅੱਠ ਮਹੀਨੇ ਚਲ ਜਾਣ ਪਿੱਛੋਂ ਅਕਾਲੀ ਪਾਰਟੀ ਨਾਲੋਂ ਦਸ ਮੈਂਬਰ ਤੋੜ ਕੇ ਤੇ ਤਿੰਨ ਆਜ਼ਾਦ ਮਿਲਾ ਕੇ ਆਪਣੀ ਪਾਰਟੀ ਬਣਾ ਲਈ। ਗੁਰਨਾਮ ਸਿੰਘ ਨੇ ਵਿਧਾਨ ਸਭਾ 'ਚ ਵੋਟ ਲੈਣ ਦੀ ਲੋੜ ਨਾ ਸਮਝੀ ਤੇ ਤਿਆਗ ਪੱਤਰ ਦੇ ਦਿੱਤਾ । ਲਛਮਣ ਸਿੰਘ ਕਾਂਗਰਸ ਪਾਰਟੀ ਦੇ ਸਮਰਥਨ ਨਾਲ ਮੁੱਖ ਮੰਤਰੀ ਬਣ ਗਿਆ ।

### ਪੁੱਛਗਿੱਛ

ਗੁਰਨਾਮ ਸਿੰਘ ਦੀ ਵਜ਼ਾਰਤ ਵਿਚ ਕਮਿਊਨਿਸਟ ਵੀ ਸ਼ਾਮਲ ਸਨ। ਨੈਤਿਕਤਾ ਦੀ ਮੰਗ ਨੂੰ ਮੰਨ ਕੇ ਉਹ ਲਛਮਣ ਸਿੰਘ ਦੀ ਵਜ਼ਾਰਤ ਵਿਚ ਸ਼ਾਮਲ ਨਾ ਹੋ ਸਕੇ । ਇਸ ਪਿੱਛੋਂ ਸੱਜੀ ਕਮਿਊਨਿਸਟ ਪਾਰਟੀ ਨੇ ਕਾਂਗਰਸ ਨਾਲ ਗੱਠਜੋੜ ਕਰ ਲਿਆ ਤੇ ਖੱਬੀ ਨੇ ਅਕਾਲੀ ਪਾਰਟੀ ਨਾਲ . ਇਸ ਨਾਲ ਥੋੜ੍ਹੇ ਵਰਿਆਂ ਵਿਚ ਹੀ ਕਮਿਊਨਿਸਟ ਪਾਰਟੀ ਦੀ ਤਾਕਤ ਪੰਜਾਬ ਵਿਚ ਘੱਟ ਗਈ। ਸ਼ਕਤੀ ਦੀ ਟੱਕਰ ਵਿਚ ਮੁੱਖ ਧੜੇ ਕਾਂਗਰਸ ਤੇ ਅਕਾਲੀ ਰਹਿ ਗਏ ਤੇ ਕਮਿਊਨਿਸਟਾਂ ਦੀ ਪੁੱਛਗਿੱਛ ਘਟ ਗਈ, ਭਾਵੇਂ 1980 ਦੀਆਂ ਚੋਣਾਂ ਵਿਚ ਕਾਂਗਰਸ ਪਾਰਟੀ ਦੀ ਸਹਾਇਤਾ ਨਾਲ ਸੱਜੀ ਕਮਿਊਨਿਸਟ ਪਾਰਟੀ ਦੇ ਦੋ ਮੈਂਬਰ ਪਾਰਲੀਮੈਂਟ ਲਈ ਵੀ ਚੁਣ ਲਏ ਗਏ

ਇਸ ਬਿਰਤਾਂਤ ਤੋਂ ਇਹ ਪਰਿਣਾਮ ਨਿਕਲਣਾ ਸਪਸ਼ਟ ਹੁੰਦਾ ਹੈ ਕਿ ਜਦੋਂ ਕਿਸੇ ਅਜਿਹੀ ਸਥਾਪਨਾ ਦੇ ਵਿਰੁੱਧ, ਜਿਸ ਦਾ ਲੋਕਾਂ ਵਿਚ ਆਧਾਰ ਘਟ ਰਿਹਾ ਹੋਵੇ, ਜਿਵੇਂ ਪੰਜਾਬ ਵਿਚ ਕਾਂਗਰਸ ਦਾ ਘੱਟ ਰਿਹਾ ਸੀ, ਤਾਂ ਦੂਜੇ ਧੜਿਆਂ ਵਿਚੋਂ ਇਕ ਇਸ ਦੇ ਸੱਜੇ ਪੱਖ ਉਤੇ ਅਰਥਾਤ ਧਾਰਮਿਕ ਸੰਪਰਦਾਇ ਦੇ ਆਧਾਰ 'ਤੇ ਖੜ੍ਹਾ ਹੋਵੇ ਤੇ ਦੂਜਾ ਨਿਰੋਲ ਲੋਕ ਹਿਤੈਸ਼ੀ ਕਮਿਊਨਿਸਟ ਹੋਵੇ। ਪਰ ਧੜਾ ਕਮਜ਼ੋਰ ਹੋਵੇ, ਤਾਂ ਸਥਾਪਨਾ ਦੇ ਧੜੇ ਦੀ ਥਾਂ ਸੰਪਰਦਾਇ ਧੜਾ ਸ਼ਕਤੀ ਵਿਚ ਆ ਜਾਂਦਾ ਹੈ। ਇਸ ਤਰ੍ਹਾਂ ਪੰਜਾਬ ਵਿਚ ਕਾਂਗਰਸ ਪਾਰਟੀ ਦਾ ਜੁੜ ਕੇ ਵਿਰੋਧ ਕਰਨ ਵਾਲੇ ਦੋ ਧੜਿਆਂ, ਅਕਾਲੀਆਂ ਤੇ ਕਮਿਊਨਿਸਟਾਂ ਵਿਚੋਂ, ਸ਼ਕਤੀ ਅਕਾਲੀ ਧੜੇ ਨੇ ਲੈ ਲਈ ਤੇ ਕਮਿਊਨਿਸਟ ਧੜਾ ਅੱਗੇ ਨਾਲੋਂ ਵੀ ਕਮਜ਼ੋਰ ਹੋ ਗਿਆ ।

ਅਜਿਹਾ ਸਮਾਚਾਰ ਈਰਾਨ ਵਿਚ ਆਪਣੇ ਉਤੇ ਅਮਰੀਕਾ ਦੇ ਪਾਲਤੂ ਤੇ ਪਣਿਹਾਰ ਪਹਿਲਵੀ ਸਮਰਾਟ ਨੂੰ ਉਤਾਰ ਕੇ ਉਥੇ ਗਣਰਾਜ ਬਣਨ ਦੀ ਘਟਨਾ ਤੋਂ ਵੀ ਮਿਲਦਾ ਹੈ। ਪਹਿਲਵੀ ਸਮਰਾਟ ਵਿਰੁੱਧ ਨਾ ਕੇਵਲ ਉਥੋਂ ਦੇ ਕਮਿਊਨਿਸਟ ਤੇ ਹੋਰ ਲੋਕਤੰਤਰੀ ਭਾਗ ਲੜਦੇ ਸਨ, ਸਗੋਂ ਕੱਟੜ ਧਰਮੀ ਤੇ ਮੂਲਵਾਦੀ ਮੁਸਲਮਾਨ ਵੀ ਇਸ ਸੰਘਰਸ਼ ਵਿਚ ਅੱਗੇ ਅੱਗੇ ਸਨ । ਅੰਤ ਜਦੋਂ ਪਹਿਲਵੀ ਸਮਰਾਟ ਨੂੰ ਈਰਾਨ ਛੱਡਣਾ ਪਿਆ ਤਾਂ ਰਾਜਸੀ ਸ਼ਕਤੀ ਕਮਿਉਨਿਸਟਾਂ ਦੇ ਹੱਥ ਨਹੀਂ ਆਈ । ਧਾਰਮਿਕ ਮੂਲਵਾਦੀ ਆਇਤੁਲਾ ਖੁਮੀਨੀ ਦੀ ਅਗਵਾਈ ਵਿਚ ਭਾਰੂ ਹੋ ਗਏ ਤੇ ਉਨ੍ਹਾਂ ਨੇ ਕਮਿਊਨਿਸਟਾਂ ਉਤੇ ਪਹਿਲਵੀ ਸਮਰਾਟ ਨਾਲੋਂ ਵੀ ਵਧੇਰੇ ਜ਼ੁਲਮ ਢਾਹੁਣੇ ਸ਼ੁਰੂ ਕਰ ਦਿੱਤੇ। ਹੁਣ ਕੋਈ ਨਹੀਂ ਕਹਿ ਸਕਦਾ ਕਿ ਉਥੇ ਖੁਮੀਨੀ ਦਾ ਧਾਰਮਿਕ ਮੂਲਵਾਦ ਕਦੋਂ ਤਕ ਆਪਣੀ ਚੜ੍ਹਤ ਕਾਇਮ ਰੱਖ ਸਕੇਗਾ । ਇਸ ਪੱਖ ਤੋਂ ਹਾਲਾਤ ਕੁਝ ਵਧੇਰੇ ਹੀ ਨਿਰਾਸ਼ਾਜਨਕ ਹਨ । ਹੁਣ ਕਮਿਊਨਿਸਟਾਂ ਨੂੰ ਧਾਰਮਿਕ ਮੂਲਵਾਦ ਵਿਰੁੱਧ ਇਕੱਲੇ ਤੇ ਨੰਗੇ ਧੜ ਹੋ ਕੇ ਸੰਘਰਸ਼ ਕਰਨਾ ਪੈ ਰਿਹਾ ਹੈ ।

ਇਸੇ ਤਰ੍ਹਾਂ ਜੇ ਕਮਿਊਨਿਸਟ ਪੰਜਾਬ ਦੇ ਸਿੱਖ ਧਾਰਮਿਕ ਮੂਲਵਾਦੀਆਂ ਨਾਲ ਕੇਂਦਰ ਵਿਰੋਧੀ ਸੰਘਰਸ਼ ਵਿਚ ਮਿਲ ਜਾਣ ਤੇ ਕਿਸੇ ਤਰ੍ਹਾਂ ਪੰਜਾਬ ਭਾਰਤੀ ਸੰਘ ਤੋਂ ਵੱਖ ਹੋ ਜਾਵੇ ਤਾਂ ਫੌਰੀ ਪਰਿਣਾਮ ਸਿਖ ਧਾਰਮਿਕ ਮੂਲਵਾਦ ਦੀ ਚੜ੍ਹਤ ਹੋਵੇਗਾ। ਪ੍ਰਤੀਤ ਹੁੰਦਾ ਹੈ ਕਿ ਪੰਜਾਬ ਦੇ ਕਮਿਊਨਿਸਟਾਂ ਦੇ ਦੋਵੇਂ ਧੜੇ ਇਸ ਡਰ ਤੋਂ ਹੀ ਪੰਜਾਬ ਦੇ ਧਾਰਮਿਕ ਮੂਲਵਾਦ ਦਾ ਵਿਰੋਧ ਕਰਦੇ ਹਨ। ਪਹਿਲੀ ਨਜ਼ਰੇ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਤਰ੍ਹਾਂ ਉਹ ਕਾਂਗਰਸੀ ਤਾਨਾਸ਼ਾਹੀ ਦਾ ਸਮਰਥਨ ਕਰਦੇ ਹਨ।

ਕਮਿਊਨਿਸਟਾਂ ਲਈ ਇਹ ਸਥਿਤੀ ਬੜੀ ਨਿਰਾਸ਼ਾਜਨਕ ਹੈ । ਉਨ੍ਹਾਂ ਦੇ ਇਕ ਪਾਸੇ ਖੂਹ ਹੈ ਤੇ ਦੂਜੇ ਪਾਸੇ ਖਾਤਾ। ਜੇ ਉਹ ਸਿੱਖ ਧਾਰਮਿਕ ਮੂਲਵਾਦ ਤੇ ਅਤਿਵਾਦ ਵੱਲ ਅੱਖਾਂ ਮੀਟਦੇ ਹਨ ਤਾਂ ਉਹ ਇਸ ਦੇ ਸਮਰਥਕ ਪ੍ਰਤੀਤ ਹੋਣਗੇ, ਤੇ ਜੇ ਉਹ ਇਸ ਦਾ ਖੁੱਲ੍ਹ ਕੇ ਤੇ ਡਟ ਕੇ ਵਿਰੋਧ ਕਰਨ ਤਾਂ ਉਹ ਕਾਂਗਰਸੀ ਤਾਨਾਸ਼ਾਹੀ ਦੇ ਸਮਰਥਕ ਹੋ ਨਿਬੜਨਗੇ।

ਭਾਰਤੀ ਕਾਂਗਰਸ ਪਾਰਟੀ ਨੇ ਦੇਸ਼ ਵਿਚ ਸਭਨੀਂ ਪਾਸੀਂ ਅਜਿਹੀ ਸਥਿਤੀ ਉਤਪੰਨ ਕਰ ਦਿੱਤੀ ਹੈ । ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਜਿਹੜੀਆਂ ਪਾਰਟੀਆਂ ਕਾਂਗਰਸ ਦੇ ਟਾਕਰੇ ਵਿਚ ਉਠ ਰਹੀਆਂ ਹਨ, ਆਸਾਮ ਵਿਚ ਵਿਦਿਆਰਥੀਆਂ ਦੀ ਅਗਵਾਈ ਵਿਚ ਬਣੀ ਆਸਾਮ ਗਣ ਪ੍ਰੀਸ਼ਦ, ਅਜਿਹੀਆਂ ਸ਼ਕਤੀਆਂ ਹਨ ਜਿਨ੍ਹਾਂ ਦੇ ਰਾਜਸੀ ਸੁਭਾਅ ਬਾਰੇ ਕੁਝ ਨਿਰਣੇਜਨਕ ਕਹਿਣਾ ਔਖਾ ਹੈ ।

ਕਈਆਂ ਗੱਲਾਂ ਵਿਚ ਇਹ ਪਾਰਟੀਆਂ ਕਮਿਊਨਿਸਟਾਂ ਵਿਰੋਧੀ ਤੇ ਪ੍ਰਤਿਗਾਮੀ ਹਨ । ਪਰ ਜੇ ਦੇਸ਼ ਦੀਆਂ ਕਮਿਊਨਿਸਟ ਪਾਰਟੀਆਂ ਇਨ੍ਹਾਂ ਦਾ ਵਿਰੋਧ ਕਰਦੀਆਂ ਹਨ ਤਾਂ ਉਹ ਕਾਂਗਰਸ ਪਾਰਟੀ ਦੀਆਂ ਸਮਰਥਕ ਬਣਦੀਆਂ ਪ੍ਰਤੀਤ ਹੁੰਦੀਆਂ ਹਨ ।

### ਅੜਾਉਣੀ

ਕਮਿਊਨਿਸਟ ਇਸ ਅੜਾਉਣੀ ਵਿਚੋਂ ਕਿਵੇਂ ਨਿਕਲ ਸਕਦੇ ਹਨ? ਕਈ ਵਾਰੀ ਤਾਂ ਉਹ ਆਪਣੇ ਆਪ ਨੂੰ ਇਕ ਸਵੈ-ਵਿਰੋਧੀ ਸਥਿਤੀ ਵਿਚ ਲੈ ਜਾਂਦੇ ਪ੍ਰਤੀਤ ਹੁੰਦੇ ਹਨ, ਜਿਵੇਂ ਦਾਰਜੀਲਿੰਗ ਦੀ ਗੋਰਖਾਲੈਂਡ ਸਥਾਪਤ ਕਰਨ ਦੀ ਲਹਿਰ ਵਿਰੁੱਧ ਕਮਿਊਨਿਸਟ ਪਾਰਟੀਆਂ ਦਾ ਬੰਗਾਲ ਦਾ ਫਰੰਟ। ਆਸਾਮ ਵਿਚ ਵੀ ਕਾਂਗਰਸ ਵਿਰੋਧੀ ਆਸਾਮ ਗਣ ਪ੍ਰੀਸ਼ਦ ਦਾ ਕਮਿਊਨਿਸਟ ਫਰੰਟ ਵਿਰੋਧ ਕਰ ਰਿਹਾ ਹੈ। ਅਜਿਹਾ ਕੋਈ ਰਾਹ ਲੱਭਣ ਦੀ ਲੋੜ ਹੈ ਜਿਹੜਾ ਕਮਿਊਨਿਸਟਾਂ ਨੂੰ ਸੱਜੇ ਪੱਖੀ ਤੇ ਧਾਰਮਿਕ ਮੂਲਵਾਦੀ ਪਾਰਟੀਆਂ ਦੇ ਵਿਰੋਧ ਵਿਚ ਕਾਂਗਰਸ ਪਾਰਟੀ ਦਾ ਪਿਛਲ ਤ ਬਣਾਉਣ ਤੋਂ ਬਚ ਸਕੇ ।

ਅੱਜ ਵੀ ਆਪਾਂ ਸਾਫ਼ ਹਾਂ ਦੋਵੇਂ
ਝੀਲ ਦੇ ਨਿੱਤਰੇ ਪਾਣੀ ਵਾਂਗੂੰ ।

FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER
NORTH AMERICAN LIFE

INSURANCE FOR

ਪਰਸਨਲ, ਬਿਜ਼ਨਿਸ, ਗਰੁੱਪ ਇੰਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ

- Personal
- Children
- Mortgage
- RRSP
- Group Insuranc & Annuities

Ph. 270-2100

CONTACT

Nagra Insurance Agencies

11420 Granville Ave. Richmond, B.C. V6Y 1R6

# ਪਿਆਰ ਤੇ ਏਕਤਾ ਦਾ ਪੈਗਾਮ ਦੇਣ ਵਾਲਾ
# ਬਾਬਾ ਨਾਮਦੇਵ

ਪ੍ਰੇਮ ਸਿੰਘ ਬਾਵਾ

ਪੰਜਾਬ ਦੇ ਪਿੰਡ ਘੁਮਾਣ, ਤਹਿਸੀਲ ਬਟਾਲਾ, ਜ਼ਿਲਾ ਗੁਰਦਾਸਪੁਰ ਨੂੰ ਸ਼ਰੋਮਣੀ ਭਗਤ ਬਾਬਾ ਨਾਮਦੇਵ ਜੀ ਦਾ ਸਮਾਧੀ ਅਸਥਾਨ ਹੋਣ ਦਾ ਮਾਣ ਪ੍ਰਾਪਤ ਹੈ। ਕਹਿੰਦੇ ਹਨ ਕਿ ਬਾਬਾ ਜੀ ਨੇ ਆਪਣੀ ਆਯੂ ਦੇ ਅੰਤਲੇ ਅਠਾਰਾਂ ਸਾਲ ਇਥੇ ਹੀ ਬਤੀਤ ਕੀਤੇ ਤੇ ਇਥੇ ਹੀ 2 ਮਾਘ ਵਾਲੇ ਦਿਨ ਆਪ ਸਮਾਏ। ਇਨ੍ਹਾਂ ਦੀ ਯਾਦ ਵਿਚ ਇਥੇ ਦੋ ਅਸਥਾਨ ਬਣੇ ਹੋਏ ਹਨ, ਇਕ ਤਪਿਆਣਾ ਸਾਹਿਬ, ਦੂਜਾ ਦਰਬਾਰ ਸਾਹਿਬ। ਤਪਿਆਣਾ ਸਾਹਿਬ ਬਾਬਾ ਜੀ ਦੇ ਤਪ ਕਰਨ ਦੀ ਜਗ੍ਹਾ ਹੈ ਤੇ ਦਰਬਾਰ ਸਾਹਿਬ ਆਪ ਜੀ ਦੀ ਸਮਾਧੀ। ਪਿਛਲੇ ਅਸਥਾਨ ਨੂੰ 'ਦੇਹੁਰਾ ਸਾਹਿਬ' ਵੀ ਕਹਿ ਲੈਂਦੇ ਹਨ। ਇਹ ਸ: ਜੱਸਾ ਸਿੰਘ ਰਾਮਗੜ੍ਹੀਏ ਨੇ ਬੜੀ ਸ਼ਰਧਾ ਤੇ ਸਤਿਕਾਰ ਨਾਲ ਬਣਾਇਆ ਸੀ। ਇਥੇ ਹਰ ਸਾਲ ਤਿੰਨ ਦਿਨ ਮੇਲਾ ਲੱਗਦਾ ਭਰਦਾ ਹੈ। ਲੋਹੜੀ ਵਾਲੇ ਦਿਨ ਤੋਂ ਸ਼ੁਰੂ ਕਰਕੇ ਦੋ ਮਾਘ ਤਕ ਚੱਲਦਾ ਹੈ।



ਭਗਤ ਨਾਮਦੇਵ ਜੀ ਦਾ ਜਨਮ ਮਹਾਂਰਾਸ਼ਟਰ ਦੇ ਜ਼ਿਲਾ ਸਤਾਰਾ ਦੇ ਇਕ ਪਿੰਡ, ਨਰਸੀ ਬਾਹਮਣੀ ਵਿਚ 26 ਅਕਤੂਬਰ 1270 ਈਸਵੀ ਨੂੰ ਹੋਇਆ ਸੀ। ਇਨ੍ਹਾਂ ਦੇ ਪਿਤਾ ਦਾ ਨਾਂ ਦਾਮਸੇਠ ਤੇ ਮਾਤਾ ਦਾ ਨਾਂ ਗੋਨਾਂਬਾਈ ਸੀ। ਉਨ੍ਹਾਂ ਦਾ ਹੋਣਹਾਰ ਸਪੁੱਤਰ, ਨਾਮਦੇਵ ਵੀ ਉਨ੍ਹਾਂ ਦੇ ਪੂਰਨਿਆਂ ਤੇ ਚੱਲਿਆ ਤੇ ਭਗਤੀ ਭਾਵ ਵਿਚ ਉਸ ਉਹ ਤਰੱਕੀ ਕੀਤੀ ਕਿ ਉਹ ਨਾ ਕੇਵਲ ਮਹਾਂਰਾਸ਼ਟਰ ਦਾ ਸਗੋਂ ਸਮੁੱਚੇ ਭਾਰਤ ਦਾ ਸਿਰਮੌਰ ਸੰਤ-ਕਵੀ ਹੋ ਨਿਬੜਿਆ। ਨਾਮਦੇਵ ਜੀ ਦਾ ਦੇਹਾਂਤ ਮਰਾਠੀ ਲੋਕਾਂ ਦੇ ਮੁਤਾਬਕ ਪੰਡਰਪੁਰ ਵਿਚ 1350 ਈਸਵੀ ਵਿਚ ਹੋਇਆ, ਪਰ ਪੰਜਾਬ ਵਿਚ ਪਾਈ ਜਾਂਦੀ ਰਿਵਾਇਤ ਅਨੁਸਾਰ ਇਸ ਤੋਂ 18 ਸਾਲਾਂ ਪਿਛੋਂ।

ਮੁਢਲੀ ਉਮਰ ਵਿਚ ਭਗਤ ਨਾਮਦੇਵ ਜੀ ਨੂੰ ਬ੍ਰਾਹਮਣਾਂ, ਪੁਜਾਰੀਆਂ ਦੇ ਅਤਿਆਚਾਰਾਂ ਦਾ ਸ਼ਿਕਾਰ ਹੋਣਾ ਪਇਆ। ਕਹਿੰਦੇ ਹਨ ਕਿ ਉਨ੍ਹਾਂ ਭਗਤ ਜੀ ਨੂੰ ਓਮਨਾਥ ਦੇ ਮੰਦਰ ਅੰਦਰ ਕੀਰਤਨ ਕਰਨ ਦੀ ਆਗਿਆ ਨਾ ਦਿੱਤੀ ਉਨ੍ਹਾਂ ਕਿਹਾ ਕਿ ਤੁਸੀਂ ਸ਼ੂਦਰ ਹੋਣ ਕਾਰਨ ਪੂਜਾ ਪਾਠ ਦੇ ਅਧਿਕਾਰੀ ਨਹੀਂ। ਰੋਸ ਵਜੋਂ ਭਗਤ ਜੀ ਮੰਦਰ ਦੇ ਪਿਛਵਾੜੇ ਜਾ ਕੇ ਕੀਰਤਨ ਵਿਚ ਜੁਟ ਪਏ ਅਤੇ ਕੀਰਤਨ ਦੀ ਸ਼ਕਤੀ ਨਾਲ ਮੰਦਰ ਦਾ ਮੂੰਹ ਆਪਣੇ ਵਲ ਫੇਰ ਲਿਆ:

ਸੂਦ ਸੂਦ੍ਰ ਕਰਿ ਮਾਰਿ ਉਠਾਇਓ,
ਕਹਾ ਕਰਉ ਬਾਪੁ ਬੀਠਲਾ।
ਏ ਪੰਡੀਆ ਮੋਕਉ ਢੇਢ ਕਹਿਤ ਹੈ,
ਤੇਰੀ ਪੈਜ ਪਿਛਉਡੀ ਹੋਇਲਾ।
ਫੇਰਿ ਦੀਆ ਦੇਹੁਰਾ ਨਾਮੇ ਕਾ,
ਪੰਡੀਅਨ ਕਉ ਪਿਛਵਾਰਲਾ।

ਕਾਮੇ ਕਿਰਤੀਆਂ ਦੇ ਪਖ ਵਿਚ ਬ੍ਰਾਹਮਣਾਂ ਵਿਰੁੱਧ ਇਹ ਆਪ ਦੀ ਪਹਿਲੀ ਜਿੱਤ ਸੀ। ਦੂਜੀ ਜਿੱਤ ਕਿਰਤ ਤੇ ਭੂੜੀ ਨੂੰ ਮੁਕਤੀ ਦਾ ਰਾਹ ਦਸਕੇ ਤੇ ਸਾਬਤ ਕਰਕੇ ਪ੍ਰਾਪਤ ਕੀਤੀ। ਰੱਬ ਤਕ ਪਹੁੰਚਣ ਦਾ ਜੋ ਰਾਹ ਬ੍ਰਾਹਮਣਾਂ ਨੇ ਬਣਾ ਰੱਖਿਆ ਸੀ, ਉਸ ਵਿਚ ਮਨੁੱਖਨੂੰ ਗ੍ਰਿਹਸਤ ਆਸ਼ਰਮ ਤੋਂ ਬਾਅਦ ਘਰ ਬਾਰ ਤਿਆਗ ਕੇ ਸੰਨਿਆਸ ਲੈਣਾ ਜ਼ਰੂਰੀ ਰੱਖਿਆ ਹੋਇਆ ਸੀ। ਭਗਤ ਨਾਮਦੇਵ ਜੀ ਨੇ ਗ੍ਰਿਹਸਤ ਵਿਚ ਰਹਿੰਦਿਆਂ ਹੀ ਨਾਮ ਸਿਮਰਨ ਨੂੰ ਮੁਕਤੀ ਦਾ ਦੁਆਰਾ ਦੱਸਿਆ। ਆਪ ਨੇ ਕਹਿਆ:

ਮਨ ਮੇਰੋ ਗਜ ਜਿਹਬਾ ਮੇਰੀ ਕੀਤੀ।
ਮਪਿ ਮਪਿ ਕਾਟਉ ਜਮ ਕੀ ਫਾਸੀ।
ਗਗਨਿ ਗਗਉ ਸੀਵਨਿ ਸੀਵਉ।
ਰਾਮ ਨਾਮ ਬਿਨੁ ਘਰੀਅ ਨ ਜੀਵਉ।

ਇੰਜ ਆਪ ਨੇ ਕਿਰਤ ਦੇ ਨਾਲ ਨਾਮ ਜੱਪਣ ਨੂੰ ਦ੍ਰਿੜ ਕਰਾਇਆ ਅਤੇ ਘਰ ਦੇ ਤਿਆਗ ਤੇ ਜ਼ੋਰ ਨਾ ਦਿੱਤਾ।

ਕਿਰਤ ਦੇ ਨਾਲ ਹੀ ਆਪ ਨੇ ਪਿਆਰ, ਭਰੱਪਣ ਤੇ ਮਨੁੱਖੀ ਏਕਤਾ ਦਾ ਪੈਗਾਮ ਵੀ ਦਿੱਤਾ। ਇਕ ਸਮੇਂ ਆਪ ਨੇ ਆਪਣੇ ਲਈ ਇਕ ਕੁਟੀਆ ਉਸਾਰੀ ਇਸ ਦੀ ਉਸਾਰੀ ਲਈ ਕਹਿਆ ਜਾਂਦਾ ਹੈ, ਪ੍ਰਭ ਜੀ ਆਪ ਆਏ ਕੁਟੀਆ ਦੀ ਦਿਖ ਬੜੀ ਪ੍ਰਭਾਵਸ਼ਾਲੀ ਸੀ। ਨਾਲ ਵਸਦੀ ਪੜੋਸਣ ਨੂੰ ਵੀ ਉਜੇਹੀ ਕੁਟੀਆ ਤਿਆਰ ਕਰਵਾਉਣ ਦਾ ਚਾਉ ਕੁਦਿਆ। ਉਸ ਨਾਮਦੇਵ ਤੋਂ ਤਰਖਾਣ ਦਾ ਪਤਾ ਪੁੱਛਿਆ ਤੇ ਦੂਣੀ ਮਜ਼ੂਰੀ ਦੇਣ ਦੀ ਪੇਸ਼ਕਸ਼ ਕੀਤੀ। ਨਾਮਦੇਵ ਜੀ ਨੇ ਉਤਰ ਵਿਚ ਕਿਹਾ, ਹੇ ਭੈਣ, ਮੇਰਾ ਬੇਢੀ ਪੈਸੇ ਦੀ ਤੱਕ ਨਹੀਂ ਰੱਖਦਾ, ਉਹ ਤਾਂ ਪ੍ਰੀਤਿ ਦੀ ਮਜ਼ੂਰੀ ਮੰਗਦਾ ਹੈ: ( ਬੇਢੀ ਪ੍ਰੀਤਿ ਮਜੂਰੀ ਮਾਂਗੇ, ਜਉ ਕੋਊ ਛਾਨਿ ਛਨਾਨ ਹੋ) ਭਗਤ ਜੀ ਨੇ ਆਪਣੇ ਇਸ ਕਥਨ ਵਿਚ ਬੜਾ ਉਚਕੋਟੀ ਦਾ ਸੰਦੇਸ਼ ਭਰ ਦਿੱਤਾ। ਇਹ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਹਿੰਦੋਸਤਾਨ ਦੇ ਲੋਕਾਂ ਲਈ ਸਾਰੀਆਂ ਮੁਸੀਬਤਾਂ ਦਾ ਦਾਰੂ ਪ੍ਰੀਤ ਹੈ। ਜੇ ਲੋਕ ਆਪਸ ਵਿਚ ਪ੍ਰੀਤ ਰਖਣਾ ਸ਼ੁਰੂ ਕਰ ਦੇਣ ਤਾਂ ਉਨ੍ਹਾਂ ਦਾ ਘਰ ਸੁਖਾਂ ਦਾ ਪੰਘੂੜਾ ਬਣ ਜਾਏਗਾ। ਪ੍ਰੀਤ ਹੀ ਇਕ ਅਜੇਹਾ ਢੰਗ ਹੈ ਜਿਸ ਰਾਹੀਂ ਅਸੀਂ ਨਿੱਤ ਪੈ ਰਹੇ ਦੁਫੇੜਾਂ, ਮਜ਼ਹਬਾਂ ਦੇ ਵਿਤਕਰਿਆਂ, ਉਠ ਰਹੇ ਨਿਗੁਣੇ ਝਗੜਿਆਂ, ਜਾਤੀ ਵਿਭੇਦਤਾ ਦੇ ਕਾਰਿਆਂ ਤੇ ਸੁਭਾਅ ਦੀ ਤੰਗ-ਨਜ਼ਰੀ ਤੋਂ ਬਚ ਸਕਦੇ ਹਾਂ। ਭਗਤ ਜੀ ਨੇ ਬੜੇ ਸਪੱਸ਼ਟ ਸ਼ਬਦਾਂ ਵਿਚ ਰਾਹ ਦੱਸ ਦਿੱਤਾ ਹੈ। ਇਸ ਦੀ ਵਰਤੋਂ ਹੁਣ ਸਾਡੇ ਉਤੇ ਨਿਰਭਰ ਹੈ।

ਨਾਮਦੇਵ ਜੀ ਦੀ ਸਿਖਿਆ ਵਿਚ ਬੁਧਿ ਬਿਬੇਕ ਨੂੰ ਵਿਸ਼ੇਸ਼ ਥਾਂ ਪ੍ਰਾਪਤ ਹੈ। ਉਹ ਕਿਸੇ ਐਸੀ ਚੀਜ਼ ਨੂੰ ਸਵੀਕਾਰ ਕਰਨ ਦੀ ਪ੍ਰੇਰਣਾ ਨਹੀਂ ਦਿੰਦੇ ਜੋ ਤਰਕ ਉਤੇ ਪੂਰੀ ਨਹੀਂ ਉਤਰਦੀ। ਇਸ ਲਈ ਦਿਖਾਵਾ, ਪਖੰਡ, ਨਿਰਾਰਥਕ ਰੀਤਾਂ ਰਿਵਾਜ਼ਾਂ ਆਦਿ ਦੀ ਬਾਣੀ ਵਿਚ ਕੋਈ ਥਾਂ ਨਹੀਂ। ਉਨ੍ਹਾਂ ਦੇ ਕਈ ਸ਼ਬਦ ਇਸ ਗੱਲ ਦੀ ਸਿਖਿਆ ਦਿੰਦੇ ਹਨ ਕਿ ਕਰਮ ਕਾਂਡ ਵਿਚ ਖਚਿਤ ਹੋਣਾ ਤੇ ਵਹਿਮ-ਭਰਮਾਂ ਵਿਚ ਫਸਣਾ ਭੁੱਲ ਹੈ। ਇਨ੍ਹਾਂ ਤੋਂ ਬਚਣਾਂ ਚਾਹੀਦਾ ਹੈ

(ੳ) ਅਸੁਮੇਧ ਜਗਨੇ॥
ਤੁਲਾ ਪੁਰਖ ਦਾਨੇ॥
... ... ...
ਮਨ ਛੋਡਿ ਛੋਡਿ ਸਗਲ ਭੇਦ
ਅ) ਭੈਰਉ ਭੂਤ ਸੀਤਲਾ ਧਾਵੈ
ਖਰ ਬਾਹਨ ਉਹ ਛਾਰ ਉਠਾਵੈ
ਹਉ ਤਉ ਏਕ ਰਮਈਆ ਲੈਹਉ
ਆਨ ਦੇਵ ਬਦਲਾਵਨਿ ਦੈਹਉ।
ੲ) ਛੋਡਿ ਛੋਡਿ ਹੇ ਪਾਖੰਡੀ
ਮਨ ਕਪਟ ਨ ਕੀਜੈ।
ਹਰ ਕਾ ਨਾਮ ਨਿਤ ਨਿਤਹਿ ਲੀਜੈ॥

ਭਗਤ ਨਾਮਦੇਵ ਜੀ ਦਾ ਸਬੰਧ ਬਰਕਰੀ ਸੰਪਰਦਾਇ ਨਾਲ ਸੀ। ਭਗਤ ਜੀ ਤੇ ਇਸ ਸੰਪਰਦਾਇ ਦੇ ਹੋਰਨਾਂ ਪ੍ਰਚਾਰਕਾਂ ਧਾਰਮਿਕ ਪੱਧਰ ਤੇ ਜੋ ਏਕੀਕਰਣ ਲਿਆਂਦਾ, ਉਸ ਦੀ ਕਹਾਣੀ ਬੜੀ ਵਿਚ੍ਰਿਤ ਹੈ। ਧਾਰਮਿਕ ਪੱਧਰ ਤੇ ਭਗਤ ਜੀ ਦੇ ਸਮੇਂ ਮਹਾਂਰਾਸ਼ਟਰ ਦੀ ਵਸੋਂ ਦੋ ਵੱਡੇ ਸਮੂਹਾਂ ਵਿਚ ਵੰਡੀ ਹੋਈ ਸੀ। ਇਕ ਸਮੂਹ ਵਿਠਲ ਦੇ ਰੂਪ ਵਿਚ ਵਿਸ਼ਨੂ ਦੀ ਪੂਜਾ ਕਰਦਾ ਸੀ, ਦੂਜਾ ਸ਼ਿਵਜੀ ਦਾ ਉਪਾਸ਼ਕ ਸੀ। ਦੋਹਾਂ ਵਿਚ ਅਣਬਣ ਚਲਦੀ ਰਹਿੰਦੀ ਸੀ। ਬਰਕਰੀ ਸੰਪ੍ਰਦਾਇ ਦੇ ਪ੍ਰਚਾਰਕਾਂ ਨੇ ਦੋਹਾਂ ਦੇ ਏਕੀਕਰਣ ਦੀ ਇਕ ਚਿੱਤਰ ਬਿਧਿ ਸੋਚੀ। ਉਨ੍ਹਾਂ ਵਿਸ਼ਨੂ ਦੀ ਮੂਰਤੀ ਦੇ ਸਿਰ ਉਪਰ ਸ਼ਿਵਲਿੰਗ ਜੋੜਕੇ ਦੋਹਾਂ ਦਾ ਏਕੀਕਰਣ ਵਿਠਲ ਦੇ ਰੂਪ ਵਿਚ ਕਰ ਲਿਆ। ਹੁਣ ਸਿਰਉਂ ਸ਼ਿਵਲਿੰਗ ਵਾਲੇ ਵਿਠਲ ਦੀ ਉਪਾਸਨਾ ਹੋਣ ਲੱਗੀ। ਇਸ ਨਾਲ ਵੈਸ਼ਨਵ ਅਣਲੰਬੀਆਂ ਤੇ ਸ਼ੈਵ ਮਤ ਦੇ ਉਪਾਸਕਾਂ ਵਿਚ ਤਲਖੀ ਘੱਟ ਗਈ। ਵਿਭਿੰਨ ਮਤਾਂ ਤੇ ਵਿਚਾਰਾਂ ਵਾਲੇ ਲੋਕਾਂ ਦਾ ਇਸ ਤੋਂ ਚੰਗਾ ਹੋਰ ਕੀ ਏਕੀਕਰਣ ਹੋ ਸਕਦਾ ਸੀ ?

ਨਾਮਦੇਵ ਜੀ ਦੀ ਭੇਂਟ ਸਮੇਂ ਦੇ ਮੁਸਲਮਾਨ ਸੁਲਤਾਨ ਨਾਲ ਵੀ ਹੋਈ ਦੱਸੀ ਜਾਂਦੀ ਹੈ। ਉਸ ਨਾਮਦੇਵ ਜੀ ਦਾ ਪਰਤਾਵਾ ਲੈਣ ਲਈ ਉਨ੍ਹਾਂ ਨੂੰ ਮੋਈ ਗਊ ਜੀਵਾਉਣ ਲਈ ਕਹਿਆ। ਭਗਤ ਜੀ ਤਾਂ ਕਰਾਮਾਤ ਵਿਖਾ ਕੇ ਉਸ ਨੂੰ ਖੁਸ਼ ਕਰਨ ਵਿਚ ਤਿਆਰ ਨਾ ਹੋਏ ਪਰ ਰਿਵਾਇਤ ਅਨੁਸਾਰ ਪ੍ਰਮਾਤਮਾ ਨੇ ਆਪ ਆ ਕੇ ਗਊ ਨੂੰ ਜੀਵਾਲ ਦਿੱਤਾ। ਇਸ ਸਮੇਂ ਜੋ ਸਿੱਖਿਆ ਭਗਤ ਨਾਮਦੇਵ ਜੀ ਨੇ ਸੁਲਤਾਨ ਨੂੰ ਦਿੱਤੀ, ਉਹ ਬੜੀ ਕੀਮਤੀ ਹੈ। ਸ੍ਰੀ ਨਾਮਦੇਵ ਜੀ ਨੇ ਸਮਝਾਇਆ ਕਿ ਐ ਬਾਦਸ਼ਾਹ ਸਚਾਈ ਤੇ ਨੇਕੀ ਦੇ ਰਸਤੇ ਤੇ ਚਲੋ (ਸਾਚੂੰ ਸ਼ੀਲ ਚਾਲੋ ਸੁਲਤਾਨ ) ਇਸ ਦੋ ਸ਼ਬਦੀ ਸਿਖਿਆ ਵਿਚ ਸੱਚ ਦਾ ਪੱਲਾ ਫੜਨ ਤੇ ਨੇਕੀ ਦੇ ਰਸਤੇ ਉਤੇ ਚੱਲਣ ਦੀ ਪ੍ਰੇਰਨਾ ਹੈ।

ਭਗਤ ਨਾਮਦੇਵ ਜੀ ਦੀ ਸਿਖਿਆ ਅੱਜ ਵੀ ਉਨੀ ਹੀ ਕੀਮਤੀ ਹੈ, ਜਿੰਨੀ ਕਿ ਉਨ੍ਹਾਂ ਦੇ ਆਪਣੇ ਸਮੇਂ ਵਿਚ ਸੀ। ਉਨ੍ਹਾਂ ਦਾ ਦਸਿਆ ਪਿਆਰ ਦਾ ਰਾਹ ਮਨੁੱਖ ਦੀਆਂ ਅਜੋਕੀਆਂ ਬੀਮਾਰੀਆਂ ਲਈ ਰਸਾਇਣ ਦੇ ਤੁੱਲ ਹੈ। ਇਸੇ ਤਰ੍ਹਾਂ ਏਕੀਕਰਣ ਬਹੁਤੇ ਝਗੜਿਆਂ ਦਾ ਅਕਟਦਾਰ ਹੈ ਤੇ ਭਾਰਤ੍ਰੀਅਤਾ ਤੇ ਸਮਾਨਤਾ ਖੋਹੇ ਹੋਏ ਸਵਰਗ ਦੀ ਕੁੰਜੀ ਹੈ। ਆਓ ਤੇਰਵੀਂ ਸਦੀ ਦੇ ਇਸ ਮਹਾਨ ਸੰਤ ਦੀ ਯਾਦ ਨੂੰ ਤਾਜ਼ਾ ਕਰਦਿਆਂ ਉਸ ਦੀਆਂ ਦਸੀਆਂ ਕੀਮਤਾਂ ਨੂੰ ਮੁੜ ਆਪਣੇ ਜੀਵਨ ਵਿਚ ਲਿਆਈਏ ਅਤੇ ਆਪਣੇ ਸੁੱਚੇ ਤੇ ਸੱਚੇ ਭਾਰਤੀ ਹੋਣ ਦਾ ਸਬੂਤ ਦੇਈਏ।

## ਭੂਤ ਕੱਢਣ ਵਾਲੀ ਦੇ ਭੂਤ ਕੱਢੇ

ਕੋਟਕਪੂਰਾ — ਤਰਕਸ਼ੀਲ ਸੁਸਾਇਟੀ ਦੀ ਜ਼ਿਲਾ ਇਕਾਈ ਨੇ ਮੁਕਤਸਰ ਲਾਗੇ ਪਿੰਡ ਸੰਘਰਾਣੇ ਦੀ ਇਕ ਚੇਲੀ, ਜੋ ਘਰ ਨੂੰ 'ਕੀਲਣ' ਅਤੇ 'ਭੂਤ-ਪ੍ਰੇਤ ਕੱਢਣ' ਦੇ ਲਗਪਗ 20 ਹਜ਼ਾਰ ਰੁਪੈ ਤੱਕ ਵੱਖ ਵੱਖ ਰੂਪਾਂ 'ਚ ਭੇਟਾ ਲੈਂਦੀ ਸੀ, ਦੇ ਪਖੰਡ ਦਾ ਭਾਂਡਾ ਚੁਰਾਹੇ ਵਿਚ ਭੰਨ ਕੇ ਉਸ ਤੋਂ ਇਸ ਕੰਮ ਲਈ ਤੋਬਾ ਕਰਵਾ ਦਿੱਤੀ ਹੈ। ਇਹ ਚੇਲੀ ਗੈਬੀ ਸ਼ਕਤੀ ਦੁਆਰਾ ਹਰ ਤਰ੍ਹਾਂ ਦੇ ਰੋਗਾਂ ਨੂੰ ਠੀਕ ਕਰਨ ਦਾ ਦਾਅਵਾ ਕਰਦੀ ਸੀ। ਜਦ ਉਸ ਨੇ ਪਿੰਡ ਕਿੰਗਰਿਆਂ ਦੇ ਇਕ ਗਰੀਬ ਪਰਵਾਰ ਨੂੰ ਭੂਤਾਂ ਪਰੇਤਾਂ ਦਾ ਵਹਿਮ ਪਾ ਕੇ ਉਨ੍ਹਾਂ ਤੋਂ 17,237 ਰੁਪੈ ਠੱਗ ਲਏ ਤਾਂ ਤਰਕਸ਼ੀਲ ਸੁਸਾਇਟੀ ਨੇ ਕੇਸ ਹੱਥ ਵਿਚ ਲੈ ਲਿਆ। ਸੁਸਾਇਟੀ ਨੇ ਉਸ ਨੂੰ ਆਪਣੀ ਗੈਬੀ ਸ਼ਕਤੀ ਦਿਖਾਉਣ ਅਤੇ ਭਰੀ ਸਭਾ ਵਿਚ ਦਸ ਹਜ਼ਾਰ ਰੁਪੈ ਇਨਾਮ ਜਿੱਤਣ ਦਾ ਚੈਲੰਜ ਕੀਤਾ ਤਾਂ ਉਸ ਨੇ ਲੋਕਾਂ ਦੇ ਇਕੱਠ ਵਿਚ ਮੰਨਿਆ ਕਿ ਮੈਂ ਇਹ ਸਾਰਾ ਪਖੰਡ ਕਰਦੀ ਹਾਂ। ਮੇਰੇ ਕੋਲ ਕੋਹੀ ਗੈਬੀ ਸ਼ਕਤੀ ਨਹੀਂ ਤੇ ਅੱਗੋਂ ਮੈਂ ਇਸ ਕੰਮ ਤੋਂ ਤੋਬਾ ਕਰਦੀ ਹਾਂ। ਸੁਸਾਇਟੀ ਨੇ ਅੱਠ ਹਜ਼ਾਰ ਰੁਪੈ ਉਦੋਂ ਹੀ ਵਾਪਸ ਕਰਵਾ ਲਏ। ਸੁਸਾਇਟੀ ਦੇ ਜ਼ਿਲਾ ਸਕੱਤਰ ਇਕਬਾਲ ਸਿੰਘ ਅਨੁਸਾਰ ਇਹ ਚੇਲੀ ਖੁਦ ਇਕ ਮਾਨਸਿਕ ਰੋਗੀ ਹੈ ਅਤੇ ਕਿਸੇ ਵੀ ਪਖੰਡੀ ਨੂੰ ਆਪਣੇ ਸਿਰ ਪੌਣ ਆਉਣ ਦਾ ਭਰਮ 'ਕਰਿਪਟਥੀਸੀਆ' ਨਾਂ ਦੀ ਇਕ ਮਾਨਸਿਕ ਬੀਮਾਰੀ ਕਾਰਨ ਅਨੁਭਵ ਹੁੰਦਾ ਹੈ। ਇਸ ਚੇਲੀ ਦੀ ਛੋਟੇ ਤੋਂ ਛੋਟੇ ਤਵੀਤ ਦੀ ਫੀਸ ਪੰਜਾਹ ਰੁਪੈ ਹੈ ਤੇ 'ਭੂਤ ਕੱਢਣ' ਦੇ ਵੀਹ ਹਜ਼ਾਰ ਰੁਪੈ ਤੱਕ ਲੈ ਲੈਂਦੀ ਹੈ। ਸੁਸਾਇਟੀ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਮਨਘੜਤ ਭੂਤਾਂ, ਪਰੇਤਾਂ, ਸਾਧਾਂ ਅਤੇ ਗੈਬੀ ਸ਼ਕਤੀ ਦਾ ਦਾਅਵਾ ਕਰਨ ਵਾਲੇ ਹੋਰ ਪਖੰਡੀਆਂ ਦਾ ਖਹਿੜਾ ਛੱਡਕੇ ਵਿਗਿਆਨਕ ਸੋਚ ਦੇ ਧਾਰਨੀ ਬਣਨ ਅਤੇ ਮਾਨਸਿਕ ਰੋਗਾਂ ਜਿਵੇਂ ਖੇਡਣਾ, ਕਸਰ ਹੋਣਾ, ਪੇਟੀ ਵਿਚ ਬੰਦ ਕੱਪੜਿਆਂ ਨੂੰ ਅੱਗ ਲੱਗਣਾ ਜਾਂ ਪਾਟ ਜਾਣਾ, ਇੱਟਾਂ ਰੋੜੇ ਵੱਜਣਾ ਆਦਿ ਘਟਨਾਵਾਂ ਦੀ ਵਿਗਿਆਨਕ ਨਜ਼ਰੀਏ ਤੋਂ ਪੜਤਾਲ ਕਰਨ ਜਾਂ ਕਿਸੇ ਵੀ ਅਜਿਹੇ ਕੇਸ ਨੂੰ ਸੁਸਾਇਟੀ ਦੇ ਧਿਆਨ ਵਿਚ ਲਿਆਉਣ। ਸੁਸਾਇਟੀ ਅਜਿਹੇ ਕੇਸਾਂ ਦਾ ਮੁਫਤ ਇਲਾਜ ਕਰਦੀ ਹੈ।

**Thinking of Buying or Selling**

Residential, Commercial, New Houses, Lots, Building Contracts

**Specializing :**

Resale New Housing Lot Sales and Farms

Don't delay call now :

**Hardeep S. Bhangav**

Medellion Club Award Winner

ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਵ ਨੂੰ ਫੋਨ ਕਰੋ

**Ph. Off: 594-4141**

**Pager 438-2333 #1596**



ਹਰਦੀਪ ਸਿੰਘ ਭੰਗਵ

BENCH MARK REALTY CORPORATION

**Bench Mark Realty Corp.**

7218 King George Hwy. Surrey, B.C. V3W 5A5

# ਭਾਰਤੀਅਤਾ ਕਿੱਥੇ ਗਈ ?

—ਹਰਜੀ ਮਲਿਕ—

ਕੀ ਅਸੀਂ ਭਾਰਤੀ ਹਾਂ? ਅਸੀਂ ਭਾਰਤੀ ਹੋਣ ਦੀਆਂ ਗੱਲਾਂ ਸਿਆਸੀ ਤੇ ਸਮਾਜਿਕ ਭਾਸ਼ਨਾਂ, ਵਿਚਾਰ ਗੋਸ਼ਟੀਆਂ, ਕੌਮੀ ਏਕਤਾ ਕੌਂਸਲ ਵਰਗੀਆਂ ਸੰਸਥਾਵਾਂ ਦੀਆਂ ਮੀਟਿੰਗਾਂ ਅਤੇ ਕੌਮਾਂਤਰੀ ਮੰਚਾਂ ਉਤੇ ਆਮ ਹੀ ਕਰਦੇ ਹਾਂ । ਪਰ ਕੀ ਅਸੀਂ ਸੱਚਮੁੱਚ ਹੀ ਭਾਰਤੀ ਹਾਂ ? ਕੀ ਅਸੀਂ ਭਾਰਤੀਆਂ ਵਾਂਗ ਸੋਚਦੇ ਹਾਂ ? ਕੀ ਘਟਨਾਵਾਂ ਪ੍ਰਤੀ ਸਾਡਾ ਪ੍ਰਤੀਕਰਮ ਭਾਰਤੀਆਂ ਵਾਲਾ ਹੁੰਦਾ ਹੈ ? ਜਾਂ ਕੀ ਸਾਡੀ ਸੋਚਣੀ ਤੇ ਨਜ਼ਰੀਆ ਸਿਰਫ ਗੁਜਰਾਤੀ, ਪੰਜਾਬੀ ਬੰਗਾਲੀ ਜਾਂ ਹਿੰਦੂਆਂ, ਮੁਸਲਮਾਨਾਂ, ਈਸਾਈਆਂ ਤੇ ਸਿੱਖਾਂ ਵਰਗੀਆਂ ਸੌੜੀਆਂ ਹੱਦਾਂ ਤਕ ਹੀ ਸੀਮਤ ਹੈ ? ਕੀ ਵਜ਼੍ਹਾ ਹੈ ਕਿ ਸਾਡੀ ਸੋਚਣੀ ਵਿਚ ਭਾਰਤੀ ਲੇਬਲ ਦਾ ਓਨਾ ਮਹੱਤਵ ਨਹੀਂ ਰਿਹਾ ਜਿੰਨਾ ਕਿ ਬ੍ਰਾਹਮਣ, ਠਾਕੁਰ, ਹਰੀਜਨ ਜਾਂ ਦਲਿਤ ਵਰਗੇ ਠੱਪਿਆਂ ਦਾ ? ਇਹ ਠੱਪੇ ਦਿਨੋ ਦਿਨ ਸਾਡੇ ਲਈ ਅਹਿਮ ਕਿਉਂ ਹੁੰਦੇ ਜਾ ਰਹੇ ਹਨ?

ਘਟਨਾਵਾਂ ਨੂੰ ਲੈ ਕੇ ਸਾਡਾ ਪ੍ਰਤੀਕਰਮ ਸਿਰਫ ਅਜਿਹੇ ਹੀ ਵਰਗੀਕਰਨਾਂ ਦੇ ਆਧਾਰ ' ਤੇ ਕਿਉਂ ਹੁੰਦਾ ਹੈ ? ਕੀ ਇਹ ਸੱਚ ਹੈ ਕਿ ਅਸੀਂ ਹੁਣ ਭਾਰਤੀਆਂ ਵਾਂਗ ਨਹੀਂ ਸੋਚਦੇ- ਇਨਸਾਨਾਂ ਵਾਂਗ ਸੋਚਣ ਦੀ ਤਾਂ ਗੱਲ ਹੀ ਛੱਡੋ ।

## ਖਿਡੌਣੇ

. ਇਸ ਸਾਰੀ ਸਥਿਤੀ ਦਾ ਨਤੀਜਾ ਕੀ ਹੈ ? ਸ਼ਾਇਦ ਇਹੀ ਕਿ ਅਸੀਂ ਸਿਆਸਤਦਾਨਾਂ ਦੇ ਹੱਥਾਂ ਵਿਚ ਖਿਡੌਣੇ ਬਣ ਗਏ ਹਾਂ । ਸਿਆਸਤਦਾਨ ਨਿੱਕੇ ਨਿੱਕੇ ਲਾਭ ਲੈਣ ਲਈ ਸਾਨੂੰ ਵਰਤਦੇ ਹਨ । ਉਨ੍ਹਾਂ ਵਲੋਂ ਚਾਬੀ ਭਰੇ ਜਾਣ 'ਤੇ ਸਾਡਾ ਪ੍ਰਤੀਕਰਮ ਤੰਗ ਤੋਂ ਤੰਗ ਸੋਚਣੀ ਵਾਲੇ ਵਿਅਕਤੀ ਤੋਂ ਕਿਸੇ ਵੀ ਤਰ੍ਹਾਂ ਬਿਹਤਰ ਨਹੀਂ ਹੁੰਦਾ । ਸਿਆਸਤਦਾਨ ਜਾਣਬੁੱਝ ਕੇ ਸਾਡੀਆਂ ਭਾਵਨਾਵਾਂ ਨੂੰ ਵਿਸਫੋਟਕ ਪੱਧਰ 'ਤੇ ਲੈ ਜਾਂਦੇ ਹਨ ਅਤੇ ਇਸ ਤਰ੍ਹਾਂ ਆਪਣੇ ਲੁਕਵੇਂ ਸੁਆਰਥਾਂ ਖਾਤਰ ਖੇਤਰੀ, ਧਾਰਮਿਕ ਤੇ ਸ਼੍ਰੇਣੀ ਵੰਡ ਨੂੰ ਦਿਨੋ ਦਿਨ ਮਜ਼ਬੂਤ ਕਰਦੇ ਜਾ ਰਹੇ ਹਨ । ਇਸ ਸਾਰੇ ਰੌਲ-ਘਚੌਲੇ ਵਿਚ ਦਾਅ 'ਤੇ ਭਾਰਤੀਅਤਾ ਲੱਗੀ ਹੋਈ ਹੈ- ਉਹ ਭਾਰਤੀਅਤਾ ਜਿਹੜੀ 1947 ਵਿਚ ਦੇਸ਼ ਦੀ ਆਜ਼ਾਦੀ ਰਾਹੀਂ ਮਿਲਿਆ ਇਕ ਤੋਹਫਾ ਜਾਪਦੀ ਸੀ ।

ਅਜਿਹੇ ਦੇਸ਼ ਵਾਸੀ ਵੀ ਮੌਜੂਦ ਹਨ ਜਿਹੜੇ ਆਪਣੇ ਆਪ 'ਤੇ "ਇਨ੍ਹਾਂ ਗੱਲਾਂ ਤੋਂ ਉਚਾ ਹੋਣ" ਦਾ ਫਖਰ ਕਰਦੇ ਹਨ । ਉਹ ਹਰ ਸਥਿਤੀ ਵਿਚ ਤਮਾਸ਼ਬੀਨਾਂ ਵਾਂਗ ਉਦਾਸੀਨ ਰਹਿੰਦੇ ਹਨ । ਹੋਰਨਾਂ ਦੇ ਦੁਖ, ਸੰਤਾਪ ਜਾਂ ਖੁਸ਼ੀ ਵਿਚ ਭਿਜਣਾ ਉਨ੍ਹਾਂ ਨੂੰ ਗਵਾਰਾ ਨਹੀਂ । ਕਈ ਵਾਰ ਤਾਂ ਬੜੀ ਹੈਂਕੜ ਨਾਲ ਇਹ ਵੀ ਸੁਣਾ ਦਿੰਦੇ ਹਨ ਕਿ ਸਿਆਸਤ ਤੋਂ ਉਨ੍ਹਾਂ ਨੇ ਕੰਮ ਨਹੀਂ ਲੈਣਾਂ । ਫਰਕ ਏਨਾ ਹੈ ਕਿ ਉਹ ਬਿੱਲੀ ਦਿਸਣ 'ਤੇ ਕਬੂਤਰ ਵਾਂਗ ਅੱਖਾਂ ਬੰਦ ਕਰ ਲੈਣ ਦੀ ਭਾਰਤੀ ਪ੍ਰਵਿਰਤੀ ਦਾ ਮੁਜ਼ਾਹਰਾ ਕਰਨੋਂ ਅਜੇ ਵੀ ਨਹੀਂ ਝਿਜਕਦੇ ਹਾਲਾਂ ਕਿ ਇਸੇ ਪ੍ਰਵਿਰਤੀ ਕਾਰਨ ਸਾਡਾ ਦੇਸ਼ 700 ਸਾਲਾਂ ਤਕ ਤੱਕ ਗੁਲਾਮ ਰਿਹਾ ।

ਮੌਜੂਦਾ ਭਾਰਤੀ ਪ੍ਰਸੰਗ ਵਿਚ ਸਿਆਸਤ ਸਿਰਫ ਹਕੂਮਤ ਚਲਾਉਣ ਜਾਂ ਹਥਿਆਉਣ ਦਾ ਵਸੀਲਾ ਜਾਂ ਢੰਗ- ਤਰੀਕਾ ਨਹੀਂ ਰਹੀ । ਇਹ ਸਾਡੀ ਰੋਜ਼ਾਨਾ ਦੀ ਜ਼ਿੰਦਗੀ ਵਿਚ ਇਸ ਹੱਦ ਤਕ ਘਰ ਕਰ ਚੁੱਕੀ ਹੈ ਕਿ ਅਸੀਂ ਇਸ ਤੋਂ ਬਚ ਨਹੀਂ ਸਕਦੇ । ਇਸ ਤੋਂ ਉਪਰ ਉਠ ਸਕਣਾ ਸਾਡੇ ਲਈ ਸੰਭਵ ਨਹੀਂ ਰਿਹਾ ਬਲਕਿ ਅਸੀਂ ਤਾਂ ਹੁਣ ਇਸ ਦੀ ਕ੍ਰਿਪਾ-ਦ੍ਰਿਸ਼ਟੀ 'ਤੇ ਹੀ ਨਿਰਭਰ ਹੋ ਕੇ ਰਹਿ ਗਏ ਹਾਂ । ਜਿਹੜੇ ਥੋੜ੍ਹੇ ਜਿਹੇ ਸੱਚੇ-ਸੁੱਚੇ ਭਾਰਤੀ ਬਚੇ ਹਨ ਜੋ ਸਿਆਸਤ ਦੀ ਵਰਤਮਾਨ ਦਿਸ਼ਾ ਤੋਂ ਫਿਕਰਮੰਦ ਹਨ, ਉਨ੍ਹਾਂ ਉਤੇ ਸਰਕਾਰ ਵਿਰੋਧੀ- ਹਾਕਮ ਜਮਾਤ ਦੀਆਂ ਨਜ਼ਰਾਂ ਵਿਚ ਦੇਸ਼ ਵਿਰੋਧੀ- ਹੋਣ ਦਾ ਠੱਪਾ ਲਗ ਚੁੱਕਾ ਹੈ ਜਾਂ ਲਗ ਜਾਂਦਾ ਹੈ ।

## ਅਮਲ

ਭਾਰਤੀਆਂ ਨੂੰ ਖੋਰਾ ਕਿਵੇਂ ਤੇ ਕਿਉਂ ਲਗਿਆ? ਦਰਅਸਲ ਇਹ ਅਮਲ ਬੜੀ ਮੱਧਮ ਰਫਤਾਰ ਨਾਲ ਸ਼ੁਰੂ ਹੋਇਆ, ਪਰ ਪਿਛਲੇ ਕੁਝ ਸਾਲਾਂ ਦੌਰਾਨ ਇਸ ਨੇ ਬਹੁਤ ਜ਼ੋਰ ਫੜ ਲਿਆ ਹੈ । 1947 ਵਿਚ ਦੇਸ਼ ਦੀ ਆਜ਼ਾਦੀ ਦੀ ਖੁਸ਼ੀ ਵਿਚ ਅਸੀਂ ਇਹ ਸਮਝ ਲਿਆ ਕਿ ਆਜ਼ਾਦੀ ਮਿਲਣ ਨਾਲ ਸਾਡੇ ਅੰਦਰ ਕੌਮੀਅਤ ਤੇ ਕੌਮਪ੍ਰਸਤੀ ਦੀਆਂ ਜੜ੍ਹਾਂ ਹੋਰ ਮਜ਼ਬੂਤ ਹੋਣਗੀਆਂ । ਉਦੋਂ, ਦੇਸ਼ ਭਗਤੀ ਦੀ ਭਾਵਨਾ ਸੱਚਮੁੱਚ ਹੀ ਪ੍ਰਬਲ ਸੀ । ਬਟਵਾਰੇ ਦੇ ਕੌੜੇ ਤਜਰਬਿਆਂ ਤੇ ਮਨੁੱਖੀ ਉਜਾੜੇ ਨੇ ਸਾਡੇ ਵਿਚੋਂ ਕਈਆਂ ਦੇ ਮਨਾਂ ਵਿਚ ਇਹ ਵਿਸ਼ਵਾਸ ਜਗਾਇਆ ਕਿ ਹਿੰਦੂ ਮੁਸਲਿਮ ਫਸਾਦ ਬੀਤੇ ਜ਼ਮਾਨੇ ਦੀ ਗੱਲ ਬਣ ਕੇ ਰਹਿ ਜਾਣਗੇ । ਅਸੀਂ ਆਪਣੇ ਆਪ ਨੂੰ ਦਿਲਾਸਾ ਦਿੰਦੇ ਰਹੇ ਕਿ ਫਸਾਦ, ਦਰਅਸਲ, ਸਾਡੇ ਅੰਦਰਲੇ ਮਤਭੇਦਾਂ ਕਾਰਨ ਨਹੀਂ ਸਗੋਂ ਸਾਮਰਾਜਵਾਦੀ ਨਿਜ਼ਾਮ ਦੀ 'ਪਾੜੋ ਤੇ ਰਾਜ ਕਰੋ ' ਦੀ ਨੀਤੀ ਦਾ ਸਿੱਟਾ ਸਨ । 1960ਵਿਆਂ ਵਿਚ ਭਿਵੰਡੀ ਕਸਬਾ ਜਦੋਂ ਪਹਿਲੀ ਵਾਰ ਫਿਰਕੂ ਦੰਗਿਆਂ ਕਾਰਨ ਅਖਬਾਰੀ ਸੁਰਖੀਆਂ ਵਿਚ ਆਇਆ, ਸਾਡੇ ਮਨਾ ਨੂੰ ਠੇਸ ਪਹੁੰਚੀ । ਹਰ ਜਮਾਤ ਨੇ ਦੰਗਿਆਂ ਵਿਰੁੱਧ ਆਵਾਜ਼ ਉਠਾਈ । ਸਰਕਾਰੀ ਤੇ ਗੈਰ- ਸਰਕਾਰੀ ਏਜੰਸੀਆਂ ਦੰਗਿਆਂ ਦੇ ਕਾਰਨਾਂ ਦੀ ਜਾਂਚ ਕਰਦੀਆਂ ਵੇਖਿਆਂ-ਸੁਣੀਆਂ ਗਈਆਂ । ਅਸਾ ਆਪਣੇ ਮਨਾਂ ਦੇ ਸ਼ੁੱਧੀਕਰਨ ਅਤੇ ਫਿਰਕਾਪ੍ਰਸਤੀ ਦਾ ਭੂਤ ਬਾਹਰ ਕੱਢਣ ਦੀਆਂ ਗੱਲਾਂ ਕੀਤੀਆਂ । ਉਦੋਂ ਸਾਡੀ ਜ਼ਮੀਰ ਜ਼ਿੰਦਾ ਸੀ ।

ਪਰ ਅੱਜ ਸਾਡੀ ਜ਼ਮੀਰ ਜ਼ਿੰਦਾ ਨਹੀਂ । ਅੱਜ ਭਿਵੰਡੀ, ਮੇਰਠ, ਹੈਦਰਾਬਾਦ, ਲਖਨਊ, ਅਹਿਮਦਾਬਾਦ ਵਿਚ ਫਿਰਕੂ ਕਤਲੇਆਮ ਸਾਡੇ ਵਿਚੋਂ ਬਹੁਤਿਆਂ ਨੂੰ ਪੋਂਹਦਾ ਤਕ ਨਹੀਂ, ਬਸ਼ਰਤੇ ਅਸੀਂ ਪੀੜਤ ਫਿਰਕੇ ਜਾਂ ਜਮਾਤ ਨਾਲ ਸਬੰਧ ਨਾ ਰਖਦੇ ਹੋਈਏ । ਅਸੀਂ ਇਸ ਗੱਲ ਦੀ ਪਰਵਾਹ ਤਕ ਨਹੀਂ ਕਰਦੇ ਕਿ ਫਿਰਕਿਆਂ ਨੂੰ ਇਕ -ਦੂਜੇ ਨਾਲ ਭਿੜਕਾਉਣ ਅਤੇ ਇਨਸਾਨੀ ਖੂਨ ਅਜਾਈਂ ਵਹਾਉਣ ਵਾਲੀ ਸਥਿਤੀ ਲਈ ਸਿਆਸੀ ਉਕਸਾਹਟ ਜ਼ਿਮੇਵਾਰ ਹੈ । ਸੌੜੀ ਸੋਚਣੀ ਸਾਡੀ ਜ਼ਮੀਰ ਲਈ ਨਾਸੂਰ ਬਣ ਚੁੱਕੀ ਹੈ । ਇਸੇ ਕਰਕੇ ਉਤਰੀ ਰਾਜਾਂ ਵਿਚ ਸਿੱਖਾਂ ਨੂੰ ਗੱਡੀਆਂ ਵਿਚੋਂ ਧੂਹ ਕੇ ਜ਼ਾਲਮਾਨਾ ਢੰਗਾਂ ਨਾਲ ਮਾਰੇ ਜਾਣ, ਬਿਹਾਰ ਵਿਚ ਮਜ਼ਦੂਰ ਕਿਸਾਨ ਸੰਘਰਸ਼ ਸੰਮਤੀ ਦੇ ਵਾਲੰਟੀਅਰਾਂ ਨੂੰ ਪੁਲਿਸ ਵਲੋਂ ਬਿਨਾਂ ਕਿਸੇ ਚਿਤਾਵਨੀ ਦੇ ਭੁੰਨ ਦਿਤੇ ਜਾਣ ਜਾਂ ਹਰ ਚੌਥੇ ਦਿਨ ਦੇਸ਼ ਦੇ ਕਿਸੇ ਨਾ ਕਿਸੇ ਹਿੱਸੇ ਵਿਚ ਹਰੀਜਨਾਂ ਦੀਆਂ ਸਮੂਹਿਕ ਹੱਤਿਆਵਾਂ ਹੋਣ ਦੀਆਂ ਖਬਰਾਂ ਪੜ੍ਹਦਿਆਂ-ਸੁਣਦਿਆਂ ਸਾਡੇ ਦਿਲਾਂ ਨੂੰ ਡੋਬੂ ਨਹੀਂ ਪੈਂਦਾ । ਸ਼ਾਇਦ ਇਸ ਕਰ ਕੇ ਕਿ ਸਰਕਾਰੀ ਜਾਂ ਗੈਰ-ਸਰਕਾਰੀ ਜਬਰ ਦਾ ਸ਼ਿਕਾਰ ਭਾਰਤੀ ਨਹੀਂ ਸਗੋਂ ਸਿੱਖ, ਬੇਜ਼ਮੀਨੇ ਬਿਹਾਰੀ ਜਾਂ ਸਦੀਆਂ ਤੋਂ ਪਿਸਦੇ ਆ ਰਹੇ ਹਰੀਜਨ ਹਨ ।

## ਤਰੇੜਾਂ

ਇਹ ਨਹੀਂ ਕਿ 1960ਵਿਆਂ ਵਿਚ ਸਾਡੀ ਭਾਰਤੀਅਤਾ ਸਹੀ-ਸਲਾਮਤ ਸੀ । ਉਦੋਂ ਵੀ ਇਸ ਵਿਚ ਤਰੇੜਾਂ ਵੇਖਣ ਨੂੰ ਮਿਲ ਸਕਦੀਆਂ ਸਨ । ਮਸਲਨ, ਨਾਗਿਆਂ ਨੂੰ ਉਨ੍ਹੀਂ ਦਿਨੀਂ ਲਗਾਤਾਰ ਫੌਜੀ ਜਬਰ ਦਾ ਸ਼ਿਕਾਰ ਹੋਣਾ ਪਿਆ । ਫੌਜ, ਬਾਗੀਆਂ ਦਾ ਸਫਾਇਆ ਕਰਨ ਦੀ ਮੁਹਿੰਮ 'ਤੇ ਅਮਲ ਕਰ ਰਹੀ ਸੀ । ਅਸੀਂ ਇਸ ਗੱਲ ਨੂੰ ਕਦੇ ਵੀ ਨਹੀਂ ਗੌਲਿਆ ਕਿ ਮਾਨਵੀ ਪੱਧਰ 'ਤੇ ਇਸ ਮੁਹਿੰਮ ਦੇ ਸਿੱਟੇ ਕਿੰਨੇ ਮਾੜੇ ਹਨ । ਨਾਗਾਲੈਂਡ ਵਿਚ ਸਾਡੀ ਦਿਲਚਸਪੀ ਹੀ ਕੀ ਸੀ ? ਸਾਡੇ ਲਈ ਨਾਗੇ ਸਰਹੱਦੀ ਖੇਤਰ ਵਿਚ ਵਸੇ ਅਨਪੜ੍ਹ ਕਬਾਇਲੀ ਸਨ ਜਿਹੜੇ ਭਾਰਤੀ ਮੁੱਖ ਧਾਰਾ ਵਿਚ ਸ਼ਾਮਲ ਨਹੀਂ ਹੋਣਾਚਾਹੁੰਦੇ । ਜੇ ਫੌਜ ਉਨ੍ਹਾਂ ਨੂੰ ਡੰਡੇ ਨਾਲ ਮੁੱਖ ਧਾਰਾ ਵਿਚ ਜੋੜ ਰਹੀ ਸੀ ਤਾਂ ਸਾਨੂੰ ਕੀ ? ਅਸੀਂ ਕਦੇ ਏਨਾ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਨਾਗੇ ਵੀ ਘੱਟੋ ਘੱਟ ਸੰਵਿਧਾਨ ਮੁਤਾਬਿਕ, ਭਾਰਤੀ ਹਨ ਅਤੇ ਹੋਰ ਨਹੀਂ ਤਾਂ ਇਸੇ ਕਾਰਨ ਹੀ ਸਾਡਾ ਇਹ ਫਰਜ਼ ਬਣਦਾ ਹੈ ਕਿ ਅਸੀਂ ਉਨ੍ਹਾਂ ਦੀ ਸਮੱਸਿਆ ਦੇ ਮਾਨਵੀ ਪੱਖਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ । ਉਦੋਂ ਸਾਨੂੰ ਪਹਿਲੀ ਵਾਰ ਇਹ ਚੇਤਾਵਨੀ ਸੁਣਨ ਨੂੰ ਮਿਲੀ ਸੀ- ਅਤੇ ਉਸ ਪਿਛੋਂ ਤਾਂ ਇਹ ਚਿਤਾਵਨੀ ਇਕ ਕੌਮੀ ਨਾਅਰਾ ਬਦ ਕੇ ਰਹਿ ਗਈ- ਕਿ" ਸਾਡੀ ਕੌਮੀ ਅਖੰਡਤਾ ਨੂੰ ਖਤਰਾ ਹੈ ।" ਅਸੀਂ ਬਿਨਾਂ ਕਿਸੇ ਕਿੰਤੂ ਦੇ ਉਪਰੋਕਤ ਕਥਨ ਨੂੰ ਪ੍ਰਵਾਨ ਕਰ ਲਿਆ । ਅਪਰੇਸ਼ਨ ਬਲਿਊ ਸਟਾਰ ਤੋਂ ਤੁਰੰਤ ਪਿਛੋਂ ਜਦੋਂ ਪੰਜਾਬ ਵਿਚ ਅਤਿਵਾਦੀਆਂ ਦੀ ਭਾਲ ਵਿਚ ਪਿੰਡ, ਬਲਕਿ ਘਰ ਪੱਧਰ 'ਤੇ ਤਲਾਸ਼ੀਆਂ ਦਾ ਸਿਲਸਲਾ ' ਅਪਰੇਸ਼ਨ ਵੁੱਡਰੋਜ਼' ਦੇ ਨਾਂ ਹੇਠ ਚਲ ਰਿਹਾ ਸੀ ਤਾਂ ਸਿਖ, ਨਾਗਿਆਂ ਨੂੰ ਇਹ ਕਹਿੰਦੇ ਸੁਣੇ ਗਏ: " ਸਾਨੂੰ ਹੁਣ ਪਤਾ ਲਗਿਆ ਹੈ ਕਿ ਵਰ੍ਹਿਆਂ ਬੱਧੀਂ ਤੁਹਾਡੇ ਨਾਲ ਕੀ ਕੁਝ ਬੀਤਿਆ ।" ਇਥੇ ਵਰਨਣ ਯੋਗ ਹੈ ਕਿ ਨਾਗਾਲੈਂਡ ਵਿਚ ਸੱਭ ਤੋਂ ਵੱਧ ਨਫਰਤ ਸਿਖ ਫੌਜੀਆਂ ਨਾਲ ਹੀ ਪਾਈ ਜਾਂਦੀ ਹੈ । ਜ਼ਾਹਿਰ ਹੈ ਕਿ ਸਿਰਫ ਸਾਂਝੇ ਦੁਖ ਰਾਹੀਂ ਹੀ ਇਕ -ਦੂਜੇ ਦੀਆਂ ਭਾਵਨਾਵਾਂ ਦਾ ਗਿਆਨ ਹੁੰਦਾ ਹੈ ।

## ਖੱਪੇ

ਭਾਰਤੀਅਤਾ ਵਿਚਲੀਆਂ ਤਰੇੜਾਂ ਭਰਨੀਆਂ ਤਾਂ ਕੀ, ਸਗੋਂ ਸਾਲ-ਦਰ-ਸਾਲ ਵਧ ਕੇ ਵੱਡੇ ਖੱਪਿਆਂ ਦਾ ਰੂਪ ਧਾਰਨ ਕਰਦੀਆਂ ਜਾ ਰਹੀਆਂ ਹਨ । ਅਹਿੰਸਾ ਦੇ ਅਵਤਾਰ ਗਾਂਧੀ ਦੀ ਜਨਮ-ਭੂਮੀ ਗੁਜਰਾਤ ਵਿਚ ਸ਼੍ਰੇਣੀ ਤੇ ਜ਼ਾਤ ਪੱਧਰ ਦਾ ਵਿਵਾਦ ਰਾਖਵੇਂਕਰਨ ਦੇ ਮਾਮਲੇ 'ਤੇ ਅੰਦੋਲਨ ਦਾ ਰੂਪ ਧਾਰਨ ਕਰ ਗਿਆ । ਇਸ ਅੰਦੋਲਨ ਨੂੰ ਸਿਆਸਤਦਾਨਾਂ ਨੇ ਆਪਣੇ ਸੌੜੇਹਿੱਤਾਂ ਕਾਰਨ ਭੜਕਾ ਕੇ ਇਸ ਪੱਧਰ 'ਤੇ ਲੈ ਆਂਦਾ ਕਿ ਪੂਰਾ ਰਾਜ ਇਸ ਦੀ ਅੱਗ ਵਿਚ ਝੁਲਸਣ ਲੱਗਾ ਅਤੇਖੁਦ ਸਿਆਸੀ ਪਾਰਟੀਆਂ ਦਾ ਵੀ ਇਸ 'ਤੇ ਕਾਬੂ ਨਾ ਰਿਹਾ । ਬਾਅਦ ਵਿਚ ਅੰਦੋਲਨ ਉਤੇ ਕਾਬੂ ਪਾਉਣ ( ਅਤੇ ਨਾਲ ਹੀ ਸਿਆਸੀ ਲਾਭ ਲੈਣ) ਲਈ ਹਾਕਮ ਕਾਂਗਰਸ ( ਆਈ) ਨੇ ਇਸ ਨੂੰ ਹਿੰਦੂ-ਮੁਸਲਿਮ ਫਸਾਦਾਂ ਦੀ ਦਿਸ਼ਾ ਦੇ ਦਿਤੀ । ਨਤੀਜਨ, ਹਿੰਦੂ-ਮੁਸਲਿਮ ਸਦਭਾਵਨਾ ਦਾ ਗੜ੍ਹ ਬਣ ਕੇ ਰੂਹ ਗਿਆ । ਜੇ ਮੁੱਠੀ ਭਰ ਸੱਚੇ-ਸੁੱਚੇ ਭਾਰਤੀ ਸਾਹਸ ਕਰਕੇ ਦੇਸ਼ ਵਾਸੀਆਂ ਦੀ ਜ਼ਮੀਰ ਨਾ ਜਗਾਉਂਦੇ ਤਾਂ ਅੱਜ ਗੁਜਰਾਤ ਦਾ ਇਹ ਹਸ਼ਰ ਕਿਤੇ ਮਾੜਾ ਹੋਣਾ ਸੀ । ਭਾਰਤ ਇਕ ਬਹੁਧਰਮੀ ਤੇ ਬਹੁਨਸਲੀ ਸਮਾਜ ਹੈ । ਅਜਿਹੇ ਸਮਾਜ ਵਿਚ ਮਤਭੇਦਾਂ ਤੇ ਵਖਰੇਵਿਆਂ ਪ੍ਰਤੀ ਵਧੇਰੇ ਸਹਿਣਸ਼ੀਲਤਾ ਵਿਖਾਏ ਜਾਣ ਦੀ ਲੋੜ ਹੈ । ਪਰ ਇਸ ਤੋਂ ਐਨ ਉਲਟ, ਸਾਡੇ ਮਤਭੇਦਾਂ ਨੂੰ ਸੂਖਮ ਤੇ ਅਸੂਖਮ ਢੰਗਾਂ ਰਾਹੀਂ ਇਸ ਤਰ੍ਹਾਂ ਭੁਨਾਇਆ ਜਾ ਰਿਹਾ ਹੈ ਕਿ ਇਹ ਮਤਭੇਦ ਸਥਾਈ ਪਾੜਾਂ ਦਾ ਰੂਪ ਧਾਰਨ ਕਰ ਜਾਣ । ਪੰਜਾਬ ਇਸੇ ਨੀਤੀ ਦੀ ਮੰਦਭਾਗੀ ਮਿਸਾਲ ਹੈ । ਨਕੋਦਰ ਵਿਚ ਕੀ ਵਾਪਰਿਆ ? ਇਸ ਸਾਲ ਫਰਵਰੀ ਦੇ ਮਹੀਨੇ ਤੋਂ ਪਹਿਲਾਂ ਉਥੇ ਕੋਈ ਗੰਭੀਰ ਫਿਰਕੂ ਤਣਾਅ ਨਹੀਂ ਸੀ । 2 ਫਰਵਰੀ ਨੂੰ ਇਕ ਗੁਰਦੁਆਰੇ ਵਿਚ ਦੁਰਘਟਨਾ-ਵਸ 6 ਬੀੜਾਂ ਨੂੰ ਅੱਗ ਲੱਗ ਗਈ । ਹਿੰਦੂਆਂ ਤੇ ਸਿੱਖਾਂ ਨੇ ਮਿਲ ਕੇ ਇਸ ਅੱਗ ਨੂੰ ਬੁਝਾਇਆ । ਪਰ ਸਿੱਖ ਫੈਡਰੇਸ਼ਨ ਤੇ ਸ਼ਿਵ ਸੈਨਾ ਦੇ ਕਾਰਕੁੰਨਾਂ ਨੂੰ ਇਹ ਘਟਨਾ " ਕੁਝ ਖੱਟ ਕਮਾਉਣ " ਦਾ ਸਹੀ ਮੌਕਾ ਜਾਪੀ ਸਥਾਨਕ ਕਾਂਗਰਸੀ ਸਿਖ ਆਗੂਆਂ, ਜਿਨ੍ਹਾਂ ਵਿਚ ਇਕ ਸਾਬਕਾ ਮੁੱਖ ਮੰਤਰੀ ਸ਼ਾਮਲ ਸੀ, ਨੇ ਬਰਨਾਲਾ ਸਰਕਾਰ ਨੂੰ ਜਿੱਚ ਕਰਨ ਦੇ ਮਕਸਦ ਨਾਲ ਫਿਰਕੂ ਹਿੰਸਾ ਨੂੰ ਭੜਕਾਉਣ ਵਿਚ ਸਰਗਰਮ ਰੋਲ ਅਦਾ ਕੀਤਾ । ਨਤੀਜਨ, ਚਾਰ ਯੁਵਕ ਪੁਲਿਸ ਫਾਇਰਿੰਗ ਸਦਭਾਵਨਾ ਦੇ ਨਖਲਿਸਤਾਨ ਤੋਂ ਫਿਰਕੂ ਹਿੰਸਾ ਦੇ ਗੜ੍ਹ ਵਿਚ ਬਦਲ ਗਿਆ । ਹੁਣ ਇਹ ਉਸ ਸ਼ਹਿਰ ਵਿਚ ਸਿਰਫ ਹਿੰਦੂ ਤੇ ਸਿੱਖ ਰਹਿੰਦੇ ਹਨ । ਭਾਰਤੀ ਨਹੀਂ ।

## ਖਤਰਾ

ਨਵੰਬਰ-ਦਸੰਬਰ 1984 ਵਿਚ ਸਾਨੂੰ ਥਾਂ ਥਾਂ 'ਤੇ ਇਹ ਸੁਣਨਾ ਪਿਆ ਕਿ ਸਿੱਖ ਵੱਖਵਾਦ ਭਾਰਤ ਦੀ ਅਖੰਡਤਾ ਲਈ ਖਤਰਾ ਬਣਿਆ ਹੋਇਆ ਹੈ । ਅੱਜ ਸਿੱਖ ਵੱਖਵਾਦੀਆਂ ਦੀ ਬਜਾਏ ਸਿੱਖ ਦਹਿਸ਼ਤਪਸੰਦ ਸ਼ਬਦ ਵਰਤਿਆ ਜਾ ਰਿਹਾ ਹੈ ਅਤੇ ਉਨ੍ਹਾਂ ਤੇ ਪਾਕਿਸਤਾਨ ਨੂੰ ਕੌਮੀ ਅਖੰਡਤਾ ਲਈ ਖਤਰਾ ਦੱਸਿਆ ਜਾ ਰਿਹਾ ਹੈ । ਕੱਲ੍ਹ ਨੂੰ ਪਾਕਿਸਤਾਨ ਤੇ ਕਸ਼ਮੀਰੀ ਵੱਖਵਾਦੀ ਇਹ ਖਤਰਾ ਦੱਸੇ ਜਾ ਸਕਦੇ ਹਨ । ਕੁਝ ਦਿਨਾਂ ਬਾਅਦ ਚੀਨ ਤੇ ਉਤਰ-ਪੂਰਬੀ ਪ੍ਰਦੇਸ਼ਾਂ ਵਿਚਲੇ ਬਾਗੀ ਕੌਮੀ ਏਕਤਾ ਨੂੰ ਖਤਰੇ ਦੇ " ਨਾਅਰੇ " ਦੇ ਕੰਮ ਆ ਸਕਦੇ ਹਨ । ਦਰਅਸਲ, ਕੌਮੀ ਅਖੰਡਤਾ ਨੂੰ ਕਿਤੋਂ ਵੀ ਅਜਿਹਾ ਕੋਈ ਖਤਰਾ ਨਹੀਂ । ਅਸਲ ਖਤਰਾ ਤਾਂ ਅਜਿਹੇ ਭਾਰਤੀਆਂ ਦੀ ਘਾਟ ਦਾ ਹੈ । ਜਿਹੜੇ ਸੰਕੀਰਣਤਾ ਦੇ ਮੁਕਾਬਲੇ ਕੌਮੀ ਹਿਤਾਂ ਦੀ ਰਾਖੀ ਕਰ ਸਕਣ ਅਤੇ ਦੇਸ਼ ਨੂੰ ਭੰਨ-ਤੋੜ ਕਰਨ ਵਾਲੇ ਸਰਕਾਰੀ ਜਾਂ ਗੈਰ-ਸਰਕਾਰੀ ਤੰਤਰ ਜਾਂ ਸੰਕਟਾਂ ਨੂੰ ਪੈਦਾ ਕਰਨ ਵਾਲੇ ਅਤੇ ਉਨ੍ਹਾਂ ਦਾ ਪ੍ਰਬੰਧ ਚਲਾਉਣ ਵਾਲੇ ਸਿਆਸਤਦਾਨਾਂ ਤੋਂ ਬਚਾ ਸਕਣ ।


THINKING OF BUYING or SELLING

(RESIDENTIAL, COMMERCIAL, FARMS & INDUSTRIAL)

L/R

Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE



NIRMAL (NEIL) DHALIWAL

Bus: 588-9955 Res: 597-2069

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully


ਤੇਰੀਆਂ ਅੱਖਾਂ ਵਿਚ ਸਨ ਹੰਝੂ
ਮੈਂ ਵੀ ਕੁਝ ਮਜਬੂਰ ਜਿਹਾ ਸਾਂ ।
ਤੂੰ ਵੀ ਆਪੇ ਵਿਚ ਨਹੀਂ ਸੀ
ਮੈਂ ਵੀ ਖ਼ੁਦ ਤੋਂ ਦੂਰ ਜਿਹਾ ਸਾਂ ।
ਤੂੰ ਵੀ ਹਿਜਰ 'ਚ ਤੜਪ ਰਹੀ ਸੈਂ
ਮੈਂ ਵੀ ਗ਼ਮ ਵਿਚ ਚੂਰ ਜਿਹਾ ਸਾਂ ।

ਹੋਠ ਤਿਰੇ ਕੁਝ ਹੋਰ ਸੀ ਕਹਿੰਦੇ,
ਪਰ ਨੈਣਾਂ ਦੀ ਗੱਲ ਹੋਰ ਸੀ ।
ਰੋਕ ਲਈ ਪਰ ਦਿਲ ਦਰਿਆ ਵਿਚ
ਉਠਦੀ ਤੇਰੇ ਛੱਲ ਹੋਰ ਸੀ ।
ਤੱਕਿਆ ਤੇਰੇ ਚਿਹਰੇ ਦਾ ਰੰਗ
ਅੱਜ ਹੋਰ ਹੈ ਕਲ੍ਹ ਹੋਰ ਸੀ ।

# AMBIKA FOODS

5125 VICTORIA DR., VAN. B.C.

PH.(604) 327-0295

# AMBIKA DISCOUNT CENTRE

9407-120 th St., (Scott Rd.) Delta, B.C.

Ph. (604) 588-5859

# ਤੇ ਗਰੈਂਡ ਸੇਲ

WE HAVE RIGHT TO LIMIT THE QUANTITIES UNTIL LAST.

| | | | |
|---|---|---|---|
| ਮਜ਼ੋਲਾ ਤੇਲ<br>MAZOLA OIL<br>3 LIT. $5.89 | ਸਨ ਫਲਾਵਰ ਤੇਲ<br>SUNFLOWER OIL<br>3 LIT. $2.99 | ਵੈਜੀਟੇਬਲ ਤੇਲ<br>VEGETABLE OIL<br>3 LIT. $1.99 | ਮਾਰਜਰੀਨ<br>Margrine<br>lb. 49¢ |
| ਸੁਪਰ ਸੋਕੋ ਜੂਸ<br>SUPER SOCCO JUICE<br>Case 7.99 | ਮੈਦਾ<br>Maida<br>10 kg. 5.89 | ਪਚਰੰਗਾ ਅਚਾਰ<br>PACHRANGA ACHAR<br>TIN $1.49 | ਨਵਾਬ ਚਾਹ ਪੱਤੀ<br>NABOB TEA<br><br>$3.88<br>120's pkt. |
| ਦੁੱਧ<br>MILK<br>4 LIT. $3.47 | ਮਾਂਹ<br>MANH<br>LB. 47¢ | ਫਰੀਨ ਰੋਟੀ ਦਾ ਆਟਾ<br>FARINE ROTI ATTA<br>10 kg. 5.39 | ਧਨੀਆਂ/ਲਾਲ ਮਿਰਚ<br>Dhania/Red Pepper<br>LB. 99¢ |
| ਬਾਸਮਤੀ ਚੌਲ<br>Basmati Rice<br>LB. 69¢ | ਖੰਡ<br>SUGAR<br>10 KG. $5.89 | ਐਪਲ ਜੂਸ<br>Apple Juice<br>7.99<br>CASE | ਐਪਲ ਜੂਸ<br>APPLE JUICE<br>(SUNRYPE BLUE LABEL<br>1 L. 99¢ |
| ਮੂੰਗੀ<br>MOONGI<br>LB. 37¢ | ਅਗਰਬੱਤੀ ਜਾਂ ਧੂਫ<br>Dhoof<br>3/99¢ | ਚਨਾ ਦਾਲ<br>CHANNA DAL<br>LB. 37¢ | ਜੀਰਾ<br>JIRA<br>LB. $1.49 |

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ। ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :— ਫੋਨ : 327-0295

# ਫ਼ਿਲਮ-ਲੋਰ

## ਅੱਲ੍ਹੜਪੁਣੇ 'ਚ ਚੌਫਾਲ ਡਿੱਗੀ ਰੁਬੀਨਾ

ਕੁਝ ਸਾਲ ਪਹਿਲਾਂ ਰਣਜੀਤ ਕੌਰ ਨਾਮੀ ਪੰਜਾਬਣ ਮੁਟਿਆਰ ਨੇ "ਲੈਲਾ ਮਜਨੂੰ" ਰਾਹੀਂ ਫਿਲਮੀ ਆਕਾਸ਼ ਵਿਚ ਪੈਰ ਰਖਦਿਆਂ ਹੀ ਤਹਿਲਕਾ ਮਚਾ ਦਿੱਤਾ ਸੀ। ਕੁਝ ਮਹੀਨੇ ਪਹਿਲਾਂ ਫਿਲਮ 'ਏਕ ਮੈਂ ਔਰ ਏਕ ਤੂੰ ਰਾਹੀਂ ਫਿਲਮੀ ਦੁਨੀਆਂ ਵਿਚ ਕਦਮ ਰੱਖਣ ਵਾਲੀ ਰਣਜੀਤਾ ਦੀ ਛੋਟੀ ਭੈਣ ਰੁਬੀਨਾ ਨਿੱਝਰ ਪਹਿਲੇ ਕਦਮ ਤੇ ਹੀ ਉਖੜ ਕੇ ਡਿੱਗ ਪਈ ਹੈ। ਰੁਬੀਨਾ ਹਾਲਾਂ ਕਿ ਵੱਡੀ ਭੈਣ ਰਣਜੀਤਾ ਵਾਂਗ ਹੀ ਖੂਬਸੂਰਤ ਹੈ ਪਰ ਉਸਦੇ ਫਿਲਮੀ ਦੁਨੀਆਂ ਵਿਚ ਪੈਰ ਨਾ ਲੱਗ ਸਕਣ ਤੇ ਕਾਫੀ ਹੈਰਾਨੀ ਹੁੰਦੀ ਹੈ।

ਪਤਾ ਲੱਗਾ ਹੈ ਕਿ ਰੁਬੀਨਾ ਦਾ ਭੋਲਾ-ਪਣ ਹੀ ਉਸ ਦੇ ਕੈਰੀਅਰ ਲਈ ਨੁਕਸਾਨ-ਦੇਹ ਸਾਬਿਤ ਹੋਇਆ ਹੈ। ਪਰ ਨਵੀਂ ਹੀਰੋਇਨ ਦੀ ਕੋਸ਼ਿਸ਼ ਹੁੰਦੀ ਹੈ ਕਿ ਉਸ ਦੀ ਪਹਿਲੀ ਫਿਲਮ ਰਿਲੀਜ਼ ਹੋਣ ਤੋਂ ਪਹਿਲਾਂ ਉਸ ਦੇ ਕਿਸੇ ਨਾਲ ਰੁਮਾਂਸ ਦੀ ਚਰਚਾ ਛਿੜੇ ਤੇ ਉਸ ਨੂੰ ਰੱਜਵੀਂ ਪਬਲੀਸਿਟੀ ਮਿਲੇ। ਇਹੀ ਕਾਰਨ ਹੈ ਕਿ ਨਵੀਆਂ ਹੀਰੋਇਨਾਂ ਦੀ ਫਿਲਮ ਪਰਦੇ ਤੇ ਆਉਣ ਤੋਂ ਪਹਿਲਾਂ ਹੀ ਉਨ੍ਹਾਂ ਦੇ ਪ੍ਰੇਮ ਦੇ ਕਿੱਸੇ ਅਖਬਾਰਾਂ ਰਸਾਲਿਆਂ ਵਿਚ ਛਪ ਜਾਂਦੇ ਹਨ। ਰੁਬੀਨਾ ਦੇ ਮੁਆਮਲੇ ਵਿਚ ਉਲਟ ਗੱਲ ਹੋਈ। ਨਿਰਮਾਤਾ ਰਵੀ ਟੰਡਨ ਚਾਹੁੰਦਾ ਸੀ ਕਿ 'ਏਕ ਮੈਂ ਔਰ ਏਕ ਤੂੰ" ਦੀ ਰਿਲੀਜ਼ ਹੋਣ ਤੋਂ ਪਹਿਲਾਂ ਉਸ ਦੇ ਬੇਟੇ (ਫਿਲਮਾਂ ਦੇ ਹੀਰੋ ਰਾਜੀਵ ਟੰਡਨ) ਦੇ ਰੁਬੀਨਾ ਨਾਲ ਇਸ਼ਕ ਦੇ ਕਿੱਸੇ ਪ੍ਰਚੱਲਤ ਹੋਣ। ਰੁਬੀਨਾ ਨਾਲ ਜਦ ਇਸ ਵਿਸ਼ੇ ਤੇ ਗੱਲ ਹੋਈ ਤਾਂ ਉਸ ਨੇ ਨਿਰਮਾਤਾ ਨੂੰ ਕੋਰੀ ਨਾਂਹ ਕਰ ਦਿੱਤੀ। ਏਨਾ ਹੀ ਨਹੀਂ, ਇਕ ਪ੍ਰੈਸ ਰਿਪੋਰਟਰ ਕੋਲ ਇਸ ਗੱਲ ਦਾ ਭੇਤ ਵੀ ਖੋਲ੍ਹ ਦਿਤਾ ਕਿ ਰਵੀ ਟੰਡਨ ਆਪਣੇ ਮੁੰਡੇ ਨਾਲ ਮੇਰੇ ਇਸ਼ਕ-ਚੱਕਰ ਦੀ ਝੂਠੀ ਖਬਰ ਫੈਲਾਉਣੀ ਚਾਹੁੰਦਾ ਸੀ। ਇਸ ਖਬਰ ਨਾਲ ਜਿਹੜੇ ਇਕਾ-ਦੁੱਕਾ ਨਿਰਮਾਤਾਵਾਂ ਨੇ ਰੁਬੀਨਾ ਨੂੰ ਸਾਈਨ ਕੀਤਾ ਸੀ, ਉਹ ਵੀ ਦੌੜ ਗਏ ਕਿ ਕਲ੍ਹ ਨੂੰ ਕਿਸੇ ਹੋਰ ਚੱਕਰ ਵਿਚ ਉਨ੍ਹਾਂ ਨੂੰ ਵੀ ਬਦਨਾਮੀ ਨਾ ਸਹੇੜਣੀ ਪਵੇ।



ਰੁਬੀਨਾ ਨਿੱਝਰ ਖੁਬਸੂਰਤੀ ਕਿਸੇ ਕੰਮ ਨਾ ਆਈ

## ਫ਼ਿਲਮਾਂ ਵਾਲੇ 'ਉਤਲੇ ਮਨੋਂ' ਹੀ ਇਕ ਹਨ

ਬੀਤੇ ਮਹੀਨੇ ਫ਼ਿਲਮ ਇੰਡਸਟਰੀ ਵੱਲੋਂ ਮਹਾਂਰਾਸ਼ਟਰ ਸਰਕਾਰ ਵਿਰੁੱਧ ਚਲਾਈ ਗਈ ਮੁਹਿਮ ਦੌਰਾਨ 'ਹੜਤਾਲ' ਦਾ ਜੋ ਨਾਟਕੀ ਅੰਤ ਹੋਇਆ, ਉਸ ਬਾਰੇ ਤਾਂ ਬੜਾ ਕੁਝ ਛਪ ਚੁੱਕਿਆ ਹੈ। ਸਾਰੇ ਨਿਰਮਾਤਾ ਹੁਣ ਤਾਂ ਭਾਵੇਂ 'ਫਿਲਮੀ ਏਕਤਾ' ਦਾ ਢੰਡੋਰਾ ਪਿੱਟੀ ਜਾ ਰਹੇ ਹਨ ਪਰ ਇਹ ਸਭ 'ਉਤਲੇ ਮਨੋਂ' ਹੋ ਰਿਹਾ ਹੈ। 'ਮਤਲਬਪ੍ਰਸਤੀ' ਜਿੰਨੀ ਫਿਲਮ ਲਾਈਨ ਵਿਚ ਹੈ, ਹੋਰ ਕਿਸੇ ਵੀ ਖੇਤਰ ਵਿਚ ਸ਼ਾਇਦ ਹੋਵੇ। ਸਰਕਾਰੀ ਟੈਕਸ ਨੀਤੀਆਂ ਵਿਰੁੱਧ ਹੜਤਾਲ ਦਾ ਬਿਗਲ ਵਜਦਿਆਂ ਹੀ ਕਈ ਮੰਨੀਆਂ-ਪ੍ਰਮੰਨੀਆਂ ਹਸਤੀਆਂ ਨੇ ਆਪਣੀਆਂ ਫ਼ਿਲਮਾਂ ਦੀ ਸ਼ੂਟਿੰਗ ਦੇ ਮਹਾਂਰਾਸ਼ਟਰ ਤੋਂ ਬਾਹਰ ਪ੍ਰਬੰਧ ਕਰਨੇ ਸ਼ੁਰੂ ਕਰ ਦਿੱਤੇ ਸਨ। ਇਹ ਤਾਂ ਐਕਸ਼ਨ ਕਮੇਟੀ ਦੀ 'ਤਲਵਾਰ' ਸੀ ਜਿਸ ਨੇ ਰਾਜ ਵਿਚੋਂ ਬਾਹਰ ਸ਼ੂਟਿੰਗ ਤੇ ਰੋਕ ਲਾਉਣ ਦੀ ਪਾਬੰਦੀ ਲਾ ਕੇ ਇਨ੍ਹਾਂ ਵੱਡੇ ਨਿਰਮਾਤਾਵਾਂ ਦੀਆਂ ਸਕੀਮਾਂ ਤੇ ਪਾਣੀ ਫੇਰ ਦਿੱਤਾ ਸੀ।

ਏ. ਜੀ. ਨਾਡੀਆਡਵਾਲਾ ਫਿਲਮ ਸਨਅਤ ਦੇ 'ਵੱਡਿਆਂ' ਵਿਚ ਇਕ ਹੈ। 10 ਅਕਤੂਬਰ ਨੂੰ ਹੜਤਾਲ ਦਾ ਬਿਗਲ ਵਜਦਿਆਂ ਹੀ ਉਸ ਨੇ ਆਪਣੀ ਫਿਲਮ 'ਜੇਲ੍ਹਰ' ਦਾ ਸਾਰਾ ਯੂਨਿਟ ਰਾਤੋ ਰਾਤ ਹੈਦਰਾਬਾਦ ਦੀ ਸੈਂਟਰਲ ਜੇਲ੍ਹ ਵਿਚ ਲਿਜਾ ਸੁਟਿਆ ਤੇ ਸ਼ੂਟਿੰਗ ਸ਼ੁਰੂ ਕਰ ਦਿੱਤੀ। ਏਸੇ ਤਰ੍ਹਾਂ ਜੀ. ਪੀ. ਸਿੱਪੀ ਦਾ ਨਾਂ ਵੀ ਵੱਡੇ ਵੱਡੇ ਥੰਮ੍ਹਾਂ ਵਿਚ ਆਉਂਦਾ ਹੈ। ਉਹ ਫਿਲਮ ਪ੍ਰੋਡਿਊਸਰਜ਼ ਗਿਲਡ ਦਾ ਪ੍ਰਧਾਨ ਵੀ ਹੈ। ਸਿਪੀ ਤੇ ਉਸ ਦਾ ਲੜਕਾ ਰਮੇਸ਼ ਸਿਪੀ ਇਸ ਸਮੇਂ ਟੈਲੀਵੀਜ਼ਨ ਸੀਰੀਅਲ 'ਬੁਨਿਆਦ' ਦੀ ਸ਼ੂਟਿੰਗ ਵਿਚ ਰੁਝੇ ਹੋਏ ਸਨ। ਬੰਬਈ ਦੇ ਫਿਲਮ ਸਿਟੀ ਸਟੂਡੀਓ ਵਿਚ 'ਬੁਨਿਆਦ' ਦਾ ਇਕ ਬਹੁਤ ਵੱਡਾ ਸੈਟ ਲੱਗਾ ਹੋਇਆ ਹੈ। ਹੜਤਾਲ ਦਾ ਬਿਗਲ ਵਜਦਿਆਂ ਹੀ ਇਹ ਵੱਡਾ 'ਥੰਮ' ਵੀ ਫਿਲਮ ਸਿਟੀ ਸਟੂਡੀਓ ਤੋਂ ਹਿੱਲ ਕੇ ਗੁਜਰਾਤ ਵਿਚ ਉਮਰਗਾਓਂ ਦੇ ਸਥਾਨ ਤੇ ਪਹੁੰਚ ਗਿਆ ਸੀ ਤੇ 'ਬੁਨਿਆਦ' ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਸੀ।

ਏਸੇ ਤਰ੍ਹਾਂ 'ਇਲਜ਼ਾਮ' ਵਾਲਾ ਮਹਿਲਾਜ ਨਿਹਲਾਨੀ ਹੜਤਾਲ ਦੇ ਐਲਾਨ ਸਮੇਂ ਬੰਗਲੌਰ ਨੇੜੇ ਰਾਮਗੜ੍ਹ ਵਿਚ ਆਪਣੀ ਨਵੀਂ ਫਿਲਮ 'ਆਗ ਹੀ ਆਗ' ਦੀ ਸ਼ੂਟਿੰਗ ਕਰ ਰਿਹਾ ਸੀ। ਨਿਹਲਾਨੀ ਕਈ ਦਿਨ ਆਪਣੀ 'ਮਿੱਠੀ ਬੋਲੀ' ਰਾਹੀਂ ਇੰਕਾ ਪ੍ਰਧਾਨ ਰਾਮ ਰਾਜ ਨਾਹਟਾ ਨੂੰ ਇਸ ਗੱਲ ਤੇ ਮਨਾਉਣ ਦਾ ਯਤਨ ਕਰਦਾ ਰਿਹਾ ਕਿ ਉਸ ਨੂੰ ਸ਼ੂਟਿੰਗ ਜਾਰੀ ਰੱਖਣ ਦੀ 'ਛੋਟ' ਦੇ ਦਿੱਤੀ ਜਾਵੇ। ਪਰ ਫਿਲਮ ਐਸੋਸੀਏਸ਼ਨ ਦੇ ਕਰੜੇ ਰੁਖ ਕਾਰਨ ਵਿਚਾਰੇ ਨੂੰ ਦਿਲ ਤੇ ਹੱਥ ਰੱਖ ਕੇ ਸ਼ੂਟਿੰਗ ਕੈਂਸਲ ਹੀ ਕਰਨੀ ਪਈ।

ਕੇ. ਸੀ. ਬੋਕਾਡੀਆ ਫਿਲਮ ਨਿਰਮਾਤਾਵਾਂ ਵਿਚੋਂ ਆਪਣੇ ਆਪ ਨੂੰ ਪਹਿਲੇ ਗੇੜ ਦਾ 'ਚੁਸਤ ਘੋੜਾ' ਸਮਝਦਾ ਹੈ। ਤਵੇ ਤੇ ਰੋਟੀਆਂ ਲਾਹੁਣ ਵਾਂਗ ਹਾਲਾਂ ਕਿ ਉਹ ਫਟਾ ਫਟ ਫਿਲਮਾਂ ਬਣਾਉਣ ਦੇ ਮਾਮਲੇ ਵਿਚ ਆਪਣੀਆਂ ਉਂਗਲਾਂ 'ਲੂਹ' ਚੁਕਾ ਹੈ। ਪਰ ਫਿਲਮ ਨਿਰਮਾਣ ਵਿਚ ਚੁਸਤੀ, ਫੁਰਤੀ ਤੇ ਚਲਾਕੀ ਵਰਤਣ ਵਿਚ ਅਜੇ ਵੀ ਉਸ ਦਾ ਕੋਈ ਸਾਨੀ ਨਹੀਂ ਹੈ। ਹੜਤਾਲ ਤੋਂ ਪਹਿਲਾਂ ਬੋਕਾਡੀਏ ਨੇ ਐਲਾਨ ਕੀਤਾ ਸੀ ਕਿ ਉਹ ਆਪਣੀ ਫਿਲਮ 'ਇਨਸਾਫ ਕੌਣ ਕਰੇਗਾ' ਦਾ ਮਹੂਰਤ ਤੇ ਸ਼ੂਟਿੰਗ 10 ਅਕਤੂਬਰ ਤੋਂ ਬੰਬਈ ਵਿਚ ਕਰੇਗਾ। ਹੜਤਾਲ ਦੀ ਭਿਣਕ ਕੰਨੀਂ ਪੈਂਦਿਆਂ ਹੀ ਉਸ ਨੇ ਇਸ ਫਿਲਮ ਦਾ ਸਾਰਾ ਤਾਣਾ-ਬਾਣਾ ਮਦਰਾਸ ਦੇ ਪਰਸਾਦ ਸਟੂਡੀਓ ਵਿਚ ਤਬਦੀਲ ਕਰ ਲਿਆ। ਹੋਰ ਵੀ ਬੜੀ ਹੁਸ਼ਿਆਰੀ ਵਰਤਣ ਦੀ ਕੋਸ਼ਿਸ਼ ਕੀਤੀ। 9 ਤਾਰੀਕ ਨੂੰ ਰਤੀ ਹਤੰਗੜੀ ਨੂੰ ਫਿਲਮ ਦੀ ਕਾਸਟ ਵਿਚ ਸ਼ਾਮਲ ਕਰ ਲਿਆ ਤੇ 10 ਤਾਰੀਕ ਨੂੰ ਬੀਬੀ ਨੂੰ ਮਦਰਾਸ ਸ਼ੂਟਿੰਗ ਲਈ ਪਹੁੰਚਣ ਦਾ ਫੁਰਮਾਨ ਭੇਜ ਦਿਤਾ। ਹਤੰਗੜੀ ਨੇ ਜਦ ਦੱਸਿਆ ਕਿ 10 ਤੋਂ ਤਾਂ ਉਹ ਕਿਸੇ ਹੋਰ ਨਿਰਮਾਤਾ ਲਈ ਸ਼ੂਟਿੰਗ ਕਰ ਰਹੀ ਹੈ ਤਾਂ ਚੁਸਤ ਬੋਕਾਡੀਆ ਨੇ ਝੱਟ ਹਸਦਿਆਂ ਕਿਹਾ ਕਿ 10 ਤੋਂ ਬੰਬਈ ਵਿਚ ਸਭ ਸ਼ੂਟਿੰਗਾਂ ਕੈਂਸਲ ਹਨ।

ਖੈਰ ! ਬਣਿਆ ਇਨ੍ਹਾਂ ਚੁਸਤ ਨਿਰਮਾਤਾਵਾਂ ਦਾ ਵੀ ਕੱਖ ਨਹੀਂ। ਉਲਟਾ ਨੁਕਸਾਨ ਹੀ ਹੋਇਆ। ਸੰਘਰਸ਼ ਵਿਚ ਕੁੱਦੇ ਲੋਕਾਂ ਨੇ ਜਦ ਦੇਖਿਆ ਕਿ ਮਹਾਂਰਾਸ਼ਟਰ ਵਿਚੋਂ ਬਾਹਰ ਸ਼ੂਟਿੰਗ ਕਰਨ ਦੀ ਦੌੜ ਲੱਗ ਗਈ ਹੈ ਤਾਂ ਉਨ੍ਹਾਂ ਇਕ ਹੁਕਮ ਜਾਰੀ ਕਰਕੇ ਹਫਤੇ ਦੇ ਅੰਦਰ ਅੰਦਰ ਸਮੁੱਚੇ ਭਾਰਤ ਵਿਚ ਸ਼ੂਟਿੰਗ ਤੇ ਪਾਬੰਦੀ ਲਗਾ ਦਿੱਤੀ ਤੇ ਏਧਰ ਓਧਰ ਦੌੜਨ ਵਾਲੇ ਫ਼ਿਲਮੀ ਦੌੜਾਕਾਂ ਨੂੰ ਮਾਯੂਸੀ ਦੀ ਹਾਲਤ ਵਿਚ ਘਰੋ ਘਰੀਂ ਪਰਤਣਾ ਪਿਆ।

D.P. Pandia & Associates
Immigration Consultants
Serving the Community Since 1939
Ph. (604) 684-3716 or 684-8601
# 61 - 553 Granville St., Vancouver, B.C.

## ਪੰਜਾਬੀ ਫਿਲਮਾਂ ਦੇ ਮੈਦਾਨ ਵਿਚ ਫਿਰ ਠੰਡ ਵਰਤੀ

ਪੰਜਾਬੀ ਫਿਲਮਾਂ ਦੇ ਖੇਤਰ ਵਿਚ ਠੰਡ ਵਰਤ ਗਈ ਹੈ। ਉਪਰੋ-ਥਲੀ ਪੰਜਾਬੀ ਫਿਲਮਾਂ ਦੀ ਅਸਫਲਤਾ ਦੇਖ ਕੇ ਪੰਜਾਬੀ ਨਿਰਮਾਤਾ ਘਬਰਾ ਉਠੇ ਹਨ। 'ਕੌਣ ਦਿਲਾਂ ਦੀਆਂ ਜਾਣੇ', 'ਅੰਬਰੀ' ਤੇ 'ਅੰਗਰੇਜਣ' ਨੂੰ ਦਰਸ਼ਕਾਂ ਵਲੋਂ ਮਿਲੇ ਮੱਠੇ ਹੁੰਗਾਰੇ ਨੇ ਪੰਜਾਬੀ ਨਿਰਮਾਤਾਵਾਂ ਨੂੰ ਸ਼ਸ਼ੋਪੰਜ ਵਿਚ ਪਾ ਦਿੱਤਾ ਹੈ। ਫਟਾ-ਫੱਟ ਸ਼ੂਟਿੰਗ ਮੁਕਾਉਣ ਲਈ ਲੰਗੋਟ ਕੱਸੀ ਖੜ੍ਹੇ ਕਈ ਨਿਰਮਾਤਾ ਜੋਸ਼ ਠੰਡਾ ਕਰੀ ਬੈਠੇ ਹਨ। ਸਭ ਦੀਆਂ ਨਜ਼ਰਾਂ ਹੁਣ ਅਗਲੇ ਮਹੀਨੇ ਰਿਲੀਜ਼ ਹੋਣ ਵਾਲੀ ਨਿਰਮਾਤਾ ਅਨਿਲ ਦੀਪਕ ਤੇ ਨਿਰਦੇਸ਼ਕ ਜਗਜੀਤ ਦੀ ਫਿਲਮ 'ਕੀ ਬਣੂੰ ਦੁਨੀਆਂ ਦਾ' ਤੇ ਟਿਕੀ ਹੋਈ ਹੈ। ਇਸ ਫਿਲਮ ਵਿਚ ਪੰਜਾਬ ਦਾ ਪ੍ਰਸਿਧ ਗਾਇਕ ਗੁਰਦਾਸ ਮਾਨ ਡਬਲ ਰੋਲ ਕਰ ਰਿਹਾ ਹੈ। 'ਕੀ ਬਣੂੰ ਦੁਨੀਆਂ ਦਾ' ਦਾ ਹਿੱਟ ਹੋਣਾ ਪੰਜਾਬੀ ਫਿਲਮਾਂ ਦੇ ਭਵਿੱਖ ਨੂੰ ਨਿਸਚਤ ਕਰੇਗਾ। ਫਿਲਮ ਚੱਲ ਨਿਕਲੀ ਤਾਂ ਠੰਡੇ ਪੈ ਚੁੱਕੇ ਨਿਰਮਾਤਾ ਫਿਰ ਜੋਸ਼ ਵਿਚ ਆ ਕੇ ਕਮਰ-ਕੱਸੇ ਕਰ ਲੈਣਗੇ।

ਗੁਰਦਾਸ ਮਾਨ ਨੂੰ ਲੈ ਕੇ 'ਡਫਲੀ ਵਾਲਾ' ਤੇ ਮਿਹਰ ਮਿਤਲ ਨਾਲ 'ਸਾਲੀ ਅੱਧੀ ਘਰ ਵਾਲੀ' ਸ਼ੁਰੂ ਕਰਨ ਵਾਲੇ ਪੰਜਾਬੀ ਫਿਲਮਾਂ ਦੇ ਰੈਗੂਲਰ ਨਿਰਮਾਤਾ ਨਿਰਦੇਸ਼ਕ ਮੋਹਨ ਭਾਖੜੀ ਨੂੰ ਬੀਤੇ ਦਿਨੀਂ ਜਲੰਧਰ ਵਿਚ ਜਦ ਪੁਛਿਆ ਕਿ ਫਿਲਮਾਂ ਦੀ ਕੀ ਪ੍ਰਾਗਰੈਸ ਹੈ ਤਾਂ ਉਸ ਦਾ ਸਪੱਸ਼ਟ ਜਵਾਬ ਸੀ, 'ਅਜੇ ਥੋੜ੍ਹਾ ਪੰਜਾਬੀ ਫਿਲਮਾਂ ਦਾ ਹੋਰ ਹਾਲ-ਚਾਲ ਦੇਖ ਲਈਏ।'

ਨਿਰਮਾਤਾ ਸਰਦੂਲ ਸਿੰਘ ਨੇ 'ਚੰਨ ਪ੍ਰਦੇਸੀ' ਵਾਂਗ ਵੱਡੀ ਪੱਧਰ ਦੀ ਪੰਜਾਬੀ ਫਿਲਮ ਬਣਾਉਣ ਦੀਆਂ ਤਿਆਰੀਆਂ ਕੱਸੀਆਂ ਹੋਈਆਂ ਸਨ। ਰਿਲੀਜ਼ ਹੋਈਆਂ ਪੰਜਾਬੀ ਫਿਲਮਾਂ ਦੀ 'ਨਰਮ' ਹਾਲਤ ਵੇਖ ਕੇ ਉਹ ਵੀ ਥੋੜ੍ਹਾ ਨਰਮ ਹੋ ਗਿਆ ਤੇ ਲੱਗਦਾ ਹੈ ਕਿ ਅੱਗੋਂ ਰਿਲੀਜ਼ ਹੋਣ ਵਾਲੀਆਂ ਫਿਲਮਾਂ ਦਾ ਰੁਖ ਦੇਖ ਕੇ ਹੀ ਕੋਈ ਰੁਖ ਅਪਨਾਏਗਾ।

ਉਧਰ ਗੁਰਦਾਸ ਮਾਨ ਨੇ ਫੈਸਲਾ ਕਰ ਲਿਆ ਹੈ ਕਿ ਉਹ ਅਗੋਂ ਹਰ ਫਿਲਮ ਸੋਚ-ਸਮਝ ਕੇ ਸਾਈਨ ਕਰੇਗਾ। ਗੁਰਦਾਸ ਮਾਨ ਤੇ ਮਨਜੀਤ ਮੰਨਦੇ ਹਨ ਕਿ 'ਚਾਪਲੂਸ' ਕਿਸਮ ਦੇ ਲੋਕਾਂ ਦੇ ਫਿਲਮੀ ਚੱਕਰ ਵਿਚ ਫਸ ਕੇ ਉਨ੍ਹਾਂ ਨੇ ਗਲਤੀ ਕੀਤੀ ਹੈ। ਕਸੂਰ ਦਰਅਸਲ 'ਗੁਰਦਾਸ' ਦਾ ਵੀ ਨਹੀਂ ਹੈ। ਫਿਲਮ ਲਾਈਨ 'ਦੁਆ-ਸਲਾਮ' ਦੀ ਲਾਈਨ ਹੈ। ਅੱਜ ਵੀ ਕਈ ਇਹੋ ਜਿਹੇ ਨਿਰਮਾਤਾ ਹਨ ਜਿਨ੍ਹਾਂ ਪੱਲੇ ਕੇਵਲ 'ਸਤਿ ਸ੍ਰੀ ਅਕਾਲ' ਜਾਂ 'ਨਮਸਤੇ' ਹੁੰਦੀ ਹੈ ਤੇ ਉਹ ਇਸ ਨਾਲ ਹੀ ਧਰਮਿੰਦਰ ਜਾਂ ਅਮਿਤਾਬ ਬੱਚਨ ਵਰਗੇ ਸਟਾਰਾਂ ਨਾਲ ਫਿਲਮਾਂ ਬਣਾ ਲੈਂਦੇ ਹਨ। ਪਰ ਗੁਰਦਾਸ ਮਾਨ ਕੋਲੋਂ ਗਲਤੀ ਇਹ ਹੋਈ ਕਿ ਸ਼ੁਰੂ ਵਿਚ ਹੀ ਇਨ੍ਹਾਂ ਦੁਆ-ਸਲਾਮਾਂ ਦੇ ਘੇਰੇ ਵਿਚ ਆ ਗਿਆ ਤੇ ਫਿਲਮੀ ਕੇਰੀਅਰ ਦੀ ਸ਼ੁਰੂਆਤ ਹੀ ਇਹੋ ਜਿਹੇ ਲੋਕਾਂ ਨਾਲ ਹੋਈ। ਇਕ 'ਬੱਸ ਕੰਡਕਟਰ' ਕਿਵੇਂ ਗੁਰਦਾਸ ਮਾਨ ਨੂੰ ਹੀਰੋ ਲੈ ਕੇ ਇਕ ਥਰਡ ਕਲਾਸ ਫਿਲਮ ਦਾ ਨਿਰਮਾਤਾ ਬਣਿਆ, ਸਭ ਜਾਣਦੇ ਹਨ। ਉਸ ਦੀ ਰੀਸੇ ਇਕ ਟੈਕਸੀ-ਡਰਾਈਵਰ ਨੇ ਵੀ 'ਸਤਿ ਸ੍ਰੀ ਅਕਾਲ' ਦਾ ਫਾਇਦਾ ਉਠਾਉਂਦਿਆਂ ਗੁਰਦਾਸ ਨੂੰ ਹੀਰੋ ਲੈ ਕੇ ਫਿਲਮ ਸ਼ੁਰੂ ਕਰ ਮਾਰੀ। ਵਿਚਾਰੇ ਦੀਆਂ ਦੋ ਟੈਕਸੀਆਂ ਵੀ ਫਿਲਮ ਦੀ ਭੇਟ ਚੜ੍ਹ ਗਈਆਂ। ਅਚਾਨਕ ਗੁਰਦਾਸ ਨੇ ਇਹੋ ਜਿਹੇ ਨਿਰਮਾਤਾਵਾਂ ਨੂੰ ਖੁਦ 'ਨਮਸਤੇ' ਆਖ ਦਿੱਤੀ। ਖੈਰ! ਟੈਕਸੀ ਡਰਾਈਵਰ ਦੇ ਨੁਕਸਾਨ ਦਾ ਦੁੱਖ ਵੀ ਹੈ। ਗੁਰਦਾਸ ਨੂੰ ਲੈ ਕੇ 'ਮਹਿਲਾਂ' ਦੇ ਸੁਪਨੇ ਲੈਣ ਵਾਲੇ ਇਸ ਨਿਰਮਾਤਾ ਦੀ ਫਿਲਮ ਮੁਕੰਮਲ ਹੋ ਜਾਂਦੀ ਤਾਂ ਚੰਗਾ ਸੀ ਕਿਉਂਕਿ 'ਵਿਚਾਰਾ' ਸੁਫਨਿਆਂ ਨੂੰ ਸੱਚ ਕਰਨ ਦੀ ਆਸ ਵਿਚ ਆਪਣੀ 'ਝੌਂਪੜੀ' ਵੀ ਢਾਹ ਬੈਠਾ ਲੱਗਦਾ ਹੈ।

ਉਂਜ 'ਸਹੀ' ਤੇ 'ਅਸਲੀ' ਨਿਰਮਾਤਾਵਾਂ ਨਾਲ ਹੀ ਕੰਮ ਕਰਨ ਦੇ ਗੁਰਦਾਸ ਮਾਨ ਦੇ ਫੈਸਲੇ ਦਾ ਸਵਾਗਤ ਕਰਨਾ ਚਾਹੁੰਦਾ ਹੈ, ਕਿਉਂਕਿ ਇਸ ਨਾਲ ਗੁਰਦਾਸ ਮਾਨ ਤੇ ਪੰਜਾਬੀ ਫਿਲਮਾਂ ਦੇ ਭਵਿੱਖ ਤੇ ਬੜਾ ਚੰਗਾ ਅਸਰ ਪਵੇਗਾ।

## ਤੇ ਲਓ ਹੁਣ 'ਗੋਡ ਬੋਲੇ' ਬੋਲੇਗਾ

ਫ਼ਿਲਮੀ ਵਿਅੰਗ

ਆਤਿਸ਼

ਸਿਨਮੇ ਖੁੱਲ੍ਹ ਗਏ, ਸ਼ੂਟਿੰਗਾਂ ਸ਼ੁਰੂ ਹੋ ਗਈਆਂ, ਸਾਡੇ ਲੀਡਰ ਗੋਡੇ ਟੇਕਕੇ ਆ ਗਏ, ਫਿਰ ਵੀ ਸਾਡੇ ਲੀਡਰਾਂ ਨੇ ਹਾਰ ਨਹੀਂ ਮੰਨੀ। ਕਹਿੰਦੇ ਨੇ, 'ਅਸਾਂ ਇਕ ਲੜਾਈ ਹਾਰੀ ਹੈ, ਸਾਡੀ ਜੰਗ ਅਜੇ ਜਾਰੀ ਹੈ।'

ਹਾਂ, ਉਸੇ ਵੇਲੇ ਜਦੋਂ ਇਹ ਬੁਲਾਰਾ ਕਹਿ ਰਿਹਾ ਸੀ ਕਿ 'ਸਾਡੀ ਜੰਗ ਅਜੇ ਜਾਰੀ ਹੈ...।' ਉਸੇ ਵੇਲੇ ਬਾਹਰੋਂ 'ਹਾਏ...ਹਾਏ...' ਅਤੇ 'ਬਚਾਓ...ਬਚਾਓ' ਦੀ ਪੁਕਾਰ ਆਈ।

ਚਲਦੀ ਮੀਟਿੰਗ ਵਿਚ ਖਲਬਲੀ ਮੱਚ ਗਈ। ਪਤਾ ਲੱਗਿਆ ਬਾਹਰ ਅਮਿਤ ਖੰਨਾ ਨੂੰ ਕੁੱਟ ਕੱਢਿਆ ਐ। ਵਿਚਾਰੇ 'ਅਮਿਤ ਖੰਨਾ' ਨੂੰ ਬਚਾਓ-ਘੇਰੇ ਵਿਚ ਲੈ ਕੇ ਅੰਦਰ ਲਿਆਂਦਾ ਗਿਆ। ਦੰਦਾਂ ਵਿਚੋਂ, ਨੱਕ ਵਿਚੋਂ ਖੂਨ ਦੀਆਂ ਤਤੀਰੀਆਂ ਵਹਿ ਰਹੀਆਂ ਸਨ।

ਅਮਿਤ ਖੰਨਾ ਟੀ ਵੀ ਸੀਰੀਅਲ 'ਬੁਨਿਆਦ' ਦਾ ਕਾਰਜਕਾਰੀ ਨਿਰਮਾਤਾ ਹੈ। ਕਹਿੰਦੇ ਨੇ ਇਸ ਨੇ ਐਕਟਰ ਪ੍ਰਾਣ ਸਾਹਿਬ ਦੀ ਸ਼ਾਨ 'ਚ ਕੁਝ ਗੁਸਤਾਖੀ ਕੀਤੀ ਸੀ—ਇਸ ਲਈ ਵਰਕਰਾਂ ਨੇ ਇਹ ਬਰਦਾਸ਼ਤ ਨਾ ਕਰਦਿਆਂ ਹੋਇਆਂ ਇਹਦਾ ਨੱਕ-ਮੂੰਹ ਭੰਨ ਸੁੱਟਿਆ।

ਇਕ ਨਿਰਮਾਤਾ ਦਾ ਲਹੂ ਵਗਿਆ ਸਾਫ ਜ਼ਾਹਰ ਹੈ ਕਿ 'ਜੰਗ ਜਾਰੀ ਹੈ' ਕਿਉਂਕਿ ਉਹ ਜੰਗ ਹੀ ਕਾਹਦੀ ਜਿਹਦੇ ਵਿਚ ਖੋਪੜੀਆਂ ਨਾ ਟੁੱਟਣ, ਰੱਤ ਨਾ ਡੁੱਲ੍ਹੇ, ਬੁਨਿਆਦਾਂ ਨਾ ਹਿੱਲਣ। ਸਾਡੀ ਜੰਗ ਜਾਰੀ ਹੈ।

'ਅਮਿਤਾਬ ਦਾ ਦੋ ਲੱਖ ਦਾ ਚੈੱਕ ਵਾਪਸ ਕਰੋ।'

'ਅਮਿਤਾਬ ਬਚਨ-ਹਾਇ ਹਾਇ।'

ਉਸ ਦਿਨ ਰਾਜ ਕਮਲ ਸਟੂਡੀਓ 'ਚ ਜਨਰਲ ਬਾਡੀ ਮੀਟਿੰਗ ਵਿਚ ਖੂਬ ਜ਼ੋਰਾਂ ਦੇ ਨਾਅਰੇ ਲੱਗੇ।

ਬਈ ਸਾਰੇ ਥੋੜ੍ਹਾ ਅਮਿਤਾਬ ਬਚਨ ਦੇ ਵਿਰੁੱਧ ਹੋ ਜਾਣਗੇ। ਕਈ ਅਮਿਤਾਬ ਨੂੰ ਜ਼ਿੰਦਾਬਾਦ ਕਹਿਣ ਵਾਲੇ ਵੀ ਉੱਠ ਪਏ। ਅਖੇ ਇਹ ਰਾਜੇਸ਼ ਖੰਨਾ ਅਤੇ ਰਾਜ ਬੱਬਰ ਦਾ ਭੰਡੀ ਪ੍ਰਚਾਰ ਹੈ ਕਿਉਂਕਿ ਉਹ ਐਕਟਿੰਗ ਅਤੇ ਸਫ਼ਲਤਾ ਦੇ ਅਖਾੜੇ ਵਿਚ ਅਮਿਤਾਬ ਬਚਨ ਹੱਥੋਂ ਚਾਰੋਂ-ਖਾਨੇ ਚਿੱਤ ਹੋ ਗਏ ਹਨ, ਇਸ ਲਈ ਸਾੜੇ ਵਿਚ ਆ ਕੇ ਉਹਦੀ ਬਦਨਾਮੀ ਕਰ ਰਹੇ ਹਨ।

ਇਸ ਲਈ ਫ਼ਿਲਮ-ਇੰਡਸਟਰੀ ਵਿਚ ਦੋ ਗਰੁੱਪ ਹੋ ਗਏ ਹਨ। ਇਕ 'ਅਮਿਤਾਬ ਜ਼ਿੰਦਾਬਾਦ' ਕਹਿਣ ਵਾਲਾ ਅਤੇ ਦੂਜਾ 'ਅਮਿਤਾਬ ਮੁਰਦਾਬਾਦ' ਕਹਿਣ ਵਾਲਾ।

ਦੋਹਾਂ ਧਿਰਾਂ ਦੇ ਖੂਨ ਗਰਮ ਨੇ। ਇਕ ਦੂਜੇ ਦੇ ਸਾਹਮਣੇ ਆ ਕੇ, ਕਮੀਜ਼ ਦੀਆਂ ਬਾਹਵਾਂ ਉੱਪਰ ਚੜ੍ਹਾਕੇ ਪੂਰੇ ਜੋਸ਼ ਨਾਲ ਇਕ ਦੂਜੇ ਨੂੰ ਚੈਲਿੰਜ ਕਰ ਵੰਗਾਰਦੇ ਨੇ, 'ਤੇਰੀ ਭੈਣ ਦੀ...ਤੇਰੀ ਮਾਂ ਦੀ...।' ਤੇ ਇਕ ਦੂਜੇ ਨਾਲ ਜੂਝ ਵੀ ਪੈਂਦੇ ਨੇ। ਜਦੋਂ ਦੋਹਾਂ ਧਿਰਾਂ ਦਾ ਇਕ ਇਕ 'ਸੈਨਿਕ' ਆਪਣੇ ਹਿਤਾਂ ਦੀ ਰੱਖਿਆ ਕਰਦਾ ਇਕ ਦੂਜੇ ਦੇ ਗਲ ਪਿਆ ਹੁੰਦਾ ਹੈ, ਦੋਹਾਂ ਧਿਰਾਂ ਵੱਲੋਂ ਇਕੋ ਨਾਅਰਾ ਆਕਾਸ਼ ਵਿਚ ਗੂੰਜਦਾ ਹੈ, 'ਫ਼ਿਲਮੀ ਏਕਤਾ ਜ਼ਿੰਦਾਬਾਦ!' ਵੇਖਿਆ ਸਾਡੇ 'ਚ 'ਪੂਰਨ ਏਕਤਾ' ਹੈ ਅਤੇ ਸਾਡੀ ਜੰਗ ਜਾਰੀ ਹੈ।

—*—

'ਦੂਰਦਰਸ਼ਨ' ਨੇ ਫ਼ਿਲਮੀ ਹੜਤਾਲ ਦੀ ਨਾ ਕੋਈ ਖਬਰ ਨਸ਼ਰ ਕੀਤੀ ਸੀ, ਨਾ ਕੜਕਦੀ ਧੁੱਪ ਵਿਚ ਤੱਤੀਆਂ ਸੜਕਾਂ ਤੇ ਪੈਦਲ ਚਲਦੇ ਫ਼ਿਲਮੀ ਫੁੱਲਾਂ ਦੇ 'ਖਿੜੇ ਮੁਖੜੇ' ਵਿਖਾਏ। ਸਭ ਦੇ ਮੱਥੇ ਤੇ ਤਿਊੜੀਆਂ ਪੈ ਗਈਆਂ। ਫੈਸਲਾ ਹੋਇਆ 'ਜੰਗ' ਦੂਰਦਰਸ਼ਨ ਨਾਲ ਵੀ ਲੜੋ। ਨਾ 'ਚਿਤਰਹਾਰ' ਲਈ ਕੋਈ ਗਾਣਾ ਦਿੱਤਾ ਜਾਏਗਾ, ਨਾ 'ਛਾਯਾ-ਗੀਤ' ਲਈ। ਨਾ 'ਬੁਨਿਆਦ' ਦੀ ਸ਼ੂਟਿੰਗ ਕਰਨ ਦਿੱਤੀ ਜਾਏਗੀ ਨਾ 'ਕਰਮ-ਚੰਦ' ਦੀ।

'ਦੂਰਦਰਸ਼ਨ' ਵਾਲੇ ਚੁੱਪ ਬੈਠੇ ਰਹੇ ਪਰ 'ਬੁਨਿਆਦ' ਵਾਲਿਆਂ ਦੀ 'ਬੁਨਿਆਦ' ਹਿੱਲ ਗਈ, 'ਕਰਮ-ਚੰਦ' ਵਾਲਿਆਂ ਦੇ 'ਕਰਮ' ਨਖੁੱਟ ਗਏ। ਝੱਟ ਇਕ ਥਾਂ ਇਕੱਠੇ ਹੋਏ, ਆਪਣੀ ਇਕ ਟੀ ਵੀ ਯੂਨੀਅਨ ਬਣਾਈ ਅਤੇ ਐਲਾਨ ਕਰ ਦਿੱਤਾ, 'ਸਾਡਾ ਫ਼ਿਲਮ ਵਾਲਿਆਂ ਨਾਲ ਕੋਈ ਸਬੰਧ ਨਹੀਂ। ਅਸੀਂ ਟੀ ਵੀ ਪ੍ਰੋਡਿਊਸਰ ਹਾਂ, ਸਾਡਾ ਆਪਣਾ ਵੱਖਰਾ ਵਜੂਦ ਹੈ। ਅਸੀਂ ਆਪਣੀਆਂ ਬੁਨਿਆਦਾਂ ਪੱਕੀਆਂ ਕਰਾਂਗੇ, ਆਪਣਿਆਂ ਕਰਮਾਂ ਦਾ ਦਿੱਤਾ ਖਾਵਾਂਗੇ। ਅਸੀਂ ਦੂਰਦਰਸ਼ਨ ਨੂੰ ਸਭ ਕੁਝ ਸਪਲਾਈ ਕਰਾਂਗੇ।'

ਸੋ ਟੀ. ਵੀ. ਵਾਲੇ ਅਲੱਗ ਹੋ ਗਏ।
ਅਮਿਤਾਬ ਵਾਲੇ ਅਲੱਗ ਹੋ ਗਏ।
ਰਾਜੇਸ਼ ਖੰਨਾ ਵਾਲੇ ਅਲੱਗ ਹੋ ਗਏ।
ਸਿਨਮੇ ਵਾਲੇ ਅਲੱਗ ਹੋ ਗਏ।
ਫਿਰ ਵੀ ਸਾਡੀ ਜੰਗ ਜਾਰੀ ਹੈ। ਫ਼ਿਲਮੀ ਏਕਾ ਜ਼ਿੰਦਾਬਾਦ!

—*—

ਕੋਈ ਨਵੀਂ ਗੱਲ ਨਹੀਂ, ਜੰਗਾਂ ਹੁੰਦੀਆਂ ਹਨ। ਲੜਾਈਆਂ ਲੜੀਂਦੀਆਂ ਹਨ ਤਾਂ ਭਗਦੜਾਂ ਵੀ ਮਚਦੀਆਂ ਹਨ। ਡੰਬਲ-ਭੂਸਿਆਂ ਵਿਚ ਕੋਈ ਇਧਰ ਭੱਜ ਉਠਦਾ ਹੈ, ਕੋਈ ਓਧਰ। ਕੋਈ ਟੁੱਟ ਜਾਂਦੇ ਹਨ, ਕੋਈ ਭੱਜ ਜਾਂਦੇ ਹਨ ਪ੍ਰੰਤੂ ਜੰਗ ਜਿਤਦਿਆਂ ਹੀ ਫਿਰ ਸਾਰੇ ਇਕੋ ਝੰਡੇ ਥੱਲੇ ਇਕੱਠੇ ਹੋ ਜਾਂਦੇ ਹਨ ਅਤੇ ਸਾਰਿਆਂ ਦੀ ਇਕੋ ਹੀ ਡੀਂਗ ਹੁੰਦੀ ਹੈ ਕਿ 'ਇਹ ਜਿੱਤ ਸਾਡੀਆਂ ਕੁਰਬਾਨੀਆਂ ਦਾ ਨਤੀਜਾ ਹੈ। ਕੀ ਹੋਇਆ ਅਸੀਂ ਵੱਖ ਵੱਖ ਹੋ ਗਏ ਸਾਂ ਪਰ ਤੁਸੀਂ ਆਪਣੇ ਮੋਰਚੇ ਤੇ ਲੜਦੇ ਰਹੇ, ਅਸੀਂ ਆਪਣੇ ਮੋਰਚੇ ਤੇ।' ਹਾਰ ਦਾ ਦੋਸ਼ ਹਰ ਕੋਈ ਦੂਜੇ ਤੇ ਮੜ੍ਹਦਾ ਹੈ, ਜਿੱਤ ਦਾ ਸਿਹਰਾ ਸਭ ਕੋਈ ਆਪਣੇ ਮੱਥੇ ਤੇ ਲੈਣਾ ਚਾਹੁੰਦਾ ਹੈ।

ਹੁਣ ਸਾਰਾ ਦਾਰੋਮਦਾਰ, 'ਗੋਡਬੋਲੇ' ਦੀ ਰਿਪੋਰਟ ਤੇ ਹੈ। ਗੋਡਬੋਲੇ, ਬੋਲੇਗਾ ਅਤੇ ਪਤਾ ਚੱਲੇਗਾ ਕਿ ਇਸ ਨੇ ਕੀ ਬੋਲਿਆ ਹੈ। ਇਸ ਦੇ ਨਾਂਅ ਤੋਂ ਤਾਂ ਇੰਜ ਹੀ ਜਾਪਦਾ ਹੈ ਕਿ ਇਹ 'ਗੜਬੜ ਬੋਲੇ।' ਨਹੀਂ ਬਈ, ਨਾਂਅ ਤੋਂ ਅੰਦਾਜ਼ੇ ਨਹੀਂ ਲਾਣੇ ਚਾਹੀਦੇ। ਕਈ ਵਾਰ ਕਰੋੜੀ ਮੱਲ ਨਿਰਾ ਭਿਖਾਰੀ ਹੁੰਦਾ ਹੈ ਅਤੇ ਫਕੀਰ ਚੰਦ ਕਰੋੜਾਂਪਤੀ। ਇਸ ਲਈ 'ਗੋਡਬੋਲੇ' ਹੋ ਸਕਦਾ ਹੈ ਚੰਗਾ ਹੀ ਬੋਲੇ। ਜੇ ਚੰਗਾ ਬੋਲਿਆ ਤਾਂ ਉਹਦੇ ਨਾਂਅ ਦੀ ਮਾਲਾ ਜਪਦੇ ਸਾਰੇ ਇਕੱਠੇ ਹੋ ਜਾਣਗੇ। ਹਰ ਕੋਈ ਜਿਤਾਏਗਾ, 'ਮੈਂ ਕਹਿੰਦਾ ਸੀ ਨਾ, ਗੋਡਬੋਲੇ ਅੱਛਾ ਆਦਮੀ ਹੈ, ਸਾਡੇ ਹੱਕ ਦੀ ਗੱਲ ਕਰੇਗਾ।' ਜੇ ਮੰਦਾ ਬੋਲਿਆ ਤਾਂ ਅੱਗੋ ਟੁੱਟੇ ਫ਼ਿਲਮਾਂ ਵਾਲਿਆਂ ਦੇ ਇਕ-ਦੋ ਹੋਰ ਗਰੁੱਪ ਟੁੱਟ ਜਾਣਗੇ ਅਤੇ ਹਰ ਕੋਈ ਮਾਣ ਨਾਲ ਕਹੇਗਾ, 'ਮੈਂ ਕਹਿੰਦਾ ਸੀ ਨਾ ਗੋਡਬੋਲੇ ਤੇ ਇਤਬਾਰ ਨਾ ਕਰੋ, ਇਹ ਕਦੇ ਫ਼ਿਲਮ ਵਾਲਿਆਂ ਦੇ ਹੱਕ ਵਿਚ ਰਿਪੋਰਟ ਨਹੀਂ ਦੇਵੇਗਾ। ਹੋਰ ਲੱਗੋ ਅਮਿਤਾਬ ਦੇ ਪਿੱਛੇ ਤੇ ਲਓ ਸੁਆਦ ਗੋਡਬੋਲੇ ਦਾ।'

ਕਹਿੰਦੇ ਨੇ ਇਹ ਗੋਡਬੋਲੇ ਪੰਦਰਾਂ ਦਸੰਬਰ ਨੂੰ ਬੋਲੇਗਾ। ਮੈਨੂੰ ਇਕ ਫ਼ਿਲਮੀ ਗਾਣਾ ਯਾਦ ਆ ਗਿਆ ਹੈ:—

'ਬਿਛੜੇ ਹੂਏ ਮਿਲੇਂਗੇ ਫਿਰ,
ਕਿਸਮਤ ਨੇ ਅਗਰ ਮਿਲਾ ਦੀਆ।'

ਸੋ ਜਦ ਤੱਕ ਗੋਡਬੋਲੇ ਨਹੀਂ ਬੋਲਦਾ, ਸਾਰੇ ਆਪਣੀ ਆਪਣੀ ਬੋਲੀ ਬੋਲਣਗੇ ਅਤੇ ਅਸਾਂ ਕੁਝ ਵੀ ਨਹੀਂ ਬੋਲਣਾ। ਜਦ ਤੱਕ ਗੋਡਬੋਲੇ ਨਹੀਂ ਬੋਲਦਾ ਅਸੀਂ ਆਪਸ ਵਿਚ ਲੜਾਂਗੇ—ਜਦੋਂ ਉਹ ਬੋਲੇਗਾ, ਸ਼ਾਇਦ ਸਰਕਾਰ ਨਾਲ ਕਿਉਂਕਿ ਸਾਡੀ ਜੰਗ ਅਜੇ ਜਾਰੀ ਹੈ।

## ਨਾਨੀ ਦੋਹਤੀ ਨੂੰ ਦੇਖਣ ਨੂੰ ਉਤਾਵਲੀ

ਇਕ ਫਿਲਮੀ ਨਾਨੀ ਆਪਣੀ ਦੋਹਤੀ ਨੂੰ ਦੇਖਣ ਨੂੰ ਬੜੀ ਉਤਾਵਲੀ ਹੈ। ਸਾਰਿਕਾ ਦੀ ਮਾਂ ਦੁਬਾਰਾ ਸਾਰਿਕਾ ਦੇ ਘਰ ਪਰਤ ਕੇ ਆਪਣੀ ਦੋਹਤੀ ਨਾਲ ਖੇਡਣਾ ਚਾਹੁੰਦੀ ਹੈ। ਕਈ ਸਾਲ ਪਹਿਲਾਂ ਮਾਂ ਨੇ ਸਾਰਿਕਾ ਨੂੰ ਘਰੋਂ ਕੱਢ ਦਿਤਾ ਸੀ। ਉਸ ਨੂੰ ਇਕ ਪੈਸਾ ਵੀ ਨਹੀਂ ਦਿੱਤਾ ਸੀ। ਸਾਰਿਕਾ ਕਈ ਸਾਲ ਕਿਰਾਏ ਦੇ ਮਕਾਨ ਵਿਚ ਰਹਿੰਦੀ ਰਹੀ ਤੇ ਆਟੋ-ਰਿਕਸ਼ਾ ਵਿਚ ਸਫਰ ਕਰਦੀ ਰਹੀ। ਅੱਜ ਸਾਰਿਕਾ ਕੋਲ ਇਕ ਕਰੋੜਪਤੀ 'ਪਤੀ' ਕਮਲ ਹਸਨ ਹੈ ਪਰ ਲੱਗਦਾ ਹੈ ਕਿ ਮਾਂ ਕੋਲ ਸਾਰਿਕਾ ਦਾ ਕਮਾ ਕੇ ਦਿੱਤਾ ਹੋਇਆ ਸਰਮਾਇਆ ਮੁਕ ਗਿਆ ਹੈ। ਕਲ੍ਹ ਤੱਕ ਜਿਹੜੀ ਮਾਂ ਧੀ ਨੂੰ ਗੰਦੀਆਂ ਗਾਲ੍ਹਾਂ ਦਿੰਦੀ ਸੀ, ਅੱਜ ਉਸ ਦੇ ਧੀ ਦੇ ਘਰ ਪਰਤਣ ਦੀ ਲਾਲਸਾ ਤੇ ਹੈਰਾਨੀ ਹੁੰਦੀ ਹੈ। ਉਧਰ ਸਾਰਿਕਾ ਵੀ ਕਿਸੇ ਹਾਲਤ ਵਿਚ ਮਾਂ ਨੂੰ ਵਾਪਸ ਆਪਣੀ ਜ਼ਿੰਦਗੀ ਵਿਚ ਨਹੀਂ ਲਿਆਉਣਾ ਚਾਹੁੰਦੀ। ਉਹ ਕਹਿੰਦੀ ਹੈ ਕਿ ਜਿਸ ਦਿਨ ਮੈਂ ਬੱਚੀ ਨੂੰ ਜਨਮ ਦੇ ਕੇ ਘਰ ਲਿਆਈ ਸੀ, ਕਮਲ ਆਊਟ ਡੋਰ ਤੇ ਬਾਹਰ ਗਿਆ ਹੋਇਆ ਸੀ। ਘਰ ਵਿਚ ਇਕ ਵੀ ਨੌਕਰ ਨਹੀਂ ਸੀ ਤੇ ਉਸ ਬੱਚੀ ਦੇ ਕੱਪੜੇ ਧੋਣ ਤੋਂ ਲੈ ਕੇ ਨਹਾਉਣ-ਧੁਆਉਣ ਤੱਕ ਸਭ ਕੁਝ ਖੁਦ ਕਰਨਾ ਪੈਂਦਾ ਸੀ, ਉਸ ਸਮੇਂ ਤਾਂ ਮਾਂ ਨੂੰ ਉਸ ਦੀ ਕਦੇ ਯਾਦ ਨਹੀਂ ਆਈ। ਹੁਣ ਜਦ ਕਿ ਉਸ ਦੇ ਘਰ ਦੋ ਦੋ ਨੌਕਰ ਹਨ, ਮਾਂ ਵੀ ਵਾਪਸ ਆਉਣਾ ਚਾਹੁੰਦੀ ਹੈ।



ਮੇਹਰ ਮਿੱਤਲ ਤੇ ਜੀਤੂ ਫ਼ਿਲਮ 'ਕੀ ਬਣੂ ਦੁਨੀਆਂ ਦਾ' 'ਚ


■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

# 22 ਪੁਲੀਸ ਅਫਸਰ ਦੋਸ਼ੀ - ਟਿਵਾਣਾ ਕਮਿਸ਼ਨ

ਚੰਡੀਗੜ੍ਹ — ਅਪਰੇਸ਼ਨ ਬਲਿਊ ਸਟਾਰ ਵੇਲੇ ਫੜੇ ਗਏ 90 ਵਿਅਕਤੀਆਂ ਨੂੰ ਲੱਡਾ ਕੋਠੀ ਸੰਗਰੂਰ 'ਚ ਤਸੀਹੇ ਦੇਣ ਲਈ ਟਿਵਾਣਾ ਕਮਿਸ਼ਨ ਨੇ 22 ਪੁਲੀਸ ਅਫਸਰਾਂ ਨੂੰ ਦੋਸ਼ੀ ਠਹਿਰਾਇਆ ਹੈ। ਇਹ ਕੰਮ ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਰਿਟਾਇਰਡ ਜੱਜ ਸੀ. ਐਸ. ਟਿਵਾਣਾ ਨੂੰ ਸੌਂਪਿਆ ਸੀ। ਟਿਵਾਣਾ ਕਮਿਸ਼ਨ ਨੇ ਇਨ੍ਹਾਂ ਪੁਲੀਸ ਅਫਸਰਾਂ ਵਿਰੁੱਧ ਕਾਰਵਾਈ ਕਰਨ ਲਈ ਵੀ ਕਿਹਾ ਹੈ।

ਟਿਵਾਣਾ ਕਮਿਸ਼ਨ ਨੇ ਉਸ ਵੇਲੇ ਦੀ ਪੰਜਾਬ ਸਰਕਾਰ ਨੂੰ ਵੀ ਇਸ ਲਈ ਜ਼ਿੰਮੇਵਾਰ ਠਹਿਰਾਇਆ ਹੈ। 90 ਕੈਦੀਆਂ ਨੂੰ ਦਸ ਹਜ਼ਾਰ ਤੋਂ ਲੈ ਕੇ ਵੀਹ ਹਜ਼ਾਰ ਰੁਪਏ ਤੱਕ ਦੇਣ ਲਈ ਵੀ ਕਿਹਾ ਗਿਆ ਹੈ। ਰਿਪੋਰਟ 'ਚ ਕਿਹਾ ਗਿਆ ਹੈ ਕਿ ਇਹ ਪੈਸਾ ਇਨ੍ਹਾਂ ਪੁਲੀਸ ਅਫਸਰਾਂ ਤੋਂ ਵਸੂਲ ਕਰਨਾ ਚਾਹੀਦਾ ਹੈ।

77 ਸਫਿਆਂ ਦੀ ਇਹ ਰਿਪੋਰਟ ਟਿਵਾਣਾ ਕਮਿਸ਼ਨ ਨੇ ਮਈ 86 'ਚ ਪੇਸ਼ ਕਰ ਦਿੱਤੀ ਸੀ। ਛੇ ਮਹੀਨੇ ਦੇ ਵਿਚ ਵਿਚ ਇਹ ਅਸੰਬਲੀ 'ਚ ਪੇਸ਼ ਕੀਤੀ ਜਾਣੀ ਸੀ। ਇਹ ਮਿਆਦ 30 ਨਵੰਬਰ ਨੂੰ ਲੰਘ ਗਈ ਪਰ ਅਜੇ ਤੱਕ ਇਹ ਰਿਪੋਰਟ ਲੋਕਾਂ ਸਾਹਮਣੇ ਨਹੀਂ ਲਿਆਂਦੀ ਗਈ।

ਰਿਪੋਰਟ 'ਚ ਕਿਹਾ ਗਿਆ ਹੈ ਕਿ 6 ਜੂਨ, 1984 ਨੂੰ ਬਹੁਤ ਸਾਰੇ ਵਿਅਕਤੀ ਦਰਬਾਰ ਸਾਹਿਬ 'ਚੋਂ ਫੜੇ ਗਏ ਪਰ ਉਨ੍ਹਾਂ ਨੂੰ 24 ਘੰਟੇ ਦੇ ਅੰਦਰ ਅੰਦਰ ਮਜਿਸਟਰੇਟ ਸਾਹਮਣੇ ਪੇਸ਼ ਨਹੀਂ ਕੀਤਾ ਗਿਆ ਸਗੋਂ ਐਨ. ਐਸ. ਦੇ ਅਧੀਨ ਨਜ਼ਰਬੰਦ ਕਰ ਦਿਤਾ ਗਿਆ।

ਜਸਟਿਸ ਟਿਵਾਣਾ ਦਾ ਕਹਿਣਾ ਹੈ ਕਿ ਇਨ੍ਹਾਂ ਵਿਅਕਤੀਆਂ 'ਤੇ ਲੱਡਾ ਕੋਠੀ 'ਚ ਤਸ਼ੱਦਦ ਕੀਤੇ ਜਾਣ ਦਾ ਮਤਲਬ ਸੀ ਕਿ ਇਨ੍ਹਾਂ ਨੂੰ ਅਪਰਾਧੀ ਸਾਬਤ ਕੀਤਾ ਜਾਵੇ। ਜਦ ਸਰਕਾਰ ਇਨ੍ਹਾਂ 'ਤੇ ਕੋਈ ਦੋਸ਼ ਸਾਬਤ ਕਰਨ 'ਚ ਫੇਲ ਹੋ ਗਈ ਤਾਂ ਸਰਕਾਰ ਦੇ ਖਿਲਾਫ ਜੰਗ ਛੇੜਣ ਦਾ ਦੋਸ਼ ਲਾ ਦਿੱਤਾ ਗਿਆ।

ਦਸੰਬਰ 1984 'ਚ ਜਸਟਿਸ ਐਸ. ਐਸ. ਸੋਢੀ ਨੇ ਨਾਭਾ ਜੇਲ੍ਹ ਦਾ ਦੌਰਾ ਕੀਤਾ। ਕੈਦੀਆਂ ਨੇ ਦੋਸ਼ ਲਾਇਆ ਕਿ ਉਨ੍ਹਾਂ ਤੇ ਭਾਰੀ ਤਸ਼ੱਦਦ ਕੀਤਾ ਗਿਆ।

ਉਸ ਤੋਂ ਬਾਅਦ ਜਦ ਸਰਕਾਰ ਬਣੀ ਤਾਂ ਗਵਰਨਰ ਦੇ ਸਲਾਹਕਾਰ ਸੁਰੈਣ ਸਿੰਘ ਧਨੋਆ ਨੂੰ ਜਾਂਚ ਕਰਨ ਲਈ ਨਿਯੁਕਤ ਕੀਤਾ ਗਿਆ। ਫਿਰ ਧਨੋਆ ਨੂੰ ਬਦਲ ਦਿਤਾ ਗਿਆ ਅਤੇ ਜਾਂਚ ਦਾ ਕੰਮ ਜਸਟਿਸ ਟਿਵਾਣਾ ਨੂੰ ਸੌਂਪਿਆ ਗਿਆ। ਹਾਈ ਕੋਰਟ ਦੀ ਬੇਨਤੀ 'ਤੇ ਇਸ ਨੂੰ ਕਮਿਸ਼ਨ 'ਚ ਬਦਲ ਦਿਤਾ ਗਿਆ।

ਜਸਟਿਸ ਟਿਵਾਣਾ ਨੇ ਦੋਸ਼ ਲਾਇਆ ਹੈ ਕਿ ਪੰਜਾਬ ਸਰਕਾਰ ਦੇ ਅਫਸਰਾਂ ਨੇ ਜਾਂਚ ਕਰਨ 'ਚ ਸਹਿਯੋਗ ਨਹੀਂ ਦਿਤਾ। ਕਮਿਸ਼ਨ ਅੱਗੇ ਕਿਸੇ ਤਰ੍ਹਾਂ ਦੀ ਗਵਾਹੀ ਵੀ ਪੇਸ਼ ਨਹੀਂ ਕੀਤੀ ਗਈ।

ਕਮਿਸ਼ਨ ਦੀ ਰਿਪੋਰਟ ਅਨੁਸਾਰ ਬੰਦੀਆਂ ਨੂੰ ਨਾਭਾ ਜੇਲ੍ਹ ਤੋਂ ਲੱਡਾ ਕੋਠੀ 'ਚ ਤਬਦੀਲ ਕੀਤੇ ਜਾਣ ਦੀ ਕੋਈ ਤੁੱਕ ਨਹੀਂ ਸੀ। ਪੁੱਛ ਪੜਤਾਲ ਨਾਭਾ ਜੇਲ੍ਹ 'ਚ ਹੀ ਕੀਤੀ ਜਾ ਸਕਦੀ ਸੀ।

90 ਕੈਦੀਆਂ 'ਚੋਂ 60 ਹੁਣ ਵੀ ਜੋਧਪੁਰ ਦੀ ਸੈਂਟਰਲ ਜੇਲ੍ਹ 'ਚ ਬੰਦ ਹਨ। ਬਾਕੀ ਜਾਂ ਤਾਂ ਛੱਡ ਦਿੱਤੇ ਗਏ ਜਾਂ ਪੰਜਾਬ ਦੀਆਂ ਜੇਲ੍ਹਾਂ 'ਚ ਬੰਦ ਹਨ।

ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ 76 ਵਿਅਕਤੀਆਂ ਨੂੰ ਦਸ ਹਜ਼ਾਰ ਰੁਪਏ ਹਰ ਵਿਅਕਤੀ ਮਿਲਣੇ ਚਾਹੀਦੇ ਹਨ। 11 ਨੂੰ 15 ਹਜ਼ਾਰ ਅਤੇ 3 ਨੂੰ 20 ਹਜ਼ਾਰ ਹਰ ਵਿਅਕਤੀ ਮਿਲਣੇ ਚਾਹੀਦੇ ਹਨ।

ਜਸਟਿਸ ਟਿਵਾਣਾ ਨੇ ਹਾਈਕੋਰਟ ਹੈ ਕਿਹਾ ਹੈ ਕਿ ਜੇ ਸਰਕਾਰ ਇਸ ਸਬੰਧੀ ਕੇਸ ਦਰਜ ਨਹੀਂ ਕਰਦੀ ਤਾਂ ਹਾਈਕੋਰਟ ਨੂੰ ਰਿਟ ਪਟੀਸ਼ਨ 'ਤੇ ਗੌਰ ਕਰਨੀ ਚਾਹੀਦੀ ਹੈ।

# ਭਾਰਤੀ ਖਿਡਾਰੀਆਂ ਦੇ ਬਾਹਰ ਜਾਣ 'ਤੇ ਪਾਬੰਦੀ

ਨਵੀਂ ਦਿੱਲੀ — ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਅੰਤਰਰਾਸ਼ਟਰੀ ਖੇਡਾਂ ਵਿਚ ਭਾਰਤ ਦੇ ਖਿਡਾਰੀਆਂ ਦੇ ਹਿਸਾ ਲੈਣ 'ਤੇ ਪਾਬੰਦੀ ਲਾ ਦਿੱਤੀ ਹੈ। ਇਹ ਪਾਬੰਦੀ ਆਰਜ਼ੀ ਤੌਰ 'ਤੇ ਲਾਈ ਗਈ ਹੈ। ਇਸ ਦਾ ਕਾਰਨ ਸਿਉਲ ਵਿਖੇ ਹੋਈਆਂ ਏਸ਼ੀਅਨ ਖੇਡਾਂ 'ਚ ਭਾਰਤ ਦੀ ਮਾੜੀ ਕਾਰਗੁਜ਼ਾਰੀ ਦੱਸਿਆ ਗਿਆ ਹੈ। ਸਿਰਫ ਕਰਿਕਟ ਹੀ ਹੈ ਜਿਸਨੂੰ ਪਾਬੰਦੀ ਤੋਂ ਛੋਟ ਦਿੱਤੀ ਗਈ ਹੈ।

ਬੀਤੇ ਸਤੰਬਰ ਸਿਉਲ ਵਿਖੇ ਹੋਈਆਂ ਏਸ਼ੀਅਨ ਖੇਡਾਂ 'ਚ ਭਾਰਤ ਦੀ ਮਾੜੀ ਹਾਲਤ ਦੀ ਪਾਰਲੀਮੈਂਟ 'ਚ ਵੱਡੇ ਪੱਧਰ 'ਤੇ ਆਲੋਚਨਾ ਹੋਈ ਸੀ। ਪ੍ਰਚਾਰ ਸਾਧਨਾਂ ਤੇ ਵੀ ਇਸ ਨੂੰ ਆੜੇ ਹੱਥੀਂ ਲਿਆ ਸੀ। ਭਾਰਤ ਨੇ ਇਨ੍ਹਾਂ ਖੇਤਰਾਂ 'ਚ ਹਿਸਾ ਲੈਣ ਲਈ 400 ਤੋਂ ਵੀ ਜ਼ਿਆਦਾ ਅਥਲੀਟਾਂ ਦੀ ਫੌਜ ਸਿਉਲ ਭੇਜੀ ਸੀ। ਪਰ ਭਾਰਤ ਨੂੰ ਸੋਨੇ ਦੇ ਸਿਰਫ 5 ਮੈਡਲ ਹੀ ਮਿਲ ਸਕੇ। ਇਹਦੇ ਮੁਕਾਬਲੇ ਵਿਚ ਚੀਨ ਨੇ 80 ਤੋਂ ਵੀ ਜ਼ਿਆਦਾ ਮੈਡਲ ਹਥਿਆ ਲਏ ਸਨ।


SUN FOODS Grocery Store

32032 - Loughheed HWY. Mission B.C.

Ph. 820-1650

ਮਿਸ਼ਨ ਵਿਚ ਭਾਰਤੀ ਗਰੌਸਰੀ ਦਾ ਸਟੋਰ ਜਿੱਥੋਂ ਕਿ ਹਰ ਕਿਸਮ ਦੀ ਭਾਰਤੀ ਗਰੌਸਰੀ ਮਿਲ ਸਕਦੀ ਹੈ ਅਤੇ ਮੂਵੀਆਂ ਵੀ ਮਿਲਦੀਆਂ ਹਨ।



**Matrimonial**

ਪੱਕੇ ਕੰਮ ਤੇ ਲੱਗੇ ਹੋਏ 36 ਸਾਲਾ ਨੌਜਵਾਨ ਲਈ ਲੜਕੀ ਦੀ ਲੋੜ ਹੈ। ਉਸ ਕੋਲ ਆਪਣਾ ਘਰ ਹੈ ਅਤੇ ਤਲਾਕਸ਼ੁਦਾ ਹੈ। ਬਾਕੀ ਸਾਰਾ ਪ੍ਰਵਾਰ ਪੂਰੀ ਤਰ੍ਹਾਂ ਕੈਨੇਡਾ ਵਿਚ ਹੀ ਸੈਟਲ ਹੈ। ਤਲਾਕਸ਼ੁਦਾ ਲੜਕੀ ਬਾਰੇ ਵੀ ਵਿਚਾਰ ਕਰਨ ਦਾ ਹਾਮੀ ਹੈ।

ਹੋਰ ਜਾਣਕਾਰੀ ਲਈ ਇਸ ਪਤੇ ਉਤੇ ਖਤ ਲਿਖ ਸਕਦੇ ਹੋ:

BSM (206)
C/o The Canada Darpan
P.O. BOX 265
Surrey, B.C. V3T 4W8


ਆਪਾਂ ਦੋਹਾਂ ਸਹੁੰ ਖਾਧੀ ਸੀ
ਇਸ਼ਕੇ ਦਾ ਇਜ਼ਹਾਰ ਨਹੀਂ ਕਰਨਾ।
ਇਸ ਹੱਦ ਤਕ ਹੈ ਸੀਮੰਤ ਰਹਿਣਾ
ਤੇ ਉਸ ਹੱਦ ਨੂੰ ਪਾਰ ਨਹੀਂ ਕਰਨਾ।
ਐਪਰ ਰਬ ਨੂੰ ਤਾਂ ਚਾਹੀਦਾ ਸੀ
ਸਾਡੇ ਤੇ ਇਉਂ ਵਾਰ ਨਹੀਂ ਕਰਨਾ।


AIR-INDIA ANNOUNCES INDIA TWO WAYS.

We want to make it as convenient as possible for you to fly Air-India to India. So we suggest you leave any day of the week and choose

1. 
Fly to New York and connect with Air-India's 8:15 nightly departure for Delhi or Bombay.

2. 
Fly to London or Paris and pick up Air-India there.

AIR-INDIA
WE'RE YOUR AIRLINE
See your Travel Agent and make your reservations now.



## ਸਰੀ ਵਿਚ ਤੁਹਾਡੀ ਕਮਿਊਨਿਟੀ ਦਾ ਸਭ ਤੋਂ ਮਸ਼ਹੂਰ ਸਟੋਰ
## ਗਿੱਲ-ਫੋਰਡ-ਫਰਨੀਚਰ




ਪ੍ਰੀ-ਕ੍ਰਿਸਮਿਸ ਸੇਲ ਵਿਚ
ਧੂੰਮ-ਧੁਮਾ ਕੇ ਪੁਜੋ

## ਲਓ ਜੀ

## ਗਿੱਲਫਰਡ ਫਰਨੀਚਰ 'ਤੇ ਚੱਲ ਰਹੀ ਹੈ

# PRE-X-MAS SALE

## ਜੋ ਕਿ ਕ੍ਰਿਸਮਿਸ ਤੱਕ ਬੜੀ ਧੂੰਮ ਧਾਮ ਨਾਲ ਚੱਲੇਗੀ

- ਭੈਣੋ ਅਤੇ ਭਰਾਵੋ ਇਹ ਗੱਲ ਨੋਟ ਕਰ ਲਓ ਕਿ ਗਿੱਲਫਰਡ ਫਰਨੀਚਰ 'ਤੇ ਪ੍ਰੀ-ਕ੍ਰਿਸਮਿਸ ਸੇਲ ਲੱਗ ਗਈ ਹੈ ਜਿਸ ਵਿਚ ਪਿਛਲੀਆਂ ਸਭ ਕੀਮਤਾਂ ਵਾਲੀ ਮਿਸਾਲ ਤੋੜ ਕੇ ਰੱਖ ਦਿਤੀ ਜਾਵੇਗੀ।

### ਖਿਆਲ ਨਾਲ ਪੜ੍ਹੋ

- ਕਿ ਗਿੱਲਫਰਡ ਫਰਨੀਚਰ 'ਤੇ 9 ਪੀਸ ਡਾਇਨਿੰਗ ਸੈੱਟ ਇਕ 1400 ਦਾ ਇਕ 1600 ਦਾ ਇਕ 2000 ਦਾ ਅਤੇ ਬਾਕੀ ਸਾਰੇ ਹੀ ਡਾਇਨਿੰਗ ਸੈੱਟਾਂ ਉਤੇ ਕੀਮਤਾਂ ਵਾਲੀ ਉਹ ਮਿਸਾਲ ਤੋੜੀ ਜਾਵੇਗੀ ਜਿਸਦੀ ਮਿਸਾਲ ਬੀ. ਸੀ. ਦੇ ਕੋਨੇ ਕੋਨੇ ਵਿਚ ਕਿਤੋਂ ਵੀ ਨਹੀਂ ਮਿਲ ਸਕੇਗੀ

### ਧਿਆਨ ਦਿਓ

- ਕਿ ਤਿੰਨ ਪੀਸ ਸੋਫ਼ਾ ਸੈਟ ਕੋਈ 1000 ਦਾ ਕੋਈ 1200 ਦਾ ਕੋਈ 1400 ਦਾ, ਇਸ ਤੋਂ ਇਲਾਵਾ ਸਟੋਰ ਵਿਚ ਪਏ ਸਾਰੇ ਹੀ ਸੋਫਾ ਸੈੱਟ ਮਿਸਾਲ-ਤੋੜ ਕੀਮਤਾਂ ਵਿਚ ਮਿਸਾਲ-ਤੋੜ ਰੰਗਾਂ ਵਿਚ ਉਨ੍ਹਾਂ ਕੀਮਤਾਂ 'ਤੇ ਮਿਲਣਗੇ ਜਿਨ੍ਹਾਂ ਕੀਮਤਾਂ ਦਾ ਕੋਈ ਸੁਪਨਾ ਵੀ ਨਹੀਂ ਲੈ ਸਕਦਾ।

### ਜੀ ਹਾਂ

- ਗਿੱਲਫਰਡ ਫਰਨੀਚਰ 'ਤੇ ਸੌਲਿਡ ਪਾਈਨ ਦੀਆਂ ਬੈੱਡ-ਰੂਮ ਸੁਈਟਾਂ ਵਿਚ ਸਭ ਤੋਂ ਵੱਧ ਸਲੈਕਸ਼ਨ ਅਤੇ ਸੀਲੀ ਦੇ ਮੈਟਰੈਸਾਂ ਉਤੇ ਸਭ ਤੋਂ ਵੱਧ ਸਲੈਕਸ਼ਨ ਅਤੇ ਇਨ੍ਹਾਂ ਦੀਆਂ ਕੀਮਤਾਂ ਵਾਲੀ ਪ੍ਰੀ-ਕ੍ਰਿਸਮਿਸ ਸੇਲ ਕ੍ਰਿਸਮਿਸ ਤੱਕ ਚੱਲੇਗੀ,

### ਆ ਜਾਓ !

Something New!
Ask About Our
GILLFORD
FURNITUREMART
CREDIT CARD
SERVICE
APPLY TODAY.

# GILL-FORD FURNITURE MART

"Better Quality Furnishing at Discount Prices"

Financing Available O.A.C.

Hours: Mon-Fri 10-9. Sat.-Sun. & Holidays 10-6

13442-108th Avenue, Surrey

588-4461